ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 10 | Issue 12 | 18 March 2020 to 24 March 2020 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com


# ਕਰੋਨਾਵਾਇਰਸ: ਵਿਸ਼ਵ ਪੱਧਰ 'ਤੇ ਪੌਣੇ ਦੋ ਲੱਖ ਲੋਕ ਮਹਾਂਮਾਰੀ ਦੀ ਮਾਰ ਹੇਠ



**ਜਨੇਵਾ/ਏ.ਟੀ.ਨਿਊਜ਼ :** ਇਥੇ ਵਿਸ਼ਵ ਸਿਹਤ ਸੰਗਠਨ ਦੇ ਹੈੱਡਕੁਆਰਟਰ 'ਤੇ ਕੋਵਿਡ-19 (ਕਰੋਨਾਵਾਇਰਸ) ਦੇ ਦੋ ਕੇਸ ਸਾਹਮਣੇ ਆਏ ਹਨ। ਇਹ ਦਾਅਵਾ ਸੰਗਠਨ ਦੇ ਇਕ ਬੁਲਾਰੇ ਨੇ ਕੀਤਾ ਹੈ। ਆਲਮੀ ਪੱਧਰ 'ਤੇ ਹੁਣ ਤਕ 1.80 ਲੱਖ ਲੋਕ ਕਰੋਨਾਵਾਇਰਸ ਮਹਾਮਾਰੀ ਦੀ ਮਾਰ ਹੇਠ ਆ ਚੁੱਕੇ ਹਨ ਜਦੋਂਕਿ 145 ਮੁਲਕਾਂ 'ਚ ਸੱਤ ਹਜ਼ਾਰ ਤੋਂ ਵੱਧ ਲੋਕਾਂ ਨੂੰ ਇਸ ਲਾਗ ਕਰ ਕੇ ਜਾਨ ਤੋਂ ਹੱਥ ਧੋਣਾ ਪਿਆ ਹੈ। ਇਰਾਨ ਵਿੱਚ 135 ਸੱਜਰੀਆਂ ਮੌਤਾਂ ਨਾਲ ਕੁੱਲ ਗਿਣਤੀ 988 ਹੋ ਗਈ ਹੈ ਜਦੋਂਕਿ 16 ਹਜ਼ਾਰ ਤੋਂ ਵੱਧ ਲੋਕ ਅਜੇ ਵੀ ਇਸ ਦੀ ਮਾਰ ਹੇਠ ਹਨ। ਫਰਾਂਸ ਨੇ ਕਰੋਨਾਵਾਇਰਸ ਕਰਕੇ ਆਮ ਜਨਜੀਵਨ ਪੂਰੀ ਤਰਾਂ ਠੱਪ ਕਰ ਦਿੱਤਾ ਹੈ। ਫਰਾਂਸੀਸੀ ਰਾਸ਼ਟਰਪਤੀ ਇਮੈਨੂਅਲ ਮੈਕਰੋਂ ਨੇ ਕੋਵਿਡ-19 ਖ਼ਿਲਾਫ਼ ਲੜਾਈ ਨੂੰ 'ਜੰਗ' ਕਰਾਰ ਦਿੱਤਾ ਹੈ। ਸ੍ਰੀਲੰਕਾ ਨੇ ਮੁਲਕ ਵਿੱਚ ਆਉਣ ਵਾਲੀਆਂ ਸਾਰੀਆਂ ਕੌਮਾਂਤਰੀ ਉਡਾਣਾਂ 'ਤੇ ਰੋਕ ਲਾ ਦਿੱਤੀ ਹੈ। ਸ੍ਰੀਲੰਕਾ ਵਿੱਚ ਹੁਣ ਤਕ 29 ਕੇਸ ਸਾਹਮਣੇ ਆਏ ਹਨ। ਫੌਜ ਨੇ ਪੀੜਤਾਂ ਨੂੰ ਵੱਖ ਰੱਖਣ ਲਈ ਬਣਾਏ ਸੈਂਟਰਾਂ ਨੂੰ ਆਪਣੀ ਨਿਗਰਾਨੀ ਅਧੀਨ ਲੈ ਲਿਆ ਹੈ। ਰੂਸ ਦੇ ਉਪ ਪ੍ਰਧਾਨ ਮੰਤਰੀ ਨੇ ਕਰੋਨਾਵਾਇਰਸ ਕਰਕੇ ਆਪਣੀ ਭਾਰਤ ਫੇਰੀ ਰੱਦ ਕਰ ਦਿੱਤੀ ਹੈ। ਇਸ ਦੌਰਾਨ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਨੇ ਕਰੋਨਾਵਾਇਰਸ ਮਹਾਮਾਰੀ ਦੇ ਮੱਦੇਨਜ਼ਰ ਇਸ ਹਫ਼ਤੇ ਹੋਣ ਵਾਲੀਆਂ ਆਪਣੀਆਂ ਦੋ ਮੀਟਿੰਗਾਂ ਰੱਦ ਕਰ ਦਿੱਤੀਆਂ ਹਨ। ਯੂਐੱਨ ਤਰਜਮਾਨ ਸਟੀਫ਼ਨ ਡੁਜਾਰਿਕ ਨੇ ਇਸ ਦੀ ਪੁਸ਼ਟੀ ਕੀਤੀ ਹੈ। ਡਬਲਿਊਐੱਚਓ ਦੇ ਤਰਜਮਾਨ ਕ੍ਰਿਸਚੀਅਨ ਲਿੰਡਮੇਅਰ ਨੇ ਪੱਤਰਕਾਰਾਂ ਨੂੰ ਦੱਸਿਆ, 'ਸਾਡੇ ਦੋ ਸਟਾਫ਼ ਮੈਂਬਰਾਂ ਵਿੱਚ ਕੋਵਿਡ-19 ਦੇ ਲੱਛਣ ਪਾਏ ਗਏ ਹਨ। ਉਹ ਪਿਛਲੇ ਹਫ਼ਤੇ ਵੀਰਵਾਰ ਤੇ ਸ਼ੁੱਕਰਵਾਰ ਨੂੰ ਆਪਣੇ ਘਰ ਗਏ ਸਨ। ਉਨਾਂ ਨੂੰ ਹੋਰਨਾਂ ਨਾਲੋਂ ਅੱਡ ਕਰ ਦਿੱਤਾ ਗਿਆ ਹੈ। ਸਾਨੂੰ ਹਾਲ ਦੀ ਘੜੀ ਟੈਸਟਾਂ ਦੀ ਰਿਪੋਰਟ ਦੀ ਉਡੀਕ ਹੈ। ਫ਼ਿਲਹਾਲ ਸਭ ਕੁਝ ਠੀਕ ਲਗਦਾ ਹੈ।' ਬੁਲਾਰੇ ਨੇ ਸਾਫ਼ ਕਰ ਦਿੱਤਾ ਕਿ ਸੰਗਠਨ ਦਾ ਬਾਕੀ ਸਟਾਫ਼ ਵੱਖਰੇ ਤੌਰ 'ਤੇ ਆਪਣਾ ਕੰਮ ਕਰ ਰਿਹੈ। ਇਸ ਦੌਰਾਨ ਸਵਿਟਜ਼ਰਲੈਂਡ ਵਿੱਚ ਪਿਛਲੇ 24 ਘੰਟਿਆਂ 'ਚ ਕਰੋਨਾਵਾਇਰਸ ਲਾਗ ਨਾਲ ਪੀੜਤਾਂ ਦੀ ਗਿਣਤੀ ਲਗਪਗ ਇਕ ਹਜ਼ਾਰ ਦੇ ਕਰੀਬ ਵਧ ਕੇ 2200 ਹੋ ਗਈ ਹੈ। ਹੁਣ ਤਕ ਦੇਸ਼ ਭਰ ਵਿੱਚ 14 ਮੌਤਾਂ ਹੋਣ ਦੀਆਂ ਰਿਪੋਰਟਾਂ ਹਨ। ਇਸ ਦੌਰਾਨ ਕੈਨੇਡਾ ਨੇ ਗੈਰ-ਨਾਗਰਿਕਾਂ ਲਈ ਆਪਣੇ ਮੁਲਕ ਦੀਆਂ ਸਰਹੱਦਾਂ ਸੀਲ ਕਰ ਦਿੱਤੀਆਂ ਹਨ। ਫਰਾਂਸੀਸੀ ਸਦਰ ਮੈਕਰੋਂ ਨੇ ਕੋਵਿਡ-19 ਖਿਲਾਫ਼ ਲੜਾਈ ਨੂੰ 'ਜੰਗ' ਕਰਾਰ ਦਿੰਦਿਆਂ ਦੇਸ਼ ਦੀ ਆਵਾਮ ਨੂੰ ਅਗਲੇ 15 ਦਿਨਾਂ ਲਈ ਘਰਾਂ 'ਚ ਤੜੇ ਰਹਿਣ ਦੇ ਹੁਕਮ ਦਿੱਤੇ ਹਨ।

## ਰੋ ਖੰਨਾ ਵੱਲੋਂ ਭਾਰਤ ਵਿਚ ਐਨ ਆਰ ਸੀ ਲਾਗੂ ਕਰਨ ਵਿਰੁੱਧ ਚਿਤਾਵਨੀ



**ਸੈਂਟਾ ਕਲਾਰਾ/ਹੁਸਨ ਲੜੋਆ ਬੰਗਾ:** ਸੈਂਟਾ ਕਲਾਰਾ ਯੁਨੀਵਰਸਿਟੀ ਦੇ ਟਾਊਨ ਹਾਲ ਵਿਚ ਸੰਬੋਧਨ ਕਰਦਿਆਂ ਕਾਂਗਰਸਮੈਨ ਰੋ ਖੰਨਾ ਨੇ ਭਾਰਤ ਦੇ ਪ੍ਰਸਤਾਵਿਤ ਨੈਸ਼ਨਲ ਰਜਿਸਟਰ ਆਫ ਸਿਟੀਜ਼ਨਸ਼ਿੱਪ (ਐਨ ਆਰ ਸੀ) ਦੀ ਨਿੰਦਾ ਕੀਤੀ ਤੇ ਚਿਤਾਵਨੀ ਦਿੱਤੀ ਕਿ ਇਸ ਨਾਲ ਮੁਸਲਮਾਨਾਂ ਵਿਰੁੱਧ ਅਸਧਾਰਨ ਭੇਦਭਾਵ ਹੋਵੇਗਾ। ਉਨਾਂ ਕਿਹਾ ਕਿ ਮੈਂ ਨਾਗਰਿਕਤਾ ਸੋਧ ਕਾਨੂੰਨ ਤੇ ਨੈਸ਼ਨਲ ਰਜਿਸਟਰ ਆਫ ਸਿਟੀਜ਼ਨਸ਼ਿੱਪ ਦਾ ਵਿਰੋਧ ਕਰਦਾ ਹਾਂ। ਰੋ ਖੰਨਾ ਨੇ ਕਿਹਾ ਕਿ ਕਿਸੇ ਵੀ ਦੇਸ਼ ਵਿਚ ਅਜਿਹਾ ਰਜਿਸਟਰ ਨਹੀਂ ਹੈ ਜਿਥੇ ਲੋਕਾਂ ਨੂੰ ਇਹ ਕਿਹਾ ਗਿਆ ਹੋਵੇ ਕਿ ਉਹ ਅਜਿਹੇ ਦਸਤਾਵੇਜ਼ ਵਿਖਾਉਣ ਜਿਸ ਤੋਂ ਸਾਬਤ ਹੁੰਦਾ ਹੋਵੇ ਕਿ ਉਹ ਦੇਸ਼ ਦਾ ਹਿੱਸਾ ਹਨ। ਰੋ ਖੰਨਾ ਨੇ ਕਿਹਾ ਕਿ ਮੈਨੂੰ ਡਰ ਹੈ ਕਿ ਕਿਸੇ ਵੀ ਤਰਾਂ ਦੀ ਨੈਸ਼ਨਲ ਰਜਿਸਟਰੀ ਲਾਗੂ ਹੋਣ ਨਾਲ ਭਾਰਤ ਦੇ ਮੁਸਲਮਾਨਾਂ ਨਾਲ ਪੱਖਪਾਤ ਹੋਵੇਗਾ। ਉਨਾਂ ਕਿਹਾ ਕਿ ਮੈਂ ਨਾਗਰਿਕਤਾ ਸੋਧ ਕਾਨੂੰਨ ਦਾ ਵੀ ਵਿਰੋਧ ਕੀਤਾ ਸੀ ਬਿਲਕੁਲ ਉਸੇ ਤਰਾਂ ਜਿਸ ਤਰਾਂ ਮੈਂ ਅਮਰੀਕਾ ਵਿਚ ਲਾਈ ਪਾਬੰਦੀ ਖਿਲਾਫ ਬੋਲਦਿਆਂ ਕਿਹਾ ਸੀ ਕਿ ਤੁਸੀਂ ਧਾਰਮਿਕ ਆਧਾਰ ਉਪਰ ਕਿਸੇ ਨੂੰ ਦੇਸ਼ ਵਿਚ ਆਉਣ ਤੋਂ ਰੋਕ ਨਹੀਂ ਸਕਦੇ। ਉਨਾਂ ਕਿਹਾ ਕਿ ਇਹ ਗਲਤ ਨੀਤੀਆਂ ਹਨ ਜਿਸ ਦਾ ਵਿਰੋਧ ਕੀਤਾ ਜਾਣਾ ਚਾਹੀਦਾ ਹੈ।

# ਕੋਰੋਨਾਵਾਇਰਸ ਦੀ ਆਫਤ ਮੌਕੇ ਗੁਰੂ ਦਾ ਸਿੱਖਾਂ ਨੂੰ ਹੁਕਮ

**- ਸੁਖਵਿੰਦਰ ਸਿੰਘ**

ਕੋਰੋਨਾਵਾਇਰਸ ਨਾਮੀਂ ਬਿਮਾਰੀ ਪੂਰੀ ਦੁਨੀਆ ਵਿਚ ਮਨੁੱਖਾਂ ਨੂੰ ਆਪਣੇ ਪ੍ਰਕੋਪ ਵਿਚ ਲੈ ਰਹੀ ਹੈ। ਵਿਸ਼ਵ ਸਿਹਤ ਸੰਸਥਾ ਇਸ ਨੂੰ ਮਹਾਂਮਾਰੀ ਐਲਾਨ ਚੁੱਕੀ ਹੈ ਅਤੇ ਕਦੇ ਨਾ ਖੜਨ ਵਾਲੀ ਪ੍ਰਤੀਤ ਹੁੰਦੀ ਵਿਗਿਆਨ ਆਸਰੇ ਚਲਦੀ ਦੁਨੀਆ ਡਰੀ ਹੋਈ ਖੜੋ ਗਈ ਹੈ। ਦੁਨੀਆ ਦੇ ਬਹੁਤੇ ਮੁਲਕਾਂ ਨੇ ਤੋਰੇ ਫੇਰੇ 'ਤੇ ਪਾਬੰਦੀਆਂ ਲਾ ਦਿੱਤੀਆਂ ਹਨ। ਅਜਿਹੇ ਹਾਲਾਤਾਂ ਵਿਚ ਦੋ ਆਸਰਿਆਂ ਦੀ ਸਭ ਤੋਂ ਵੱਧ ਲੋੜ ਹੁੰਦੀ ਹੈ। ਇਕ ਅਧਿਆਤਮ ਨਾਲ ਮਨ ਦੀ ਪੱਕਿਆਈ ਦੂਜਾ ਰੋਗੀ ਸ਼ਰੀਰਾਂ ਨੂੰ ਅਰੋਗ ਸ਼ਰੀਰਾਂ ਦਾ ਆਸਰਾ। ਪਰ ਇਹ ਬਿਮਾਰੀ ਅਜਿਹੀ ਹੈ ਜਿੱਥੇ ਅਰੋਗ ਸਰੀਰ ਰੋਗੀਆਂ ਤੋਂ ਦੂਰੀ ਬਣਾ ਰਹੇ ਹਨ ਅਤੇ ਮਨ ਦੀ ਪਕਿਆਈ ਲਈ ਮਨੁੱਖ ਅਧਿਆਤਮ ਤੋਂ ਸੱਖਣਾ ਹੋਇਆ ਪਿਆ ਹੈ। ਅਜਿਹੇ ਬਿਖੜੇ ਸਮੇਂ ਇਸ ਮਨੁੱਖਾ ਜਾਤੀ ਲਈ ਗੁਰੂ ਕੇ ਸਿੱਖਾਂ ਨੂੰ ਗੁਰੂ ਪਾਤਸ਼ਾਹ ਨੇ ਸੇਵਾ ਦਾ ਵੱਡਾ ਹੁਕਮ ਬਖਸ਼ਿਆ ਹੈ। ਸੇਵਾ ਕਰਦਿਆਂ ਆਪਣਾ ਆਪ ਤੱਕ ਕੁਰਬਾਨ ਕਰਨ ਦਾ ਹੁਕਮ ਹੈ। ਅੱਜ ਲੋੜ ਹੈ ਸਮੁੱਚਾ ਸਿੱਖ ਜਗਤ ਆਪਣੀ ਸੁਰਤ ਨੂੰ ਦਿੱਲੀ ਵਿਚ ਲੈ ਕੇ ਜਾਵੇ ਜਦੋਂ ਸੱਤਵੇਂ ਨਾਨਕ ਸੱਚੇ ਪਾਤਸ਼ਾਹ ਗੁਰੂ ਹਰਕ੍ਰਿਸ਼ਨ ਸਾਹਬ ਜੀ ਦਿੱਲੀ ਵਿਚ ਗਏ ਸਨ ਤੇ ਉੱਥੇ ਚੇਚਕ ਦੀ ਮਹਾਂਮਾਰੀ ਫੈਲ ਗਈ ਸੀ। ਗੁਰੂ ਪਾਤਸ਼ਾਹ ਨੇ ਆਪਣੇ ਸਿੱਖਾਂ ਨੂੰ ਨਾਲ ਲੈ ਕੇ ਇਸ ਮਹਾਂਮਾਰੀ ਦੇ ਪੀੜਤਾਂ ਦੀ ਸੇਵਾ ਕੀਤੀ ਤੇ ਅਕਾਲ ਦੀ ਅੰਸ਼ ਇਸ ਮਨੁੱਖਾ ਜਾਤੀ ਦੀ ਸੇਵਾ ਕਰਦਿਆਂ ਖੁਦ ਚੇਚਕ ਦਾ ਭਾਰ ਆਪਣੇ ਸ਼ਰੀਰ 'ਤੇ ਲੈ ਜੋਤੀ ਜੋਤ ਸਮਾ ਗਏ। ਗੁਰੂ ਕਾਲ ਤੋਂ ਰਹਿਤ ਹੈ, ਪਰ ਗੁਰੂ ਪਾਤਸ਼ਾਹ ਨੇ ਦਸ ਜਾਮਿਆਂ ਵਿਚ ਸ਼ਰੀਰਕ ਕਰਮਾਂ ਰਾਹੀਂ ਆਪਣੇ ਸਿੱਖਾਂ ਲਈ ਜ਼ਿੰਦਗੀ ਜ਼ਿਉਣ ਦੀ ਰਹਿਤ ਸਥਾਪਤ ਕੀਤੀ। ਗੁਰੂ ਪਾਤਸ਼ਾਹ ਨੇ ਹਰ ਇਕ ਵਰਤਾਰੇ ਦਾ ਸਿਖਰ ਪ੍ਰਗਟ ਕੀਤਾ। ਗੁਰੂ ਪਾਤਸ਼ਾਹ ਨੇ ਸਿੱਖਾਂ ਨੂੰ ਉਸ ਚੋਜ ਰਾਹੀਂ ਹੁਕਮ ਕੀਤਾ ਕਿ ਰੋਗੀਆਂ ਦੀ ਸੇਵਾ ਕਰਨ ਤੋਂ ਜ਼ਿੰਦਗੀ ਲਾਉਣ ਦੀ ਹੱਦ ਤਕ ਜਾਂਦਿਆਂ ਵੀ ਨਹੀਂ ਝਿਜਕਣਾ। ਜ਼ਿੰਦਗੀ-ਮੌਤ ਅਕਾਲ ਦੇ ਭਾਣੇ ਵਿਚ ਹੈ, ਮਨੁੱਖ ਦਾ ਕਰਮ ਸੇਵਾ ਕਰਨ ਦਾ ਹੈ। ਸਿੱਖ ਸੇਵਾ ਤੋਂ ਮੁਨਕਰ ਨਾ ਹੋਵੇ। ਇਸ ਸੇਵਾ ਦੇ ਸੰਕਲਪ ਦੇ ਹੋਰ ਬਹੁਤ ਝਲਕਾਰੇ ਗੁਰੂ ਕੇ ਸਿੱਖਾਂ ਦੇ ਜੀਵਨ ਵਿਚੋਂ ਵੀ ਮਿਲਦੇ ਹਨ ਜਿਹਨਾਂ ਵਿਚੋਂ ਭਾਈ ਕਨਹੀਆ ਜੀ ਦੀ ਸੇਵਾ ਨੂੰ ਵੀ ਗੁਰੂ ਨੇ ਭਾਗ ਲਾਏ ਹਨ। ਤਾਂ ਸਿੱਖਾਂ ਨੂੰ ਅੱਜ ਇਸ ਬਿਖੜੇ ਸਮੇਂ ਗੁਰੂ ਦੇ ਹੁਕਮ ਨੂੰ ਮੰਨਦਿਆਂ ਪੂਰੀ ਦੁਨੀਆ ਵਿਚ ਫੈਲ ਰਹੀ ਨਕਾਰਾਤਮਿਕਤਾ ਨੂੰ ਤੋੜਦਿਆਂ ਚੜਦੀਕਲਾ ਨਾਲ ਪੀੜਤਾਂ ਦੀ ਸੇਵਾ ਦੇ ਮੈਦਾਨ ਵਿਚ ਆਉਣਾ ਚਾਹੀਦਾ ਹੈ। ਗੱਲ ਭਾਵਨਾ ਲਿਆਉਣ ਦੀ ਹੈ, ਸੇਵਾ ਲਈ ਰਾਹ ਤੁਹਾਨੂੰ ਗੁਰੂ ਪਾਤਸ਼ਾਹ ਆਪ ਦਿਖਾਉਣਗੇ।



















ਮਰਦਮਸ਼ੁਮਾਰੀ
CALIFORNIA FOR ALL
2020

# ਜਨਗਣਨਾ ਹੋਣ ਵਾਲੀ ਹੈ
# ਇਸ ਬਸੰਤ ਵਿੱਚ

ਇਹ ਸੂਚਿਤ ਕਰਨ ਵਿੱਚ ਮਦਦ ਕਰਨ ਲਈ ਅਸੀਂ
ਮਾਰਚ ਦੇ ਅੱਧ ਤੋਂ ਸ਼ੁਰੂ ਕਰਕੇ ਨੌਂ ਅਸਾਨ ਪ੍ਰਸ਼ਨਾਂ ਦੇ ਉੱਤਰ ਦੇ ਸਕਦੇ ਹਾਂ
ਕਿ ਅਗਲੇ 10 ਸਾਲਾਂ ਵਿਚ ਸਾਡੇ ਭਾਈਚਾਰਿਆਂ ਵਿਚ ਪੈਸਾ ਕਿਵੇਂ ਖਰਚਿਆ ਜਾਵੇਗਾ।
ਸਾਰੇ ਜਵਾਬ ਸੁਰੱਖਿਅਤ ਅਤੇ ਗੁਪਤ ਹਨ।

**CaliforniaCensus.org** ‘ਤੇ ਹੋਰ ਜਾਣੋ

# ਗੁਰੂ ਨਾਨਕ ਸਿੱਖ ਟੈਂਪਲ ਸਨਵਾਕੀਨ ਨੂੰ ਮਿਲਿਆ ਇਤਿਹਾਸਕ ਹੋਣ ਦਾ ਮਾਣ

**ਫਰਿਜ਼ਨੋ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ ):** ਗੁਰੂ ਨਾਨਕ ਸਿੱਖ ਟੈਂਪਲ ਸੈਂਟਰਲ ਵੈਲੀ ਕੈਲੀਫੋਰਨੀਆ ਦਾ ਸਭ ਪੁਰਾਣਾ ਅਤੇ ਇਲਾਕੇ ਦਾ ਪਹਿਲਾ ਗੁਰੂਘਰ ਹੈ। ਇਸ ਇਲਾਕੇ ਦੀ ਸਿੱਖ ਸੰਗਤ ਨੇ ਰਲ ਕੇ 1970 ਦੇ ਦਹਾਕੇ ਵਿੱਚ ਗੁਰੂਘਰ ਦੀ ਸਥਾਪਨਾ ਇਕ ਸਟੋਰ ਦੀ ਬਹੁਤ ਵੱਡੀ ਦੋ-ਮੰਜਲਾ ਇਮਾਰਤ ਲੈ ਕੇ ਕੀਤੀ ਸੀ। ਗੁਰਦੁਆਰਾ ਸਾਹਿਬ ਅੱਜ ਤੱਕ ਸੰਗਤਾਂ ਨੂੰ ਸੇਵਾਵਾਂ ਦੇ ਰਿਹਾ ਹੈ। ਸੰਗਤਾਂ ਬੇਸੱਕ ਦੂਰ-ਦੁਰਾਡੇ ਸ਼ਹਿਰਾਂ ਵਿੱਚ ਜਾ ਵਸੀਆਂ, ਪਰ ਆਪਣੇ ਧਾਰਮਿਕ ਕਾਰਜਾਂ ਲਈ ਇੱਥੇ ਆ ਸੇਵਾਵਾ ਨਿਭਾਉਦੀਆਂ ਹਨ। ਇਸ ਗੁਰੂਘਰ ਤੋਂ ਬਾਹਰ ਸਾਹਮਣੇ ਗੁਰੂਘਰ ਵੱਲੋਂ ਬਣਾਇਆ ਗਿਆ 'ਪੰਜਾਬੀ ਕਮਿਊਨਟੀ ਹਾਲ' ਵੀ ਜਿੱਥੇ ਪੰਜਾਬੀ ਭਾਈਚਾਰੇ ਲਈ ਵਿਆਹ ਅਤੇ ਜਨਮ ਦਿਨ ਆਦਿਕ ਦੀਆ ਪਾਰਟੀਆਂ ਤੋਂ ਇਲਾਵਾ ਸਮੁੱਚੇ ਅਮਰੀਕਨ ਅਤੇ ਮੈਕਸੀਕਨ






ਭਾਈਚਾਰੇ ਲਈ ਵੀ ਆਪਣੇ ਦਿਨ ਤਿਉਹਾਰ ਮਨਾਉਣ ਲਈ ਸੇਵਾਵਾ ਪ੍ਰਦਾਨ ਕਰਦਾ ਹੈ। ਪ੍ਰਬੰਧਕਾਂ ਅਨੁਸਾਰ ਗੁਰੂਘਰ ਦੀ ਇਮਾਰਤ ਨੂੰ ਬਣਿਆਂ 100 ਸਾਲ ਤੋਂ ਵਧੀਕ ਸਮਾਂ ਹੋ ਗਿਆ ਹੈ। ਜਦ ਕਿ ਗੁਰੂਘਰ ਸਥਾਪਿਤ ਕੀਤੇ ਨੂੰ 50 ਸਾਲ ਦੇ ਲੱਗਭਗ ਹੋ ਗਏ ਹਨ। ਇਲਾਕੇ ਦੀ ਇਹ ਸਭ ਤੋਂ ਪੁਰਾਣੀ ਇਮਾਰਤ ਹੈ। ਜਿਸ ਦੀ ਆਸਥਾ ਸਿੱਖ ਧਰਮ ਨਾਲ ਜੁੜ ਚੁੱਕੀ ਹੈ। ਸਮੁੱਚੀ ਸਿੱਖ ਸੰਗਤ ਅਤੇ ਇਲਾਕੇ ਦੀਆ ਵੱਖ-ਵੱਖ ਜੱਥੇਬੰਦੀਆ ਦੇ ਸਹਿਯੋਗ ਨਾਲ ਇਸ ਗੁਰੂਘਰ ਨੂੰ ਫਰਿਜ਼ਨੋ ਕਾਊਟੀ ਦੁਆਰਾ ਇਤਿਹਾਸਕ ਗੁਰੂਘਰ ਹੋਣ ਦਾ ਮਾਣ ਦਿੱਤਾ ਗਿਆ ਹੈ। ਜਿਸ ਸੰਬੰਧੀ ਗੁਰੂਘਰ ਨਾਲ ਜੁੜੀਆਂ ਸੰਗਤਾਂ ਨੇ ਖੁਸ਼ੀ ਮਨਾਈ। ਸਮੁੱਚੇ ਕਾਰਜ ਲਈ ਗੁਰੂਘਰ ਦੇ ਪ੍ਰਬੰਧਕ ਅਤੇ ਸਹਿਯੋਗੀ ਵਧਾਈ ਦੇ ਪਾਤਰ ਹਨ।

# ਕਰੋਨਾਵਾਇਰਸ ਕਾਰਨ ਗੁਰਦਵਾਰਾ ਸਿੰਘ ਸਭਾ ਨੇ ਐਤਵਾਰ ਦੇ ਦੀਵਾਨ ਅਤੇ ਵੱਡੇ ਪ੍ਰੋਗਰਾਮ ਕੀਤੇ ਰੱਦ

**ਫਰਿਜ਼ਨੋ (ਨੀਟਾ ਮਾਛੀਕੇ / ਕੁਲਵੰਤ ਧਾਲੀਆਂ):** ਕਰੋਨਾਵਾਇਰਸ ਦੇ ਡਰ ਨੂੰ ਅਤੇ ਸਰਕਾਰੀ ਹਦਾਇਤਾ ਨੂੰ ਮੁੱਖ ਰੱਖਦਿਆਂ ਗੁਰਦਵਾਰਾ ਸਿੰਘ ਸਭਾ ਫਰਿਜ਼ਨੋ ਦੀ ਕਮੇਟੀ ਨੇ ਪਹਿਲ ਕਦਮੀ ਕਰਦਿਆਂ ਸਰਕਾਰ ਦੀਆਂ ਗਾਈਡ ਲਾਈਨਜ਼ ਨੂੰ ਮੁੱਖ ਰੱਖਕੇ ਅਹਿਮ ਫੈਸਲਾ ਲੈਂਦਿਆਂ 16 ਮਾਰਚ ਤੋਂ ਐਤਵਾਰ ਦੇ ਦੀਵਾਨ ਅਤੇ ਲੰਗਰਾਂ ਦੀਆ ਸੇਵਾਵਾਂ ਅਣਮਿਥੇ ਸਮੇਂ ਲਈ ਮੁਅੱਤਲ ਕਰ ਦਿੱਤੀਆ ਹਨ। ਇਸੇ ਤਰਾਂ ਗੁਰੂ ਘਰ ਵਿਖੇ ਚੱਲਦੇ ਪੰਜਾਬੀ ਸਕੂਲ ਦੀਆ ਕਲਾਸਾਂ ਵੀ 16 ਮਾਰਚ ਤੋਂ 20 ਅਪ੍ਰੈਲ ਤੱਕ ਰੱਦ ਕਰ ਦਿੱਤੀਆਂ ਗਈਆਂ ਹਨ। ਗੁਰਮਰਿਯਾਦਾ ਅਨੁਸਾਰ ਸਵੇਰ ਸ਼ਾਮ ਨੂੰ ਹਮੇਸਾ ਵਾਂਗ ਸਰਬੱਤ ਦੇ ਭਲੇ ਦੀ ਅਰਦਾਸ ਹੋਵੇਗੀ। ਆਮ ਸੰਗਤ ਦੇ ਮੱਥਾ ਟੇਕਣ ਲਈ ਗੁਰਦਵਾਰਾ ਸਹਿਬ ਵੀ ਹਮੇਸਾ ਵਾਂਗ ਖੁੱਲਾ ਰਹੇਗਾ। ਇਸੇ ਤਰੀਕੇ ਫਿਊਨਰਲ ਸਰਵਿਸ ਅਤੇ ਵਿਆਹ ਸ਼ਾਦੀਆਂ (ਜਿਹੜੇ ਪਹਿਲਾਂ ਹੀ ਬੁੱਕ ਹਨ ਜਾਂ ਆਉਣ ਵਾਲੇ ਸਮੇਂ ਦੌਰਾਨ ਹੋਣਗੇ) ਲਈ ਵੀ ਸਰਕਾਰੀ ਗਾਈਡ ਲਾਈਨਜ਼ ਮੁਤਾਬਕ 250 ਤੋਂ ਵੱਧ ਬੰਦਿਆ ਦਾ ਇਕੱਠ ਨਾ ਹੋਵੇ 'ਤਾਂ ਗੁਰੂ-ਘਰ ਦੀ ਕਮੇਟੀ ਤੁਹਾਡੇ ਸਹਿਯੋਗ ਲਈ ਧੰਨਵਾਦੀ ਹੋਵੇਗੀ। ਕਮੇਟੀ ਵੱਲੋਂ ਜਾਰੀ ਪ੍ਰੈਸ ਨੋਟ ਰਾਹੀਂ ਉਪਰੋਕਤ ਜਾਣਕਾਰੀ ਸਥਾਨਕ ਪੱਤਰਕਾਰਾਂ ਨਾਲ ਸਾਂਝੀ ਕੀਤੀ ਗਈ। ਇਨਸਾਨੀਅਤ ਦੀ ਭਲਾਈ ਲਈ ਗੁਰੂਘਰ ਦੀ ਕਮੇਟੀ ਦਾ ਇਹ ਫੈਸਲਾ ਸਲਾਹੁਣਯੋਗ ਕਦਮ ਹੈ।

# ਫਰਿਜ਼ਨੋ ਦੇ ਸਕੂਲ ਤੋ ਬਾਅਦ ਪੰਜਾਬੀ ਤੇ ਹੋਰ ਭਾਸ਼ਾਵਾਂ 'ਚ ਕਲਾਸਾਂ ਸ਼ੁਰੂ

**ਫਰਿਜ਼ਨੋ/ਰਾਜ ਗੋਗਨਾ:** ਕੈਲੀਫੋਰਨੀਆ ਰਾਜ ਦੇ ਸ਼ਹਿਰ ਫਰਿਜ਼ਨੋ ਵਿੱਚ ਇਕ ਸਕੂਲ ਤੋਂ ਬਾਅਦ ਦਾ ਪ੍ਰੋਗਰਾਮ ਵਿਦਿਆਰਥੀਆਂ ਨੂੰ ਇਨਾਂ ਵਿੱਚੋਂ ਇਕ ਭਾਸ਼ਾ ਸਿਖਾ ਰਿਹਾ ਹੈ: ਅਰਬੀ, ਪੰਜਾਬੀ, ਸਪੈਨਿਸ਼, ਫ੍ਰੈਂਚ ਜਾਂ ਮਿਕਸਟਕੋ. ਸਟੋਰੀ ਐਲੀਮੈਂਟਰੀ ਸਕੂਲ ਦੀ ਪਹਿਲੀ ਗ੍ਰੇਡਰ ਗੈਬਰੀਲਾ ਹਿਨਾਜੋਸਾ ਅਧਿਆਪਕ ਭਾਰਤੀ ਮੂਲ ਦੀ ਜੋਬਨਪ੍ਰੀਤ ਕੌਰ ਨਾਲ ਸਕੂਲ ਤੋਂ ਬਾਅਦ ਦੇ ਇੱਕ ਪ੍ਰੋਗਰਾਮ ਦੌਰਾਨ ਪੰਜਾਬੀ ਸਿੱਖਣ ਲਈ ਕੰਮ ਕਰਦੀ ਹੈ। ਜੋ ਇੱਕ ਨਵੀਂ ਪਹਿਲਕਦਮੀ ਸਦਕਾ, ਫਰਿਜ਼ਨੋ, ਕੈਲੀਫੋਰਨੀਆ ਵਿੱਚ ਵਿਦਿਆਰਥੀਆਂ ਨੂੰ ਪੰਜਾਬੀ ਸਮੇਤ ਵਿਸ਼ਵ ਵਿਆਪੀ ਭਾਸ਼ਾਵਾਂ ਸਿੱਖਣ ਦਾ ਮੌਕਾ ਮਿਲ ਰਿਹਾ ਹੈ।ਫਰਿਜ਼ਨੋ ਯੂਨੀਫਾਈਡ ਸਕੂਲ ਡਿਸਟ੍ਰਿਕਟ ਨੇ ਗਲੋਬਲ ਕੈਲੀਫੋਰਨੀਆ ਨੇ ਪਹਿਲ ਦੇ ਅਧਾਰ ਤੇ ਸਕੂਲ ਤੋਂ ਬਾਅਦ ਦਾ ਇਹ ਨਵਾਂ ਪ੍ਰੋਗਰਾਮ ਸ਼ੁਰੂ ਕੀਤਾ ਹੈ। ਇਹ ਵਿਦਿਆਰਥੀਆਂ ਨੂੰ ਅਰਬੀ, ਪੰਜਾਬੀ, ਸਪੈਨਿਸ਼, ਫ੍ਰੈਂਚ ਤੇ ਮਿਕਸੀਕਣ ਸਿੱਖਣ ਦਾ ਮੌਕਾ ਦਿੰਦਾ ਹੈ।



ਪਹਿਲ ਕਦਮੀਆਂ ਦੁਆਰਾ ਕੈਲੀਫੋਰਨੀਆ ਦੇ ਸਿੱਖਿਆ ਵਿਭਾਗ ਦਾ ਮਿਸ਼ਨ, ਐਫਯੂਐਸਡੀ ਦੀ ਇਕ ਪ੍ਰਕਾਸ਼ਨ, ਅਨੁਸਾਰ, ਵਿਦਿਆਰਥੀਆਂ ਨੂੰ ਵਿਸ਼ਵ ਭਾਸ਼ਾ ਦੇ ਹੁਨਰ ਅਤੇ ਅੰਤਰ-ਸਭਿਆਚਾਰਕ ਯੋਗਤਾਵਾਂ ਨਾਲ ਲੈਸ ਕਰਨ ਲਈ, ਸਭਿਆਚਾਰਾਂ ਦੇ ਅਮੀਰ ਅਤੇ ਵਿਭਿੰਨ ਮਿਸ਼ਰਣ ਦੀ ਬਿਹਤਰ ਕਦਰ ਕਰਨ ਅਤੇ ਵਧੇਰੇ ਪੂਰੀ ਤਰਾਂ ਜਾਗਰੂਕ ਹੋਣ ਲਈ ਹੈ।ਕੈਲੀਫੋਰਨੀਆ ਅਤੇ ਦੁਨੀਆ ਵਿਚ ਵਿਰਾਸਤ ਅਤੇ ਭਾਸ਼ਾਵਾਂ, ਜਦ ਕਿ ਉਨਾਂ ਨੂੰ ਵਿਸ਼ਵਵਿਆਪੀ ਆਰਥਿਕਤਾ ਵਿਚ ਸਫਲ ਹੋਣ ਲਈ ਵੀ ਤਿਆਰ ਕਰਦੇ ਹਨ।ਇਸ ਵੇਲੇ, ਭਾਸ਼ਾਵਾਂ ਪੰਜ ਐਲੀਮੈਂਟਰੀ ਸਕੂਲਾਂ ਵਿਚ ਸਿਖਾਈਆਂ ਜਾਂਦੀਆਂ ਹਨ, ਹਰੇਕ ਸਕੂਲ ਵਿਚ ਇਕ ਭਾਸ਼ਾ ਸਿਖਾਈ ਜਾਂਦੀ ਹੈ।ਫਰਿਜ਼ਨੋ ਯੂਨੀਫਾਈਡ ਦੇ ਸ਼ੁਰੂਆਤੀ ਪੜਾਅ ਲਈ, ਵਿਨਲੈਂਡ ਐਲੀਮੈਂਟਰੀ ਸਕੂਲ ਵਿਖੇ ਪੰਜਾਬੀ, ਅਸਟਾਮ ਐਲੀਮੈਂਟਰੀ ਸਕੂਲ ਵਿਖੇ ਸਪੈਨਿਸ਼, ਹਿੱਟਨ ਐਲੀਮੈਂਟਰੀ ਸਕੂਲ ਵਿਖੇ ਫ੍ਰੈਂਚ ਅਤੇ ਹਿਡਲਗੋ ਐਲੀਮੈਂਟਰੀ ਸਕੂਲ ਵਿੱਚ ਮਿਕਸੀਕਨ ਅਤੇ ਅਰਬੀ ਸਿਖਾਈ ਜਾਂਦੀ ਹੈ।

ਅਸੀਂ ਉਨਾਂ ਪ੍ਰੋਗਰਾਮਾਂ ਨੂੰ ਵਿਕਸਤ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ ਜੋ ਬੱਚਿਆਂ ਲਈ ਅਨੰਦਦਾਇਕ ਹਨ ਅਤੇ ਜਿੱਥੇ ਉਨਾਂ ਦੇ ਵਿਚਾਰ ਦੀ ਭਾਵਨਾ ਪੈਦਾ ਹੁੰਦੀ ਹੈ ।ਅੰਗ੍ਰੇਜ਼ੀ ਤੋਂ ਇਲਾਵਾ ਹੋਰ ਭਾਸ਼ਾਵਾਂ ਨੂੰ ਜਾਣਨਾ ਸੱਚਮੁੱਚ ਬਹੁਤ ਵਧੀਆ ਹੈ।ਫਰਿਜ਼ਨੋ ਯੂਨੀਫਾਈਡ ਸਕੂਲ ਡਿਸਟ੍ਰਿਕਟ ਦੇ ਅਧਿਕਾਰੀ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਹੈ।ਸਕੂਲ ਪ੍ਰਕਾਸ਼ਨ ਦੇ ਅਨੁਸਾਰ ਪਹਿਲ ਦੇ ਰਾਜ ਦੇ ਟੀਚੇ, ਜੋ ਕਿ ਬਿਲੀਟਰੇਸੀ ਦੀ ਮੋਹਰ ਕਮਾਉਣ ਵਾਲੇ, ਦੋ ਭਾਸ਼ੀ ਪ੍ਰੋਗਰਾਮਾਂ ਦੀ ਗਿਣਤੀ ਨੂੰ ਚੌਗੁਣਾ ਕਰਨ, 100 ਰਾਜ-ਦੁਆਰਾ ਪ੍ਰਵਾਨਿਤ ਦੋਭਾਸ਼ੀ ਅਧਿਆਪਕਾ ਦੀ ਤਿਆਰੀ ਪ੍ਰੋਗਰਾਮ ਨੂੰ ਸਥਾਪਤ ਕਰਨ ਅਤੇ ਅਧਿਆਪਕਾਂ ਦੀ ਸੰਖਿਆ ਦੀ ਦੁੱਗਣੀ ਕਰਨ ਦੀ ਹੈ।

Affordable and Reliable
Legal Document Preparation



- Wills & Trusts ਵਸੀਅਤਾਂ
- Immigration ਇਮੀਗਰੇਸ਼ਨ
- Power of Attorney ਮੁਖਤਿਆਰਨਾਮਾ
- Affidavits ਐਫੀਡੈਵਿਟ
- Grant Deeds ਗਰਾਂਟ ਡੀਡਜ਼

510-648-5554
dolly@worryfreelegaldocs.com
www.worryfreelegaldocs.com
Not an Attorney
Dolly (Sarvinder Kaur)
35672 Terrace Drive, Fremont, CA 94536 and
39803 Paseo Padre Pkwy, Ste A, Fremont, CA 94538
Paralegal and Regd. & Bonded LDA# 154, Alameda County

Homeopathicvibes
We treat Acute and chronic diseases like Asthma, Allergies, Mood swings, Migraine, Anxiety,Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....



Now we have two locations :
940, E. El Camino Real, Sunnyvale, CA 94087
Office : (408) 737-7100 Fax: (408) 737-7102
39039 Paseo Padre Pkwy Suite #209 (upstairs) Fremont CA 94538
www.homeopathicvibes.com
We sell and ship homeopathic remedies through out North America.
ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ
Harminder Singh Gill D.H.M.S;B.C.I.H
(Ex Homeopathic Medical officer Punjab Govt.)

# ਕੁਈਨਜ਼ ਬਿਜ਼ਨਸ ਦੇ ਮਾਲਕ ਤੇ ਮੁਲਾਜ਼ਮਾਂ ਦੇ 1.5 ਮਿਲੀਅਨ ਡਾਲਰ ਤਨਖਾਹਾਂ ਦੇ ਗਬਨ ਦਾ ਦੋਸ਼

## ਸਕੂਲਾਂ ਨੂੰ ਅਪਗ੍ਰੇਡ ਕਰਨ ਲਈ ਦਿੱਤੇ ਠੇਕਿਆਂ ਵਿਚੋਂ ਮੁਲਾਜ਼ਮਾਂ ਨਾਲ ਧੋਖਾਧੜੀ

**ਨਿਊਯਾਰਕ/ਏ.ਟੀ.ਨਿਊਜ਼ :** ਕੁਈਨਜ਼ ਡਿਸਟ੍ਰਿਕਟ ਅਟਾਰਨੀ ਮੈਲਿੰਡਾ ਕਾਟਜ਼ ਦੇ ਨਾਲ ਨਿਊਯਾਰਕ ਸਿਟੀ ਜਾਂਚ ਕਮਿਸ਼ਨਰ ਮਾਰਗਰੇਟ ਗਾਰਨੈਟ ਦੇ ਵਿਭਾਗ ਨੇ ਬੀਤੇ ਦਿਨੀਂ ਐਲਾਨ ਕੀਤਾ ਕਿ ਕੁਈਨਜ਼ ਕਾਊਂਟੀ ਦੀ ਗ੍ਰੈਂਡ ਜਿਊਰੀ ਨੇ ਇਥੋਂ ਦੇ ਇੱਕ ਕਾਰੋਬਾਰੀ ਮਾਲਕ ਅਤੇ ਉਸਦੀ ਕੰਪਨੀ ਲੇਜ਼ਰ ਇਲੈਕਟ੍ਰੀਕਲ ਕਾਂਟ੍ਰੈਕਟਿੰਗ ਇੰਕ ਉਪਰ ਨਿਊਯਾਰਕ ਸਿਟੀ ਪਬਲਿਕ ਸਕੂਲਜ਼ ਵਿਚ ਜਨਤਕ ਕੰਮਾਂ ਦੇ ਪ੍ਰੋਜੈਕਟਾਂ 'ਤੇ ਲਗਾਏ ਗਏ ਕਾਮਿਆਂ ਨੂੰ ਤਨਖਾਹਾਂ ਦੇਣ ਵਿਚ ਅਸਫਲ ਰਹਿਣ, ਫਰਾਡ ਕਰਨ ਅਤੇ ਘੱਟ ਮਿਹਨਤਾਨੇਦੇਣ ਵਰਗੇ ਹੋਰ ਅਪਰਾਧਾਂ ਲਈ ਮਾਮਲਾ ਦਰਜ ਕੀਤਾ ਹੈ। ਸਾਲ 2014 ਤੋਂ 2018 ਤੱਕ ਮੁਲਜ਼ਮ ਕੰਪਨੀ ਨੇ ਨਿਊਯਾਰਕ ਸਿਟੀ ਸਕੂਲ ਕੰਸਟ੍ਰਕਸ਼ਨ ਅਥਾਰਿਟੀ ਅਤੇ ਨਿਊਯਾਰਕ ਸਿਟੀ ਸਿੱਖਿਆ ਵਿਭਾਗ ਨਾਲ ਸ਼ਹਿਰ ਦੇਸਕੂਲਾਂ ਵਿਚ ਬਿਜਲੀ ਦੇ ਕੰਮਾਂ ਨੂੰ ਕਰਨ ਲਈ ਕਰੋੜਾਂ ਡਾਲਰ ਦਾ ਠੇਕਾ ਕੀਤਾ ਸੀ।

ਡਿਸਟ੍ਰਿਕਟ ਅਟਾਰਨੀ ਕਾਟਜ਼ ਨੇ ਦੱਸਿਆ ਕਿ ਇਸ ਵਪਾਰਕ ਮਾਲਕ ਨੇ ਕਥਿਤ ਤੌਰ 'ਤੇ 1.5 ਮਿਲੀਅਨ ਡਾਲਰ ਤੋਂ ਵੱਧ ਦਾ ਮਿਹਨਤੀ ਕਰਮਚਾਰੀਆਂ ਦਾ ਮਿਹਨਤਾਨਾ ਹੜੱਪ ਕਰ ਲਿਆ ਹੈ। ਸ਼ੁਕਰ ਹੈ ਕਿ ਕਾਫੀ ਗਿਣਤੀ ਵਿਚ ਕਰਮਚਾਰੀ ਇਸ ਭ੍ਰਿਸ਼ਟਾਚਾਰ ਦੀ ਰਿਪੋਰਟ ਕਰਨ ਲਈ ਅੱਗੇ ਆਏਅਤੇ ਮਾਮਲੇ ਦੀ ਜਾਂਚ ਕੀਤੀ ਗਈ ਅਤੇ ਪਾਇਆ ਗਿਆ ਕਿ ਕੁੱਲ 11 ਕਾਮਿਆਂ ਨਾਲ ਕਥਿਤ ਤੌਰ 'ਤੇ ਧੋਖਾਧੜੀ ਹੋਈ ਹੈ। ਮੁਲਜ਼ਮ ਨੂੰ ਇਸ ਕਥਿਤ ਭ੍ਰਿਸ਼ਟਾਚਾਰ ਲਈ ਜ਼ਿੰਮੇਵਾਰ ਠਹਿਰਾਇਆ ਜਾਵੇਗਾ। ਕਮਿਸ਼ਨਰ ਗਾਰਨੈਟ ਨੇ ਦੱਸਿਆ ਕਿ ਸਰਕਾਰੀ ਪ੍ਰੋਜੈਕਟਾਂ ਉਪਰ ਕੰਮ ਕਰਨ ਵਾਲੇ ਕਾਮਿਆਂ ਦੀ ਕਿਰਤ ਲਈ ਉਨਾਂ ਨੂੰ ਢੁੱਕਵਾਂ ਮੁਆਵਜ਼ਾ ਮਿਲਣਾ ਚਾਹੀਦਾ ਹੈ ਅਤੇ ਲਾਗੂ ਦਰਾਂ 'ਤੇ ਮਿਹਨਤਾਨੇ ਦੀ ਅਦਾਇਗੀ ਹੋਣੀ ਚਾਹੀਦੀ ਹੈ। ਇਨਾਂ ਮੁਲਜ਼ਮਾਂ ਨੇ ਵੱਖ-ਵੱਖ ਸਕੀਮਾਂ ਰਾਹੀਂ ਕਰਮਚਾਰੀਆਂ ਨੂੰ ਘਟ ਅਦਾਇਗੀ ਕੀਤੀ ਹੈ, ਜਿਨਾਂ ਵਿਚ ਘੰਟਿਆਂ ਦੀ ਦਰ 'ਤੇ ਅਦਾਇਗੀ ਦੀ ਝੂਠੀ ਪ੍ਰਕਿਰਿਆ, ਲਾਭ ਦੇਣ ਵਿਚ ਅਸਫਲ ਰਹਿਣਾ ਅਤੇ ਨਿਊਯਾਰਕ ਸਿਟੀ ਸਕੂਲ ਕੰਸਟ੍ਰਕਸ਼ਨ ਅਥਾਰਿਟੀ ਅਤੇ ਸਿਟੀ ਸਿੱਖਿਆ ਵਿਭਾਗ ਨੂੰ ਫਰਜ਼ੀ ਤਨਖਾਹ ਸਲਿੱਪਾਂ ਪੇਸ਼ ਕਰਨ ਵਰਗੀਆਂ ਸਕੀਮਾਂ ਸ਼ਾਮਲ ਹਨ। ਇਸ ਦੇ ਸਿਟੇ ਵਜੋਂ ਕਾਮਿਆਂ ਦੇ ਮਿਹਨਤਾਨੇ ਵਿਚੋਂ 1.5 ਮਿਲੀਅਨ ਡਾਲਰ ਨਾਲੋਂ ਵਧ ਦੀ ਚੋਰੀ ਕੀਤੀ ਗਈ ਹੈ। ਇਹ ਦਾਅਵਾ ਕਰਮਚਾਰੀਆਂ ਵੱਲੋਂ ਲਾਏ ਦੋਸ਼ਾਂ ਅਤੇ ਅਦਾਲਤ ਵਿਚ ਪੇਸ਼ ਕੀਤੇ ਦਸਤਾਵੇਜ਼ਾਂ ਵਿਚ ਕੀਤਾ ਗਿਆ ਹੈ। ਇਹ ਇੱਕ ਅਪਰਾਧਕ ਵਤੀਰਾ ਹੈ ਜੋ ਕਿ ਸਰਕਾਰ ਲਈ ਇੱਕ ਤਰਜੀਹੀ ਮੁੱਦਾ ਹੈ ਕਿਉਂਕਿ ਇਸ ਵਿਚ ਕਾਮਿਆਂ ਦਾ ਸ਼ੋਸ਼ਣ ਹੋਇਆ ਅਤੇ ਸਰਕਾਰੀ ਪੈਸਾ ਬਰਬਾਦ ਹੋਇਆ ਹੈ, ਇਸ ਨਾਲ ਉਨਾਂ ਮੁਕਾਬਲੇ ਦੇ ਕਾਰੋਬਾਰਾਂ ਨੂੰ ਨੁਕਸਾਨ ਹੁੰਦਾ ਹੈ ਜੋ ਨਿਯਮ ਅਤੇ ਸ਼ਰਤਾਂ ਪੂਰੀਆਂ ਕਰਦੇ ਹਨ। ਡੀਓਆਈ ਇਸ ਮਾਮਲੇ ਵਿਚ ਕੁਈਨਜ਼ ਡਿਸਟ੍ਰਿਕਟ ਅਟਾਰਨੀ ਦਫ਼ਤਰ ਵੱਲੋਂ ਸਰਗਰਮੀ ਨਾਲ ਭਾਗ ਲੈਣ 'ਤੇ ਉਨਾਂ ਦਾ ਧੰਨਵਾਦ ਕਰਦਾ ਹੈ। ਡਿਸਟ੍ਰਿਕਟ ਅਟਾਰਨੀ ਦੇ ਦਫ਼ਤਰ ਨੇ ਮੁਲਜ਼ਮ ਦੀ ਪਛਾਣ ਜਗਦੀਪ ਦਿਓਲ ਵਜੋਂ ਕੀਤੀ ਹੈ, ਜੋ ਕਿ 36 ਸਾਲ ਦੇ ਹਨ ਅਤੇ 262ਵੀਂ ਸਟ੍ਰੀਟ ਗਲੈਨ ਓਕਸ, ਕੁਈਨਜ਼ ਦੇ ਵਾਸੀ ਹਨ ਅਤੇ ਉਨਾਂ ਦੀ ਕੰਪਨੀ ਦਾ ਨਾਮ ਲੇਜ਼ਰ ਇਲੈਕਟ੍ਰੀਕਲ ਕਾਨਟ੍ਰੈਕਿਟਿੰਗ ਇੰਕ ਹੈ। ਮੁਲਜ਼ਮ ਉਪਰ ਦੂਜੇ ਦਰਜੇ ਦੀ ਧੋਖਾਧੜੀ ਦੇ ਦੋਸ਼ ਲਗਾਏ ਗਏ ਹਨ। ਜਿਸ ਦੇ ਤਹਿਤ ਦੱਸਿਆ ਗਿਆ ਹੈ ਕਿ ਉਹ ਲਾਗੂ ਦਰਾਂ 'ਤੇ ਮਿਹਨਤਾਨਾ ਦੇਣ ਵਿਚ ਅਸਫਲ ਰਹੇ ਹਨ। ਇਸ ਦੇ ਨਾਲ ਹੀ ਫਰਜ਼ੀ ਸਕੀਮਾਂ ਘੜ ਕੇ ਧੋਖਾਧੜੀ ਕਰਨ ਦੇ ਪਹਿਲੇ ਦਰਜੇ ਦੇ ਦੋਸ਼ ਲਗਾਏ ਗਏ ਹਨ। ਮੁਲਜ਼ਮ ਨੂੰ ਕੁਈਨਜ਼ ਸੁਪਰੀਮ ਕੋਰਟ ਦੇ ਮਾਨਯੋਗ ਜੱਜ ਜਸਟਿਸ ਬੈਰੀ ਐਸ ਕਰੋਨ ਕੋਲ ਪੇਸ਼ ਕੀਤਾ ਗਿਆ। ਜਿਨਾਂ ਨੇ ਮੁਲਜ਼ਮ ਨੂੰ 6 ਅਪ੍ਰੈਲ ਨੂੰ ਦੁਬਾਰਾ ਪੇਸ਼ ਕਰਨ ਦਾ ਹੁਕਮ ਦਿੱਤਾ ਹੈ। ਜੇਕਰ ਮੁਲਜ਼ਮ ਦੇ ਦੋਸ਼ ਸਾਬਤ ਹੋ ਗਏ ਤਾਂ ਉਸ ਨੂੰ ਘੱਟੋ ਘੱਟ 15 ਸਾਲ ਦੀ ਜੇਲ ਹੋ ਸਕਦੀ ਹੈ।

# ਭਾਰਤ ਤੇ ਪਾਕਿਸਤਾਨ ਦੇ ਸੰਬੰਧਾਂ ਵਿੱਚ ਬੇਹਤਰੀ ਲਈ ਭਾਰਤ ਪਹਿਲ ਕਦਮੀ ਕਰੇ : ਫੁਵਾਦ ਚੌਧਰੀ

**ਵਾਸ਼ਿੰਗਟਨ ਡੀ.ਸੀ/ਰਾਜ ਗੋਗਨਾ:** ਪਾਕਿਸਤਾਨ ਦੇ ਫੈਡਰਲ ਸਾਇੰਸ ਤੇ ਟੈਕਨਾਲੌਜੀ ਮੰਤਰੀ ਫੁਵਾਦ ਚੌਧਰੀ ਨੇ ਸੈਂਟਰ ਫਾਰ ਸੋਸ਼ਲ ਚੇਂਜ ਨਾਂ ਦੀ ਮੈਰੀਲੈਂਡ ਦੀ ਸੰਸਥਾ ਦਾ ਦੌਰਾ ਕੀਤਾ। ਜਿੱਥੇ ਉਨਾਂ ਅਮਰੀਕਾ ਮਾਡਲ ਜੋ ਜੱਸੀ ਅਤੇ ਸਾਜਿਦ ਤਰਾਰ ਸੀਨੀਅਰ ਸਿਟੀਜ਼ਨ ਅਤੇ ਗਰੁੱਪ ਹੋਮ ਚਲਾ ਰਹੇ ਹਨ। ਇਕ ਪ੍ਰੈੱਸ ਕਾਨਫਰੰਸ ਦੌਰਾਨ ਉਹਨਾਂ ਦੱਸਿਆ ਕਿ ਸੈਨਫਰਾਂਸਿਸਕੋ ਕੈਲੀਫੋਰਨੀਆ ਚ'ਪੰਜ ਹਜ਼ਾਰ ਤੋਂ ਉੱਪਰ ਪਾਕਿਸਤਾਨ ਸਾਇੰਸਦਾਨ ਚੰਗੀਆ-ਚੰਗੀਆ ਪੋਸਟਾਂ ਤੇ ਕੰਮ ਕਰ ਰਹੇ ਹਨ। ਉਨਾਂ ਵਲੋਂ ਚਲਾਈ ਜਾ ਰਹੀ ਤਕਨੀਕ ਨੂੰ ਵੀ ਪਾਕਿਸਤਾਨ ਵਿਖੇ ਸ਼ਾਮਲ ਕਰਨ ਸਬੰਧੀ ਕਿਹਾ। ਉਹਨਾਂ ਕਿਹਾ ਕਿ ਚੀਨ ਅਤੇ ਅਮਰੀਕਾ ਵੱਲੋਂ ਪਾਕਿਸਤਾਨ ਵਿੱਚ ਬਿਜ਼ਨਸ ਨੂੰ ਸਾਇੰਸ ਦੇ ਰਾਹੀਂ ਉਭਾਰਿਆ ਜਾਵੇਗਾ ਤਾਂ ਜੋ ਵਪਾਰਕ ਵਸਤਾਂ ਨੂੰ ਪੂਰੇ ਸੰਸਾਰ ਵਿੱਚ ਵੇਚਿਆ ਜਾ ਸਕੇ।ਸਿੱਖਸ ਆਫ ਅਮਰੀਕਾ ਦਾ ਇੱਕ ਵਫਦ ਸ:ਜਸਦੀਪ ਸਿੰਘ ਜੱਸੀ ਚੇਅਰਮੈਨ ਸਿੱਖਸ ਆਫ ਅਮਰੀਕਾ ਦੀ ਅਗਵਾਈ ਵਿੱਚ ਫੁਵਾਦ ਚੌਧਰੀ ਨੂੰ ਮਿਲਿਆ। ਜਿਸ ਵਿੱਚ ਡਾ. ਸੁਰਿੰਦਰ ਸਿੰਘ ਗਿੱਲ ਅਤੇ ਬਲਜਿੰਦਰ ਸਿੰਘ ਸ਼ੰਮੀ ਡਾਇਰੈਕਟਰ ਸਿੱਖਸ ਆਫ ਅਮਰੀਕਾ ਸ਼ਾਮਲ ਹੋਏ। ਇਹਨਾਂ ਵੱਲੋਂ ਭਾਰਤ-ਪਾਕਿ ਦੇ ਸਬੰਧ ਬਿਹਤਰ ਕਰਨ ਲਈ ਜ਼ੋਰ ਦਿੱਤਾ। ਜਿਸ ਨੂੰ ਚੌਧਰੀ ਸਾਹਿਬ ਨੇ ਕਿਹਾ ਕਿ ਪਾਕਿਸਤਾਨ ਹਮੇਸ਼ਾ ਬਿਹਤਰੀ ਵੱਲ ਕਦਮ ਵਧਾ ਰਿਹਾ ਹੈ। ਉਹਨਾਂ ਕਿਹਾ ਕਿ ਮੈਨੂੰ ਖੁਸ਼ੀ ਹੈ ਕਿ ਭਾਰਤੀ-ਅਮਰੀਕਨਾਂ ਵਲੋਂ ਇਸ ਮੁੱਦੇ ਤੇ ਚਰਚਾ




ਕੀਤੀ ਗਈ। ਉਹਨਾਂ ਕਿਹਾ ਅਸੀਂ ਹਮੇਸ਼ਾ ਹੀ ਭਾਰਤੀ ਸਬੰਧਾਂ ਦੀ ਬਿਹਤਰੀ ਲਈ ਲੋਚਦੇ ਹਾਂ। ਦੂਜੇ ਸਵਾਲ ਦੇ ਜਵਾਬ ਵਿੱਚ ਫਵਾਦ ਚੌਧਰੀ ਨੇ ਕਿਹਾ ਕਿ ਕਰਤਾਰਪੁਰ ਕੋਰੀਡੋਰ ਰਸਤੇ ਰਾਹੀਂ ਜਾਣ ਵਾਲਿਆਂ ਲਈ ਪਾਸਪੋਰਟ ਦੀ ਸ਼ਰਤ ਹਟਾਈ ਗਈ ਹੈ। ਉਹਨਾਂ ਕਿਹਾ ਕਿ ਇਹ ਕੋਈ ਬਾਰਡਰ ਵਾਲੀ ਸ਼ਰਤ ਨਹੀਂ ਹੈ। ਇਹ ਤਾਂ ਕੇਵਲ ਧਾਰਮਿਕ ਸਥਾਨ ਦੇ ਦਰਸ਼ਨਾਂ ਲਈ ਰਸਤਾ ਹੈ। ਜਿੱਥੋਂ ਹਰ ਨਾਨਕ ਨਾਮ ਲੇਵਾ ਸੰਗਤਾਂ ਦਰਸ਼ਨਾਂ ਲਈ ਜਾ ਸਕਦੀਆਂ ਹਨ।ਅਤੇ ਭਾਰਤ ਨੂੰ ਵੀ ਪਾਸਪੋਰਟ ਸ਼ਰਤ ਖਤਮ ਕਰਕੇ ਕੇਵਲ ਪਹਿਚਾਣ ਵਜੋਂ ਅਧਾਰ ਕਾਰਡ ਜਾਂ ਪਹਿਚਾਣ ਪੱਤਰ ਦੀ ਸ਼ਰਤ ਰੱਖਣੀ ਚਾਹੀਦੀ ਹੈ। ਤਾਂ ਜੋ ਵੱਧ ਤੋਂ ਵੱਧ ਸ਼ਰਧਾਲੂ ਕਰਤਾਰਪੁਰ ਗੁਰੂਘਰ ਦੇ ਦਰਸ਼ਨ ਕਰ ਸਕਣ। ਮੰਤਰੀ ਫੁਵਾਦ ਚੌਧਰੀ ਨੇ ਕਿਹਾ ਕਿ ਪਾਕਿਸਤਾਨ ਇਕ ਵਿਕਸਤ ਦੇਸ਼ ਹੈ। ਜਿਸ ਨੇ ਆਪਣੀਆਂ ਖੋਜਾਂ ਨਾਲ ਦੁਨੀਆਂ ਨੂੰ ਹੈਰਾਨ ਕਰ ਦਿੱਤਾ ਸੀ। ਅੱਜ ਵੀ ਪਾਕਿਸਤਾਨ ਅਮਰੀਕਾ ਨਾਲ ਮਿਲਕੇ ਕਾਰੋਬਾਰ ਨੂੰ ਤਰਜੀਹ ਦੇ ਰਿਹਾ ਹੈ ਤਾਂ ਜੋ ਕਿ ਪਾਕਿਸਤਾਨ ਦੁਨੀਆਂ ਦੀ ਮੰਡੀ ਬਣ ਸਕੇ। ਉਹਨਾਂ ਕਿਹਾ ਕਿ ਸਾਇੰਸ ਟੈਕਨਾਲੌਜੀ ਦੇ ਪੈੱਕ ਰਾਹੀਂ ਅਸੀਂ ਨਵੀਆਂ ਖੋਜਾਂ ਨੂੰ ਤਰਜੀਹ ਦੇ ਰਹੇ ਹਾਂ।ਸਿੱਖਸ ਆਫ ਅਮਰੀਕਾ ਦੇ ਚੇਅਰਮੈਨ ਜਸਦੀਪ ਸਿੰਘ ਜੱਸੀ ਤੇ ਉਹਨਾਂ ਦੀ ਟੀਮ ਨੇ ਪਾਕਿਸਤਾਨ ਦੇ ਕੈਬਨਿਟ ਮੰਤਰੀ ਫੁਵਾਦ ਚੌਧਰੀ ਨੂੰ ਸਨਮਾਨਿਤ ਕੀਤਾ ਤੇ ਪਾਸਪੋਰਟ ਸ਼ਰਤ ਨੂੰ ਖਤਮ ਕਰਨ ਤੇ ਧੰਨਵਾਦ ਕੀਤਾ ਤੇ ਵਧਾਈ ਦਿੱਤੀ। ਉਹਨਾਂ ਅੱਗੇ ਕਿਹਾ ਕਿ ਜੇਕਰ ਪਾਕਿਸਤਾਨ ਵਾਂਗ ਭਾਰਤ ਵੀ ਬਿਹਤਰ ਰਿਸ਼ਤਿਆਂ ਲਈ ਪਹਿਲ ਕਦਮੀ ਕਰੇ ਤਾਂ ਇਹ ਦੋਵੇਂ ਮੁਲਕ ਸੰਸਾਰ ਦੀ ਵੱਡੀ ਤਾਕਤ ਵਜੋਂ ਉੱਭਰ ਸਕਦੇ ਹਨ। ਇਸ ਲਈ ਭਾਰਤ ਨੂੰ ਅੱਗੇ ਆਉਣਾ ਪਵੇਗਾ।

# ਕੋਰੋਨਾਵਾਇਰਸ ਨੂੰ ਲੈ ਕੇ ਮੈਰੀਲੈਂਡ ਸੂਬੇ ਚ' ਇਨਕਮ ਟੈਕਸ ਦੀ ਆਖਰੀ ਮਿਤੀ 15 ਜੁਲਾਈ ਤੱਕ ਵਧਾਈ ਗਈ

**ਮੈਰੀਲੈਂਡ/ਰਾਜ ਗੋਗਨਾ** :ਵਾਈਟ ਹਾਊਸ ਤੋਂ ਅੱਜ ਦੀ ਪ੍ਰੈਸ ਕਾਨਫਰੰਸ ਤੋਂ ਬਾਅਦ ਜਿਥੇ ਫੈਡਰਲ ਆਮਦਨੀ ਟੈਕਸ ਅਦਾਇਗੀਆਂ ਲਈ 15 ਅਪ੍ਰੈਲ ਦੀ ਆਖਰੀ ਤਰੀਕ ਵਿਚ 90 ਦਿਨਾਂ ਦਾ ਵਾਧਾ ਕੀਤਾ ਗਿਆ ਹੈ।ਅਮਰੀਕਾ ਦੇ ਸੂਬੇ ਮੈਰੀਲੈਂਡ ਕੰਪਟੋਲਰ ਪੀਟਰ ਫਰੈਂਚੋਟ ਨੇ ਐਲਾਨ ਕੀਤਾ ਹੈ ਕਿ ਮੈਰੀਲੈਂਡ ਕਾਰੋਬਾਰੀ ਅਤੇ ਵਿਅਕਤੀਗਤ ਆਮਦਨ ਟੈਕਸਦਾਤਾਵਾਂ ਨੂੰ ਵੀ ਉਹੀ ਰਾਹਤ ਮਿਲੇਗੀ।ਜੇ 15 ਜੁਲਾਈ, 2020 ਤੱਕ 2019 ਦਾ ਟੈਕਸ ਭੁਗਤਾਨ ਕੀਤੇ ਜਾਂਦੇ ਹਨ, ਤਾਂ ਦੇਰ ਨਾਲ ਅਦਾਇਗੀ ਲਈ ਕੋਈ ਵਿਆਜ ਜਾਂ ਜ਼ੁਰਮਾਨਾ ਨਹੀਂ ਲੱਗੇਗਾ। ਹੁਣੇ, ਮੈਰੀਲੈਂਡ ਦੇ ਟੈਕਸਦਾਤਾਵਾਂ ਅਤੇ ਕਾਰੋਬਾਰਾਂ ਨੂੰ ਆਪਣੀ ਸਿਹਤ ਅਤੇ ਆਪਣੇ ਬਿੱਲ ਬੱਤੀਆਂ ਅਤੇ ਆਪਣੇ ਘਰਾਂ ਅਤੇ ਕਾਰੋਬਾਰਾਂ ਦੋਨੋ ਨੂੰ ਹੀ ਧਿਆਨ ਵਿੱਚ ਰੱਖਣਾ ਚਾਹੀਦਾ ਹੈ। ਮੈਰੀਲੈਂਡ ਸਟੇਟ ਦੇ ਵਿਅਕਤੀਗਤ ਅਤੇ ਵਪਾਰਕ ਆਮਦਨੀ ਟੈਕਸ ਭੁਗਤਾਨਾਂ ਲਈ ਨਿਰਧਾਰਤ ਮਿੱਤੀ ਵਧਾਉਣ ਨਾਲ ਸਾਡੀ ਆਰਥਿਕਤਾ ਅਤੇ ਕਰਮਚਾਰੀਆਂ ਦੇ ਬੈਂਕ ਖਾਤਿਆਂ ਵਿੱਚ ਨਕਦੀ ਚਲਦੀ ਰਹਿੰਦੀ ਹੈ।ਟੈਕਸ ਭੁਗਤਾਨ ਕਰਨ ਵਾਲੇ ਜੋ ਆਪਣੀ ਰਿਟਰਨ ਦਾਖਲ ਕਰਨ ਲਈ ਫੈਡਰਲ ਵਿਸਥਾਰ ਦਾ ਫਾਇਦਾ ਲੈਂਦੇ ਹਨ, ਜੋ ਅੱਜ ਉਨਾਂ ਦੇ ਟੈਕਸਾਂ ਦੀ ਅਦਾਇਗੀ ਲਈ ਦਿੱਤੀ ਰਾਹਤ ਤੋਂ ਵੱਖ ਹੈ, ਆਪਣੇ ਮੈਰੀਲੈਂਡ ਟੈਕਸ ਭਰਨ 'ਤੇ ਆਪਣੇ ਆਪ ਉਹਨਾਂ ਨੂੰ ਐਕਸਟੈਂਸ਼ਨ ਦਿੱਤੀ ਜਾਏਗੀ। ਕੋਈ ਵਾਧੂ ਐਕਸਟੈਂਸ਼ਨ ਫਾਰਮਾਂ ਦੀ ਲੋੜ ਨਹੀਂ ਹੈ। 1 ਜਨਵਰੀ, 2020 ਨੂੰ 31 ਮਾਰਚ, 2020 ਤੱਕ ਖਤਮ ਹੋਣ ਵਾਲੇ ਟੈਕਸ ਸਾਲ ਦੇ ਨਾਲ ਵਿੱਤੀ ਸਾਲ ਦੇ ਫਾਈਲਰ ਵੀ 15 ਜੁਲਾਈ 2020 ਦੇ ਐਕਸਟੈਂਸ਼ਨ ਲਈ ਯੋਗ ਹਨ।

# 29 ਮਾਰਚ ਨੂੰ ਫਰਿਜ਼ਨੋ ਵਿਚ ਹੋਣ ਵਾਲਾ, ਗਦਰੀ ਬਾਬਿਆ ਦਾ ਮੇਲਾ ਮੁਲਤਵੀ

**ਫਰਿਜ਼ਨੋ/ਏ.ਟੀ.ਨਿਊਜ਼** : ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਦੀ ਇਕ ਹੰਗਾਮੀ ਮੀਟਿੰਗ ਫਰਿਜ਼ਨੋ ਵਿਚ ਹੋਈ । ਇਸ ਮੀਟਿੰਗ ਵਿਚ ਕਰੋਨਾ ਵਾਇਰਸ ਦੇ ਪਰਕੋਪ ਕਾਰਨ ਸਟੇਟ ਆਫ ਕੈਲੇਫੋਰਨੀਆਂ ਵਲੋਂ 250 ਬੰਦਿਆਂ ਤੋਂ ਵੱਧ ਤੇ ਲਾਈ ਪਾਬੰਦੀ ਅਤੇ ਹੋਰਾਂ ਮਾਹਰਾਂ ਅਤੇ ਸਰਕਾਰੀ ਅਦਾਰਿਆਂ ਦੀਆਂ ਹਦਾਇਤਾ ਦਾ ਧਿਆਨ ਕਰਦਿਆਂ, ਫੋਰਮ ਨੇ 29 ਮਾਰਚ ਨੂੰ ਫਰਿਜਨੋ ਵਿਚ ਹੋਣ ਵਾਲਾ 20 ਵਾਂ ਗਦਰੀ ਬਾਬਿਆ ਦਾ ਮੇਲਾ ਮੁਲਤਵੀ ਕਰ ਦਿਤਾ ਹੈ। ਮੀਟਿੰਗ ਨੇ ਆਸ ਪਰਗਟ ਕੀਤੀ ਕਿ ਸੰਸਾਰ ਡਾਕਟਰੀ ਮਾਹਰਾਂ ਅਤੇ ਆਮ ਲੋਕਾਂ ਦੇ ਸਹਿਯੋਗ ਨਾਲ ਛੇਤੀ ਹੀ ਇਸ ਵਾਇਰਸ ਤੇ ਕਾਬੂ ਪਾ ਲਏਗਾ ਅਤੇ ਅਸੀਂ ਆਉਣ ਵਾਲੇ ਸਮੇਂ ਵਿਚ ਇਸ ਮੇਲੇ ਅਤੇ ਹੋਰ ਭਵਿਖ ਦੇ ਪਰੋਗਰਾਮਾਂ ਨੂੰ ਵਿਚਾਰਾਂਗੇ।

ਸਮੂਹ ਮੈਂਬਰਾਂ ਨੇ ਇਸ ਗੱਲ ਤੇ ਸਹਿਮਤੀ ਪਰਗਟ ਕੀਤੀ ਕਿ ਫੋਰਮ ਇਸ ਨਵੀਂ ਬੀਮਾਰੀ ਦੇ ਫੈਲਾਅ ਨੂੰ ਘਟ ਕਰਨ ਲਈ ਆਪਣਾ ਹਰ ਤਰਾਂ ਦਾ ਯੋਗਦਾਨ ਦੇਵੇਗਾ। ਇਸ ਮੇਲੇ ਦੀ ਤਿਆਰੀ ਲਈ ਹੁਣ ਤੱਕ ਮਿਲੇ ਲੋਕਾਂ ਦੇ ਭਰਪੂਰ ਸਾਥ ਲਈ ਆਪਣੇ ਸਾਰੇ ਸਪਾਂਸਰਾ ਅਤੇ ਸਹਿਯੋਗੀਆ ਦਾ ਧੰਨਵਾਦ ਕੀਤਾ। ਫੋਰਮ ਨੇ ਸਮੂਹ ਭਾਈਚਾਰੇ ਨੂੰ ਅਪੀਲ ਕੀਤੀ ਕਿ ਉਹ ਮਾਹਰਾਂ ਦੀਆਂ ਸਲਾਹਾਂ ਨੂੰ ਸੁਣਨ ਅਤੇ ਮੰਨ ਕੇ ਆਪਣੇ ਆਪ ਨੂੰ ਅਤੇ ਦੂਜੇ ਲੋਕਾਂ ਨੂੰ ਸੇਹਤਮੰਦ ਰੱਖਣ ਲਈ ਆਪਣਾ ਹਰ ਤਰਾਂ ਦਾ ਸਹਿਯੋਗ ਦੇਣ। ਫੋਰਮ ਨੇ ਲੋਕਾਂ ਨੂੰ ਇਸ ਨਾਜ਼ੁਕ ਵਕਤ ਤੇ ਹਰ ਤਰਾਂ ਦੀਆਂ ਅਫਵਾਹਾਂ ਅਤੇ ਨੀਮ ਹਕੀਮਾਂ ਦੀਆਂ ਸਲਾਹਾਂ ਤੋਂ ਪਰੇ ਰਹਿਣ ਦੀ ਬੇਨਤੀ ਕੀਤੀ ਹੈ, ਤਾਂ ਕੇ ਅਸੀਂ ਛੇਤੀ ਤੋਂ ਛੇਤੀ ਇਸ ਸੰਸਾਰ ਵਿਆਪੀ ਅਲਾਮਤ ਤੋਂ ਛੁਟਕਾਰਾ ਪਾ ਸਕੀਏ।

# ਪ੍ਰਵਾਸੀ ਪੰਜਾਬੀ ਪੰਜਾਬ ਸਰਕਾਰ ਦੇ ਤਿੰਨ ਸਾਲਾਂ ਦੀ ਕਾਰਗੁਜਾਰੀ ਤੋਂ ਸੰਤੁਸ਼ਟ ਨਹੀਂ : ਸਤਨਾਮ ਸਿੰਘ ਚਾਹਲ

**ਨਿਊਯਾਰਕ/ਰਾਜ ਗੋਗਨਾ:** ਪਰਵਾਸੀ ਪੰਜਾਬੀ ਸਰਕਾਰ ਦੇ ਤਿੰਨ ਸਾਲਾਂ ਦੀ ਕਾਰਗੁਜਾਰੀ ਤੋਂ ਸੰਤੁਸ਼ਟ ਨਹੀਂ ਹਨ ਕਿਉਂਕਿ ਪੰਜਾਬ ਸਰਕਾਰ ਆਪਣੀ ਤਿੰਨ ਸਾਲਾਂ ਦੀ ਮਿਆਦ ਦੇ ਦੌਰਾਨ ਪੰਜਾਬੀ ਪ੍ਰਵਾਸੀਆਂ ਦੇ ਮਸਲਿਆਂ ਨੂੰ ਹੱਲ ਕਰਨ ਵਿੱਚ ਅਸਫਲ ਰਹੀ ਹੈ। ਇਹ ਗੱਲ ਇਥੇ ਪੰਜਾਬ ਸਰਕਾਰ ਦੇ ਤਿੰਨ ਸਾਲ ਪੂਰੇ ਹੋਣ ਦੇ ਮੌਕੇ ਉਪਰ ਨੌਰਥ ਅਮਰੀਕਨ ਪੰਜਾਬੀ ਐਸੋਸ਼ੀਏਸ਼ਨ (ਨਾਪਾ) ਦੇ ਕਾਰਜਕਾਰੀ ਨਿਰਦੇਸ਼ਕ ਸਤਨਾਮ ਸਿੰਘ ਚਾਹਲ ਨੇ ਜਾਰੀ ਕੀਤੇ ਗਏ ਇਕ ਪ੍ਰੈਸ ਬਿਆਨ ਰਾਹੀਂ ਕਹੀ। ਸ: ਚਾਹਲ ਨੇ ਦੱਸਿਆ ਕਿ ਜਲੰਧਰ ਵਿੱਚ ਇਸ ਵੇਲੇ ਕੇਵਲ ਤਿੰਨ ਐਨ.ਆਰ.ਆਈ ਅਦਾਲਤਾਂ ਹਨ। ਇਨਾਂ ਵਿੱਚੋਂ ਦੋ ਸੁਬਾਰਡੀਡੇਟ ਪੱਧਰੀ ਅਦਾਲਤਾਂ ਹਨ, ਜਿਨਾਂ ਵਿੱਚ ਸ੍ਰੀਮਤੀ ਅਮ੍ਰਿਤਾ ਸਿੰਘ ਸਿਵਲ ਜੱਜ ਕਮ -ਚੀਫ਼ ਜੁਡੀਸ਼ੀਅਲ ਮੈਜਿਸਟਰੇਟ, ਸ੍ਰੀ ਅਨੂਪ ਸਿੰਘ ਸਿਵਲ ਜੱਜ ਕਮ ਜੁਡੀਸ਼ੀਅਲ ਮੈਜਿਸਟਰੇਟ ਪਹਿਲੀ ਕਲਾਸ ਅਤੇ ਇੱਕ ਵਧੀਕ ਜ਼ਿਲਾ ਪੱਧਰ ਦੀ ਅਪੀਲ ਅਦਾਲਤ ਸ਼ਾਮਲ ਹੈ। ਇਹ ਅਦਾਲਤਾਂ ਆਪਣੇ ਨਾਲ ਸਬੰਧਤ ਹੋਰ ਸੈਂਕੜੇ ਮਾਮਲਿਆਂ ਦੀ ਸੁਣਵਾਈ ਵੀ ਜਾਰੀ ਰੱਖਦੀਆਂ ਹਨ। ਇਸ ਲਈ ਮਾਣਯੋਗ ਜੱਜਾਂ ਨੂੰ ਹੋਰ ਵੀ ਉਨਾਂ ਕੇਸਾਂ ਦੀ ਸੁਣਵਾਈ ਵੀ ਕਰਨੀ ਪੈਂਦੀ ਹੈ ਜਿਨਾਂ ਕੇਸਾਂ ਦਾ ਪਰਵਾਸੀ ਭਾਰਤੀਆਂ ਦੇ ਕੇਸਾਂ ਨਾਲ ਕੋਈ ਸਰੋਕਾਰ ਨਹੀਂ ਹੁੰਦਾ ।ਇਸ ਲਈ ਅਧੀਨ ਜੱਜਾਂ ਉਪਰ ਕੇਸਾਂ ਦੀ ਸੁਣਵਾਈ ਦਾ ਵੱਡਾ ਬੋਝ ਰਹਿੰਦਾ ਹੈ। ਸ: ਚਾਹਲ ਨੇ ਕਿਹਾ ਕਿ ਅਜਿਹੀ ਸਥਿਤੀ ਵਿਚ ਸਰਕਾਰ ਪ੍ਰਵਾਸੀ ਭਾਰਤੀਆਂ ਨੂੰ ਜਲਦੀ ਨਿਆਂ ਕਿਵੇਂ ਯਕੀਨੀ ਬਣਾਏਗੀ ? ਇਸ ਲਈ ਪੰਜਾਬ ਸਰਕਾਰ ਨੂੰ ਪਰਵਾਸੀ ਭਾਰਤੀਆਂ ਦੇ ਅਦਾਲਤੀ ਕੇਸਾਂ ਦੇ ਨਿਪਟਾਰੇ ਲਈ ਵਿਸ਼ੇਸ਼ ਐਨ.ਆਰ.ਆਈ ਅਦਾਲਤਾਂ ਦਾ ਗਠਨ ਕੀਤਾ ਜਾਣਾ ਚਾਹੀਦਾ ਹੈ।

ਸ: ਚਾਹਲ ਨੇ ਦੱਸਿਆ ਕਿ ਪੰਜਾਬ ਵਿਚ ਗੈਂਗ ਯੁੱਧਾਂ ਦੀਆਂ ਵੱਧ ਰਹੀਆਂ ਘਟਨਾਵਾਂ ਅਤੇ ਵੱਖ ਵੱਖ ਅਪਰਾਧੀਆਂ ਕੋਲੋਂ ਖਤਰਨਾਕ ਹਥਿਆਰਾਂ ਦੀ ਹੋ ਰਹੀ ਬਰਾਮਦਗੀ ਵੀ ਪ੍ਰਵਾਸੀ ਪੰਜਾਬੀਆਂ ਲਈ ਗੰਭੀਰ ਚਿੰਤਾ ਦਾ ਵਿਸ਼ਾ ਹੈ। ਅਜਿਹੀ ਸਥਿਤੀ ਵਿੱਚ ਪ੍ਰਵਾਸੀ ਪੰਜਾਬੀ ਪੰਜਾਬ ਆਉਣ ਸਮੇਂ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ ਕਿਉਂਕਿ ਅਪਰਾਧਿਕ ਗਿਰੋਹ ਕਾਨੂੰਨ ਦਾ ਡਰ ਗੁਆ ਚੁੱਕੇ ਹਨ।

ਸ: ਚਾਹਲ ਨੇ ਅੱਗੇ ਕਿਹਾ ਕਿ ਪ੍ਰਵਾਸੀ ਭਾਰਤੀਆਂ ਨੂੰ ਕਾਨੂੰਨੀ ਪ੍ਰਕਿਰਿਆਵਾਂ ਕਾਰਨ ਆਪਣੀ ਜ਼ਮੀਨ ਜਾਇਦਾਦ ਦਾ ਕਬਜ਼ਾ ਵਾਪਸ ਕਰਵਾਉਣ ਵਿੱਚ ਮੁਸ਼ਕਲ ਪੇਸ਼ ਆਉਂਦੀ ਹੈ। ਪ੍ਰਵਾਸੀ ਭਾਰਤੀ ਦੀ ਜਾਇਦਾਦ ਉਪਰ ਕਾਬਜ ਝੂਠਾ ਮਾਲਕ ਕਬਜ਼ਾ ਲੈ ਲੈਂਦਾ ਹੈ ਅਤੇ ਬਾਅਦ ਵਿਚ ਅਦਾਲਤ ਵਿਚ ਕੇਸ ਦਾਇਰ ਕਰ ਦਿੰਦਾ ਹੈ ਜੋ ਕਈ ਸਾਲਾਂ ਤੱਕ ਚਲਦਾ ਰਹਿੰਦਾ ਹੈ। ਇਸ ਸਥਿਤੀ ਵਿੱਚ, ਜੇ ਇੱਕ ਐਨ.ਆਰ.ਆਈ ਇੱਕ ਵਿਵਾਦਿਤ ਸੰਪਤੀ ਜਿਹੜੀ ਕਿ ਉਸਦੇ ਨਾਮ ਤੇ ਹੈ ਜੇਕਰ ਇਹ ਸਾਬਤ ਕਰਨ ਲਈ ਕੋਈ ਦਸਤਾਵੇਜ਼ ਪੇਸ਼ ਕਰਦਾ ਹੈ ਤਾਂ ਉਸ ਨੂੰ ਕਬਜ਼ਾ ਦਿੱਤਾ ਜਾਣਾ ਚਾਹੀਦਾ ਹੈ। ਇਸ ਸਥਿਤੀ ਵਿਚ ਪ੍ਰਵਾਸੀ ਪੰਜਾਬੀ ਦੀ ਜਾਇਦਾਦ ਉਪਰ ਕਾਬਜ ਧਿਰ ਵਲੋਂ ਅਦਾਲਤ ਵਿਚ ਦਾਇਰ ਕੀਤਾ ਗਿਆ ਕੇਸ ਵੀ ਅੰਤਿਮ ਸੁਣਵਾਈ ਤੱਕ ਜਾਰੀ ਰਹਿ ਸਕਦਾ ਹੈ। ਸ: ਚਾਹਲ ਨੇ ਕਿਹਾ ਕਿ ਉਹ ਕਿਰਾਏਦਾਰ ਨੂੰ ਬੇਦਖਲ ਕਰਨ ਦੇ ਪੰਜਾਬ ਕੈਬਨਿਟ ਦੇ ਫੈਸਲੇ ਦਾ ਸਵਾਗਤ ਕਰਦੇ ਹਨ ਜਿਸ ਨੂੰ ਕੱਢਿਆ ਜਾ ਸਕਦਾ ਹੈ। । ਉਸ ਨੇ ਚੇਤਾਵਨੀ ਦਿੱਤੀ ਕਿ ਐਨ.ਆਰ.ਆਈ ਕੇਸਾਂ ਦਾ ਸਮੇਂ ਦੇ ਅੰਦਰ ਨਿਪਟਾਰਾ ਕਰਨ ਲਈ ਨਿਰਧਾਰਤ ਅਧਿਕਾਰੀਆਂ ਦੀ ਜ਼ਿੰਮੇਵਾਰੀ ਤਹਿ ਹੋਣੀ ਚਾਹੀਦੀ ਹੈ ਤੇ ਜਦ ਤਕ ਅਜਿਹਾ ਨਹੀਂ ਕੀਤਾ ਜਾਂਦਾ ਤਦ ਤੱਕ ਅਜਿਹੇ ਕਾਨੂੰਨ ਬਣਾਉਣ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ। ਕਿਉਂਕਿ ਕਿਸੇ ਵੀ ਨੀਤੀ ਦੀ ਸਫਲਤਾ ਇਸ ਦੇ ਲਾਗੂ ਹੋਣ 'ਤੇ ਨਿਰਭਰ ਕਰਦੀ ਹੈ। ਮਾਲ ਅਧਿਕਾਰੀਆਂ ਦੁਆਰਾ ਸਰਕਾਰੀ ਨੀਤੀਆਂ ਨੂੰ ਲਾਗੂ ਕਰਨ ਵਿਚ ਦੇਰੀ ਕਰਨਾ ਪ੍ਰਵਾਸੀ ਭਾਰਤੀਆਂ ਲਈ ਸਭ ਤੋਂ ਵੱਡੀ ਚਿੰਤਾ ਰਹੀ ਹੈ। ਉਨਾਂ ਕਿਹਾ ਕਿ ਇਸ ਤੋਂ ਇਲਾਵਾ ਰਾਜਨੀਤਕ ਨੇਤਾਵਾਂ ਵੱਲੋਂ ਆਪਣੇ ਗੁੰਡਿਆਂ ਸਮੇਤ ਪ੍ਰਵਾਸੀ ਪੰਜਾਬੀਆਂ ਦੇ ਕੇਸਾਂ ਵਿਚ ਦਖਲ ਅੰਦਾਜ਼ੀ ਕਰਨਾ ਵੀ ਪਰਵਾਸੀ ਪੰਜਾਬੀਆਂ ਲਈ ਇਨਸਾਫ ਪ੍ਰਾਪਤ ਕਰਨਾ ਵੱਡੀ ਸਮੱਸਿਆ ਹੈ। ਉਸ ਨੇ ਅੱਗੇ ਕਿਹਾ ਕਿ ਇਸ ਵੇਲੇ ਕਿਸੇ ਵੀ ਸਲਾਹਕਾਰ ਕਮੇਟੀ ਜਾਂ ਕਮਿਸ਼ਨ ਵਿੱਚ ਜ਼ਿਲਾ ਅਤੇ ਰਾਜ ਪੱਧਰ 'ਤੇ ਪ੍ਰਵਾਸੀ ਪੰਜਾਬੀਆਂ ਦੀ ਨੁਮਾਇੰਦਗੀ ਨਹੀਂ ਹੈ ।ਇਸ ਲਈ ਪ੍ਰਵਾਸੀ



ਪੰਜਾਬੀਆਂ ਦੇ ਮਸਲਿਆਂ ਨੂੰ ਹੱਲ ਕਰਨ ਤੇ ਰਾਜ ਦੇ ਸਰਬਪੱਖੀ ਵਿਕਾਸ ਲਈ ਪੰਜਾਬ ਸਰਕਾਰ ਨੂੰ ਰਾਜ ਅਤੇ ਜ਼ਿਲਾ ਪੱਧਰੀ ਸ਼ਿਕਾਇਤਾਂ ਕਮੇਟੀਆਂ ਵਿੱਚ ਐਨ.ਆਰ.ਆਈਜ਼ ਨੂੰ ਯੋਗ ਪ੍ਰਤੀਨਿਧਤਾ ਦੇਣੀ ਚਾਹੀਦੀ ਹੈ। ਉਨਾਂ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਪ੍ਰਵਾਸੀ ਪੰਜਾਬੀਆਂ ਦੇ ਮਸਲਿਆਂ ਅਤੇ ਸਰੋਕਾਰਾਂ ਦੇ ਹੱਲ ਲਈ ਪੰਜਾਬ ਐਨ.ਆਰ.ਆਈ ਕਮਿਸ਼ਨ ਨੂੰ ਨਿਆਂਇਕ ਅਧਿਕਾਰ ਦਿਤੇ ਜਾਣ। ਉਨਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਨੂੰ ਇਸ ਗੱਲ ਉਪਰ ਵੀ ਗੰਭੀਰਤਾ ਨਾਲ ਵਿਚਾਰ ਕਰਨੀ ਚਾਹੀਦੀ ਹੈ ਪਰਵਾਸੀ ਗੁਜਰਾਤੀ ਆਪਣੇ ਰਾਜ ਗੁਜਰਾਤ ਲਈ ਹਰ ਸਾਲ ਕਈ ਅਰਬ ਡਾਲਰ ਤੋਂ ਵੀ ਵੱਧ ਦਾ ਪੂੰਜੀ ਨਿਵੇਸ਼ ਕਰਦੇ ਹਨ, ਜਦਕਿ ਪੰਜਾਬ ਸਰਕਾਰ ਅੱਜ ਤੱਕ ਪਰਵਾਸੀ ਪੰਜਾਬੀਆਂ ਪਾਸੋਂ ਇਕ ਪੈਸੇ ਦਾ ਪੂੰਜੀ ਨਿਵੇਸ਼ ਆਕਰਸ਼ਿਤ ਕਰਨ ਵਿਚ ਅਸਫਲ ਕਿਉਂ ਰਹਿ ਰਹੀ ਹੈ।

## ਕੁੱਖ ਚ ਕਤਲ

ਉਹ ਪਿੰਡ ਮੇਰੇ ਦੀ ਕੁੜੀ
ਵਿੱਚ ਸ਼ਹਿਰ ਦੀਆਂ ਗਲੀਆਂ ਦੇ
ਕਈ ਅੱਖਾਂ ਦੇ ਬੋਝਾਂ ਨੂੰ ਲੈ ਕੇ ਸੀ ਚੱਲ ਰਹੀ,
ਮਾਂ ਦੀ ਚੁੰਨੀ, ਪਿਉ ਦੀ ਪੱਗ
ਘਰ ਦੀਆਂ ਮਜਬੂਰੀਆ ਨੂੰ ਰੱਖ ਦਿਮਾਗ ਚ
ਮੁਸੀਬਤਾਂ ਆਪਣੀਆ ਨੂੰ ਸੀ ਠੱਲ ਰਹੀ,
ਉਸ ਵੱਲ ਵੱਧ ਰਹੇ ਗਲਤ ਹੱਥਾਂ ਨੇ
ਜੇ ਇੱਜਤ ਉਸਦੀ ਕਰੀ ਹੁੰਦੀ,
ਫਿਰ ਸਾਇਦ ਕਦੇ ਵੀ ਧੀ ਕਿਸੇ ਦੀ
ਵਿੱਚ ਕੁੱਖ ਦੇ ਨਾ ਮਰੀ ਹੁੰਦੀ।
ਫਿਰ ਸਾਇਦ ਕਦੇ ਵੀ ਧੀ ਕਿਸੇ ਦੀ
ਇੰਝ ਸੜਕਾ ਤੇ ਨਾ ਡਰੀ ਹੁੰਦੀ।
ਕਾਲਜ ਦਾ ਸਮਾਂ ਪੂਰਾ ਕਰਕੇ
ਘਰ ਆਉਣ ਵਾਲੇ ਰਸਤੇ ਨੂੰ
ਬੱਸ ਸਫਰ ਰਾਹੀ ਖਤਮ ਕਰਦੀ ਐ,
ਸਹਿਮੀ ਸਹਿਮੀ,ਪਲਕਾਂ ਝੁਕੀਆਂ
ਅੱਖਾਂ ਦੇ ਵਿੱਚ ਅਨੇਕਾ ਸੁਪਨੇ
ਸੁਪਨੇ ਆਪਣਿਆ ਨਾਲ ਲੜਦੀ ਐ,
ਰਜਨੀਸ਼ ਨਜ਼ਰਾਂ ਜੇ ਆਪਣੀਆ ਮੈਲੀਆਂ ਨਾ ਹੁੰਦੀਆਂ
ਉਹ ਵੀ ਬਹੁਤਾ ਪੜੀ ਹੁੰਦੀ,
ਫਿਰ ਸਾਇਦ ਕਦੇ ਵੀ ਧੀ ਕਿਸੇ ਦੀ
ਵਿੱਚ ਕੁੱਖ ਦੇ ਨਾ ਮਰੀ ਹੁੰਦੀ।
ਫਿਰ ਸਾਇਦ ਕਦੇ ਵੀ ਧੀ ਕਿਸੇ ਦੀ
ਇੰਝ ਸੜਕਾ ਤੇ ਨਾ ਡਰੀ ਹੁੰਦੀ।

**ਰਜਨੀਸ਼ ਗਰਗ**
(90412-50087)

# ਬਿਲ ਗੇਟਸ ਨੇ ਕੋਰੋਨਾਵਾਇਰਸ ਦੇ ਇਲਾਜ ਦੇ ਵਿਕਾਸ ਨੂੰ ਹੋਰ ਤੇਜ਼ ਕਰਨ ਲਈ 50 ਮਿਲੀਅਨ ਡਾਲਰ ਦਾਨ ਵਜੋਂ ਦਿੱਤਾ

**ਵਾਸ਼ਿੰਗਟਨ ਡੀ.ਸੀ./ਰਾਜ ਗੋਗਨਾ:** ਹੁਣ ਸ਼ੁਰੂਆਤੀ ਸੰਕੇਤ ਹਨ ਕਿ ਕੋਰੋਨਾਵਾਇਰਸ ਸਾਰੇ ਵਿਸ਼ਵ ਨੂੰ ਪ੍ਰਭਾਵਤ ਕਰਦਾ ਹੈ ਅਤੇ ਆਧਿਕਾਰਿਤ ਤੌਰ 'ਤੇ ਇਹ 3®੭94-19 ਦੇ ਤੌਰ ਤੇ ਵੀ ਜਾਣਿਆ ਜਾਂਦਾ ਹੈ ਅਤੇ ਚੀਨ ਇਸ ਗੁੱਸੇ ਨੂੰ ਹੌਲੀ ਕਰ ਰਿਹਾ ਹੈ, ਪਰ ਸੰਯੁਕਤ ਰਾਜ ਅਮਰੀਕਾ ਵਿੱਚ ਵੀ ਇਹ ਚੀਜ਼ਾਂ ਹੁਣੇ ਹੀ ਸ਼ੁਰੂ ਹੋ ਰਹੀਆਂ ਹਨ ਜਿਵੇਂ ਕਿ ਵਿਸ਼ਵ ਮਹਾਂਮਾਰੀ ਦੀ ਘੋਸ਼ਣਾ ਕਰਨਾ।ਮਾਈਕ੍ਰੋਸਾਫਟ ਦੇ ਸੰਸਥਾਪਕ ਅਤੇ ਅਰਬਪਤੀਆਂ ਦੇ ਉਪਉਪਕਾਰੀ ਬਿਲ ਗੇਟਸ ਨੇ ਖੋਜਕਰਤਾਵਾਂ ਨੂੰ ਇਸ ਇਲਾਜ ਨੂੰ ਵਿਕਸਤ ਕਰਨ ਵਿੱਚ ਰੁਕ ਵੱਡੀ ਸਹਾਇਤਾ ਕਰਨ ਲਈ ਇਕ ਬਹੁਤ ਵੱਡਾ ਵਾਅਦਾ ਕੀਤਾ ਹੈ।ਬਿਲ ਐਂਡ ਮੇਲਿੰਡਾ ਗੇਟਸ ਫਾਸੁੰਗੇੜਨਾ ਦੁਆਰਾ ਫੰਡ ਦਿੱਤੇ ਗਏ, ਦਾਨ ਪ੍ਰੋਗਰਾਮ,ਸੀ.ੳ.ਵੀ.ਆਈ.ਡੀ.-19 ਉਪਚਾਰ ਐਕਸਲੇਰੇਟਰ ਨੂੰ ਕੁੱਲ ਮਿਲਾ ਕੇ 50 ਮਿਲੀਅਨ ਡਾਲਰ ਹੈ ਜੋ ਕਿ 12 ਫਾਰਮਾਸਿਟ ਕੰਪਨੀਆਂ ਅਤੇ ਬਾਇਓਟੈਕ ਫਰਮਾਂ ਨੂੰ ਵੰਡਿਆ ਜਾ ਰਿਹਾ ਹੈ ਜੋ ਕੋਰੋਨਵਾਇਰਸ ਵਿਰੁੱਧ ਪ੍ਰਭਾਵਸ਼ਾਲੀ ਟੀਕਾ ਲੱਭਣ ਲਈ ਸਰਗਰਮੀ ਨਾਲ ਭਾਲ ਕਰ ਰਹੀਆਂ ਹਨ।ਪਰ ਇਹ ਦਾਨ ਇੱਕ ਮਹੱਤਵਪੂਰਣ ਚੇਤਨਾ ਦੇ ਨਾਲ ਦਿੱਤਾ ਗਿਆ ਹੈ।ਸਫਲ ਕੰਪਨੀ ਜਾਂ ਕੰਪਨੀਆਂ ਨੂੰ ਟੀਕੇ ਨੂੰ ਕਿਫਾਇਤੀ ਅਤੇ ਵਿਸ਼ਵ ਦੇ ਗਰੀਬ ਖੇਤਰਾਂ ਵਿੱਚ ਵੀ ਪਹੁੰਚਯੋਗ ਬਣਾਉਣਾ ਬਹੁਤ ਲਾਜ਼ਮੀ ਹੈ।ਬਿੱਲ ਐਂਡ ਮੇਲਿੰਡਾ ਗੇਟਸ ਫਾਉਡੇਸ਼ਨ ਦੇ ਮੁੱਖ ਕਾਰਜਕਾਰੀ ਅਧਿਕਾਰੀ ਮਾਰਕ ਸੁਜ਼ਮਾਨ ਨੇ ਕਿਹਾ, ਕੋਵੀਡ -19 ਵਰਗੇ ਵਿਸ਼ਾਣੂ ਤੇਜ਼ੀ ਨਾਲ ਫੈਲਦੇ ਹਨ, ਪਰ ਇਨਾਂ ਨੂੰ ਰੋਕਣ ਲਈ ਟੀਕਿਆਂ ਅਤੇ ਇਲਾਜਾਂ ਦਾ ਵਿਕਾਸ ਹੌਲੀ ਹੌਲੀ ਚਲਦਾ ਜਾਂਦਾ ਹੈ। ਜੇ ਅਸੀਂ ਵਿਸ਼ਵ ਨੂੰ ਕੋਵਿਡ -19 ਵਰਗੇ ਭਿਆਨਕ ਜਾਨ ਮਾਰੂ ਰੋਗ ਨੂੰ ਫੈਲਣ ਤੋਂ ਬਚਾਉਣਾ ਚਾਹੁੰਦੇ ਹਾਂ, ਖ਼ਾਸਕਰ ਉਨਾਂ ਸਭ ਤੋਂ ਵੱਧ ਕਮਜ਼ੋਰ ਲੋਕਾਂ ਲਈ, ਤਾਂ ਸਾਨੂੰ ਖੋਜ ਅਤੇ ਵਿਕਾਸ ਨੂੰ ਤੇਜ਼ੀ ਨਾਲ ਅੱਗੇ ਵਧਾਉਣ ਦਾ ਢੰਗ ਲੱਭਣ ਦੀ ਲੋੜ ਹੈ।



ਇਸ ਲਈ ਸਰਕਾਰਾਂ, ਨਿੱਜੀ ਉੱਦਮ, ਅਤੇ ਪਰਉਪਕਾਰੀ ਸੰਸਥਾਵਾਂ ਨੂੰ ਆਰ ਐਂਡ . ਡੀ ਨੂੰ ਵਧੇਰੇ ਫੰਡ ਦੇਣ ਲਈ ਹੁਣ ਜਲਦੀ ਜਲਦੀ ਕੰਮ ਕਰਨ ਦੀ ਲੋੜ ਹੈ।ਜਿੰਨਾਂ ਵਿੱਚ ਉਹਨਾਂ ਵੱਲੋਂ ਹੁਣ ਪ੍ਰਭਾਵਸ਼ਾਲੀ 50 ਮਿਲੀਅਨ ਡਾਲਰ ਦੀ ਸਹਾਇਤਾ ਦਾਨ ਵਜੋਂ ਹੈ, ਇਹ ਸਿਰਫ ਗੇਟਸ ਫਾਉਂਡੇਸ਼ਨ ਦੁਆਰਾ ਪੇਸ਼ ਕੀਤੇ ਗਏ ਵੱਡੇ ਫੰਡ ਦਾ ਇਕ ਬਹੁਤ ਵੱਡਾ ਹਿੱਸਾ ਹੈ।ਇਸ ਨੇ ਵੈਲਕਮ ਨਾਲ ਭਾਈਵਾਲੀ ਕੀਤੀ ਹੈ, ਜਿਸ ਵਿਚ 50 ਮਿਲੀਅਨ ਡਾਲਰ ਦਾ ਯੋਗਦਾਨ ਹੈ।ਅਤੇ ਮਾਸਟਰਕਾਰਡ ਪ੍ਰਭਾਵ ਹੈ, ਜਿਸ ਨੇ 25 ਮਿਲੀਅਨ ਡਾਲਰ ਦੀ ਵਚਨਬੱਧਤਾ ਕੀਤੀ ਹੈ, ਅਤੇ ਇਸ ਨੂੰ ਕੁਲ 125 ਮਿਲੀਅਨ ਡਾਲਰ 'ਤੇ ਪਹੁੰਚਾਇਆ ਹੈ।ਸਾਰਿਆਂ ਦਾ ਉਦੇਸ਼ ਖੋਜ ਨੂੰ ਸਾਂਝਾ ਕਰਨਾ, ਨਿਵੇਸ਼ਕਾਂ ਅਤੇ ਪੂਲ ਦੇ ਸਰੋਤਾਂ ਦਾ ਤਾਲਮੇਲ ਕਰਨਾ ਇਕ ਵਿਵਹਾਰ ਇਲਾਜ ਦੇ ਤੇਜ਼ ਰਸਤੇ ਨੂੰ ਲੱਭਣਾ ਜ਼ਰੂਰੀ ਹੈ। ਅਗਵਾਈ ਕਰਨ ਵਾਲੀਆਂ ਸੰਸਥਾਵਾਂ ਦੀ ਪਹੁੰਚਣ ਵਿੱਚ ਤਿੰਨ-ਪੱਖੀ ਪਹੁੰਚ ਹੈ, ਇਕ ਪ੍ਰੈਸ ਬਿਆਨ ਵਿੱਚ ਕਿਹਾ ਗਿਆ ਹੈ: 3®੭94-19, 2 ਇਸ ਦੇ ਵਿਰੁੱਧ ਗਤੀਵਿਧੀਆਂ ਲਈ ਮਨਜ਼ੂਰ ਸ਼ੁਦਾ ਦਵਾਈਆਂ ਦੀ ਪਰਖ ਕਰਨਾ, ਹਜ਼ਾਰਾਂ ਮਿਸ਼ਰਣਾਂ ਦੀਆਂ ਲਾਇਬ੍ਰੇਰੀਆਂ ਦੀ ਪੁਸ਼ਟੀ ਵੀ ਕੀਤੀ ਗਈ ਹੈ। ਸੁਰੱਖਿਆ ਦੇ ਅੰਕੜਿਆਂ ਨਾਲ ਜਾਂਚ ਕਰਨਾ ਅਤੇ ਵਿਚਾਰ ਕਰਨਾ ਨਵੇਂ ਤਫ਼ਤੀਸ਼ ਮਿਸ਼ਰਣ ਅਤੇ ਮੋਨਕਲੋਨਲ ਐਂਟੀਬਾਡੀਜ਼. ਸ਼ੁਰੂਆਤੀ ਸਕ੍ਰੀਨਿੰਗ ਨੂੰ ਪਾਸ ਕਰਨ ਵਾਲੀਆਂ ਦਵਾਈਆਂ ਜਾਂ ਪ੍ਰਭਾਵਸ਼ਾਲੀ ਐਂਟੀਬਾਡੀਜ਼ ਦਾ ਹੋਰ ਵਿਕਸਤ ਕੀਤਾ ਜਾਣਾ ਹੈ,ਅਤੇ ਨਾਲ ਹੀ, ਐਕਸਲੇਟਰ ਦੀਆਂ ਨਿਯਮੀਆਂ ਨਾਲ ਮਾਪਦੰਡ ਅਤੇ ਨਿਰਮਾਣ ਸਮਰੱਥਾ ਨੂੰ ਇਕਸਾਰ ਕਰਨ ਲਈ ਵੀ ਕੰਮ ਕਰੇਗਾ।ਵੈਲਕਮ ਦੇ ਡਾਇਰੈਕਟਰ, ਡਾ. ਜੇਰੇਮੀ ਫਰਾਰ ਨੇ ਇਕ ਬਿਆਨ ਵਿੱਚ ਇਹ ਵੀ ਕਿਹਾ, ਕੋਵਿਡ -19 ਇਕ ਬਹੁਤ ਹੀ ਚੁਣੌਤੀਪੂਰਨ ਵਾਇਰਸ ਹੈ, ਪਰ ਅਸੀਂ ਸਾਬਤ ਕਰ ਦਿੱਤਾ ਹੈ ਕਿ ਸਰਹੱਦਾਂ ਦੇ ਪਾਰ ਮਿਲ ਕੇ ਅਸੀਂ ਉੱਭਰ ਰਹੀਆਂ ਛੂਤ ਦੀਆਂ ਬਿਮਾਰੀਆਂ ਨਾਲ ਨਜਿੱਠ ਸਕਦੇ ਹਾਂ। ਸਾਨੂੰ 3®੭94-19 ਦੇ ਮੱਦੇਨਜ਼ਰ ਕੋਸ਼ਿਸ਼ਾਂ ਨੂੰ ਮਜ਼ਬੂਤ ਕਰਨ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ, ਅਤੇ ਅਜਿਹਾ ਕਰਦੇ ਹੋਏ, ਇਹ ਯਕੀਨੀ ਬਣਾਉਣਾ ਜਾਰੀ ਰੱਖਣਾ ਚਾਹੀਦਾ ਹੈ ਕਿ ਤਰੱਕੀ ਸਾਰਿਆਂ ਲਈ ਪਹੁੰਚਯੋਗ ਅਤੇ ਕਿਫਾਇਤੀ ਹੈ। ਜੇ ਅਸੀਂ ਇਸ ਮਹਾਂਮਾਰੀ ਦੇ ਰਾਹ ਨੂੰ ਬਦਲਣਾ ਚਾਹੁੰਦੇ ਹਾਂ, ਤਾਂ ਹੁਣ, ਪੈਮਾਨੇ 'ਤੇ, ਜੋਖਮ ਅਤੇ ਸਮੂਹਿਕ ਵਿਸ਼ਵ ਵਿਆਪੀ ਯਤਨ ਵਜੋਂ ਨਿਵੇਸ਼ ਕਰਨਾ ਬਹੁਤ ਜ਼ਰੂਰੀ ਹੈ।

# ਅਮਰੀਕਾ 'ਚ ਛਿੱਕ ਮਾਰਨ ਤੋਂ ਜਹਾਜ਼ ਨੂੰ ਥੱਲੇ ਉਤਾਰਨਾ ਪਿਆ

**ਨਿਊ ਜਰਸੀ/ਹੁਸਨ ਲੜੋਆ ਬੰਗਾ:** ਕਰੋਨਾ ਵਾਇਰਸ ਦਾ ਡਰ ਇਸ ਕਦਰ ਵੱਧ ਗਿਆ ਹੈ ਕਿ ਜਹਾਜ ਸਵਾਰ ਇਕ ਵਿਅਕਤੀ ਦੇ ਛਿੱਕ ਮਾਰਨ ਤੇ ਉਡਦੇ ਜਹਾਜ਼ ਨੂੰ ਲੈਂਡਿੰਗ ਕਰਵਾਉਣੀ ਪਈ। ਇਹ ਯੂਨਾਈਟਿਡ ਏਅਰ ਲਾਈਨ ਦਾ ਜਹਾਜ ਕੋਲੋਰਾਡੋ ਤੋਂ ਨਿਉਆਰਕ, ਨਿਉ ਜਰਸੀ ਲਈ ਰਵਾਨਾ ਹੋਇਆ ਸੀ। ਜਦੋਂ ਇਕ ਵਿਅਕਤੀ ਨੂੰ ਛਿੱਕ ਆ ਗਈ ਤਾਂ ਯਾਤਰੀਆਂ ਦਾ ਉਸ ਵਿਆਕਤੀ ਤੇ ਧਿਆਨ ਕੇਂਦਰਿਤ ਹੋ ਗਿਆ ਤੇ ਯਾਤਰੀਆਂ ਨੇ ਜਹਾਜ ਦੇ ਅਮਲੇ ਨੂੰ ਸੂਚਿਤ ਕੀਤਾ ਤੇ ਜਹਾਜ ਨੂੰ ਫਿਰ ਡੈਨਵਰ ਵੱਲ ਮੋੜਿਆ ਗਿਆ। ਡੇਨਵਰ ਸੀਬੀਐਸ ਦੇ ਅਨੁਸਾਰ, ਤਿੰਨ ਲੋਕਾਂ ਨੂੰ ਉਡਾਣ ਤੋਂ ਉਤਾਰ ਦਿੱਤਾ ਗਿਆ ।ਯੂਨਾਈਟਿਡ ਏਅਰ ਲਾਈਨ ਦੇ ਅਧਿਕਾਰੀਆਂ ਨੇ ਦੱਸਿਆ ਕਿ ਛਿੱਕ ਮਾਰਨ ਵਾਲੇ ਯਾਤਰੀ ਨੂੰ ਐਲਰਜੀ ਸੀ ਅਤੇ ਸਕ੍ਰੀਨਿੰਗ ਤੋਂ ਪਤਾ ਚੱਲਿਆ ਕਿ ਯਾਤਰੀ ਨੂੰ ਬੁਖਾਰ ਨਹੀਂ ਸੀ। ਹਵਾਈ ਜਹਾਜ਼ ਚ ਸਵਾਰ ਯਾਤਰੀਆਂ ਦੀਆਂ ਪ੍ਰਤੀਕ੍ਰਿਆਵਾਂ ਕੋਰੋਨਾਵਾਇਰਸ ਪ੍ਰਕੋਪ ਕਰਕੇ ਹੀ ਆਈਆਂ ਜਿਸਨੇ ਵਿਸ਼ਵ ਭਰ ਦੇ 121,000 ਤੋਂ ਵੱਧ ਲੋਕਾਂ ਨੂੰ ਪ੍ਰਭਾਵਿਤ ਕੀਤਾ ਹੈ। ਡੇਨਵਰ ਪੁਲਿਸ ਨੇ ਦੱਸਿਆ ਕਿ ਫਲਾਈਟ ਦੁਬਾਰਾ ਡੇਨਵਰ ਲਈ ਗਈ ਸੀ ਅਤੇ ਤਿੰਨ ਸ਼ੱਕੀ ਯਾਤਰੀਆਂ ਨੂੰ ਉਤਾਰ ਦਿੱਤਾ ਗਿਆ ਸੀ। ਯੂਨਾਈਟਿਡ ਏਅਰਲਾਇੰਸ ਨੇ ਦੱਸਿਆ ਕਿ ਯੂਨਾਈਟਿਡ 1562 ਈਗਲ, ਕੋਲੋਰਾਡੋ ਤੋਂ ਨਿਆਰਕ ਲਈ ਰਵਾਨਾ ਹੋਇਆ, ਯਾਤਰੀਆਂ ਦੇ ਇੱਕ ਸਮੂਹ ਨੇ ਜਹਾਜ਼ ਦੇ ਚਾਲਕਾਂ ਦੇ ਮੈਂਬਰਾਂ ਦੀਆਂ ਹਦਾਇਤਾਂ ਦੀ ਪਾਲਣਾ ਨਹੀਂ ਕੀਤੀ ਪਰ ਸੁਰੱਖਿਆ ਲਈ ਤਿੰਨ ਯਾਤਰੀਆਂ ਨੂੰ ਉਤਾਰਨਾ ਪਿਆ, ਫਿਰ ਵੀ ਐਫਬੀਆਈ ਸਥਿਤੀ ਦੀ ਜਾਂਚ ਕਰ ਰਿਹਾ ਹੈ।

# ਪੰਥਕ ਸਲੇਟ ਵਲੋਂ 21 ਮਾਰਚ ਦੀ ਕੀਤੀ ਜਾਣ ਵਾਲੀ ਕਾਨਫਰੰਸ ਰੱਦ

**ਪੈਲਾਟਾਇਨ/ਮੱਖਣ ਕਲੇਰ:** ਸਿੱਖ ਰਿਲੀਜੀਅਸ ਸੁਸਾਇਟੀ ਪੈਲਾਟਾਇਨ ਗੁਰਦੁਆਰਾ ਸਾਹਿਬ ਦੀਆਂ ਹੋਣ ਜਾ ਰਹੀਆਂ ਚੋਣਾਂ ਦੇ ਸਬੰਧ ਵਿੱਚ ਪੰਥਕ ਸਲੇਟ ਦੇ ਕੈਂਡੀਡੇਟਾਂ , ਵੋਟਰਾਂ ਤੇ ਸਪੋਟਰਾਂ ਦੀ 21 ਮਾਰਚ ਦਿਨ ਸ਼ਨਿੱਚਰਵਾਰ ਨੂੰ ਐਟਲਾਂਟਿਸ ਬੈਂਕਟੂਹਾਲ ਵਿੱਚ ਹੋਣ ਵਾਲੀ ਕਾਨਫਰੰਸ ਰੱਦ ਕਰ ਦਿੱਤੀ ਗਈ ਹੈ। ਕਰੋਨਾ ਵਾਇਰਸ ਦੇ ਵੱਧ ਰਹੇ ਖਤਰੇ ਅਤੇ ਇਲੀਨਾਇਸ ਸਟੇਟ ਦੇ ਸਰਕਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਾਰੇ ਵੱਡੇ ਇਕੱਠਾਂ ਨੂੰ ਬੰਦ ਕਰਨ ਦੇ ਆਏ ਹੁਕਮਾਂ ਅਤੇ ਸੰਗਤ ਦੀ ਸਿਹਤ ਨੂੰ ਮੁੱਖ ਰੱਖਦਿਆਂ ਇਹ ਕਾਨਫਰੰਸ ਰੱਦ ਕੀਤੀ ਜਾਂਦੀ ਹੈ।


DIAMOND TRANSPORTATION

DIAMOND
Transportation
Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

# ਕਰੋਨਾ ਵਾਇਰਸ: ਅਫਵਾਹਾਂ ਤੋਂ ਬਚਣ ਅਤੇ ਜਾਗਰੂਕ ਹੋਣ ਦੀ ਲੋੜ



**- ਚਾਨਣ ਦੀਪ ਸਿੰਘ**

ਚੀਨ ਦੇ ਸ਼ਹਿਰ ਵੁਹਾਨ ਵਿਚ ਦਸੰਬਰ 2019 ਵਿਚ ਸਭ ਤੋਂ ਪਹਿਲਾ ਸਾਰਸ (ਸਵਿਅਰ ਅਕਿਊਟ ਰੈਸਪਿਰੇਟਰੀ ਸਿੰਡ੍ਰਾਮ) ਜਿਹੇ ਰਹੱਸਮਈ ਕੋਰੋਨਾ ਵਾਇਰਸ ਦਾ ਪਹਿਲਾ ਮਾਮਲਾ ਸਾਹਮਣੇ ਆਇਆ ਸੀ। ਇਸ ਵਾਇਰਸ ਨੂੰ ਹੁਣ ਸੀਓਵੀਆਈਡੀ-19 ਦਾ ਨਾਮ ਦਿੱਤਾ ਗਿਆ ਹੈ। ਇਸ ਵਾਇਰਸ ਦਾ ਅਜੇ ਕੋਈ ਵੀ ਇਲਾਜ ਨਹੀਂ ਲੱਭਿਆ ਜਾ ਸਕਿਆ। ਚੀਨ ਤੋਂ ਬਾਅਦ ਇਹ ਦੁਨੀਆਂ ਦੇ ਬਹੁਤ ਸਾਰੇ ਦੇਸਾਂ ਵਿਚ ਪੈਰ ਪਸਾਰ ਰਿਹਾ ਹੈ। ਖ਼ਤਰਾ ਇਸ ਗੱਲ ਦਾ ਹੈ ਕਿ ਇਹ ਬੜੀ ਤੇਜੀ ਨਾਲ ਫੈਲਦਾ ਹੈ । ਕਰੋਨਾ ਵਾਇਰਸ ਹੁਣ ਤੱਕ ਸਵਾ ਲੱਖ ਤੋਂ ਜਿਆਦਾ ਮਨੁੱਖਾਂ ਨੂੰ ਆਪਣੀ ਲਪੇਟ ਵਿਚ ਲੈ ਚੁਕਿਆ ਹੈ ਅਤੇ ਇਸ ਨਾਲ 4000 ਤੋਂ ਵਧੇਰੇ ਮਰੀਜਾਂ ਦੀ ਮੌਤ ਹੋ ਚੁੱਕੀ ਹੈ। ਵਿਸ਼ਵ ਸਿਹਤ ਸੰਗਠਨ ਨੇ ਇਸਨੂੰ ਕੌਮਾਂਤਰੀ ਮਹਾਂਮਾਰੀ ਐਲਾਨ ਦਿੱਤਾ ਹੈ।

ਕਰੋਨਾ ਵਾਇਰਸ ਨੇ ਮਨੁੱਖੀ ਜਨ ਜੀਵਨ ਤੇ ਬਹੁਤ ਬੁਰਾ ਅਸਰ ਪਾਇਆ ਹੈ। ਚੀਨ ਸਮੇਤ ਦੁਨੀਆਂ ਭਰ ਦੀ ਆਰਥਿਕਤਾ ਅਤੇ ਸ਼ੇਅਰ ਬਜ਼ਾਰ ਵਿਚ ਗਿਰਾਵਟ ਆ ਰਹੀ ਹੈ। ਖੇਡ ਸਮਾਗਮਾਂ , ਹਵਾਈ ਯਾਤਰਾ , ਇਕੱਠ , ਮੇਲਿਆਂ ਵਿਚ ਰੁਕਾਵਟ ਆ ਗਈ ਹੈ।

ਇਹ ਰੋਗ ਮਰੀਜ ਦੇ ਸੰਪਰਕ ਵਿਚ ਆਉਣ, ਛੂਹਣ, ਹੱਥ ਮਿਲਾਉਣ ਜਾਂ ਬਿਨਾ ਮੂੰਹ ਢਕੇ ਖੰਘਣ, ਛਿਕਣ ਨਾਲ ਇਹ ਤੰਦਰੁਸਤ ਮਨੁੱਖ ਨੂੰ ਹੋ ਸਕਦਾ ਹੈ । ਸਾਹ ਸਬੰਧੀ ਦੂਜੀਆਂ ਬੀਮਾਰੀਆਂ ਵਾਂਗ ਬੁਖਾਰ, ਖੰਘ ਤੇ ਸਾਹ ਲੈਣ ਵਿਚ ਦਿੱਕਤ ਇਸ ਵਾਇਰਸ ਦੇ ਲੱਛਣ ਹਨ। ਇਹ ਨਿਮੋਨੀਆ ਦਾ ਕਾਰਨ ਵੀ ਬਣ ਸਕਦਾ ਹੈ। ਕਰੋਨਾ ਵਾਇਰਸ ਦਾ ਪਤਾ ਇਸ ਦੇ ਲੱਛਣਾ ਤੋਂ ਲਗਾਇਆ ਜਾ ਸਕਦਾ ਹੈ ਜਿਵੇਂ ਇਸਦੇ ਨਾਲ ਬਹੁਤ ਤੇਜ ਬੁਖਾਰ ਰਹਿੰਦਾ ਹੈ, ਖਾਸੀ ਆਉਂਦੀ ਹੈ ਅਤੇ ਸਾਹ ਲੈਣ ‘ਚ ਵੀ ਦਿੱਕਤ ਆਉਂਦੀ ਹੈ।

ਸਾਨੂੰ ਇਸਦੇ ਬਚਾਅ ਲਈ ਸਭ ਤੋਂ ਪਹਿਲਾ ਜ਼ਰੂਰੀ ਹੈ ਕਿ ਆਪਣੀ ਰੋਗਾਂ ਨਾਲ ਲੜਨ ਦੀ ਸਕਤੀ ਨੂੰ ਵਧਾਉਣਾ ਚਾਹੀਦਾ ਹੈ ਅਤੇ ਖਾਣ ਪੀਣ ਦਾ ਵੀ ਖਾਸ ਧਿਆਨ ਰੱਖਣਾ ਚਾਹੀਦਾ ਹੈ। ਵੱਧ ਤੋਂ ਵੱਧ ਪਾਣੀ ਪੀਣਾ ਚਾਹੀਦਾ ਹੈ। ਇਸਤੋਂ ਇਲਾਵਾ ਹੱਥਾਂ ਨੂੰ ਚੰਗੀ ਤਰਾਂ ਵਾਰ-ਵਾਰ ਸਾਬਣ ਅਤੇ ਸਾਫ ਪਾਣੀ ਨਾਲ ਧੋਣਾ ਚਾਹੀਦਾ ਹੈ। ਜੁਕਾਮ ਜਾਂ ਖਾਸੀ ਸਮੇਂ ਮੂੰਹ ਢੱਕ ਕੇ ਰੱਖਣਾ ਚਾਹੀਦਾ ਹੈ ਜਾਂ ਟਿਸ਼ੂ ਪੇਪਰ ਦੀ ਵਰਤੋਂ ਕਰਨੀ ਚਾਹੀਦੀ ਹੈ ਤਾਂ ਜੋ ਬੈਕਟੀਰੀਆ ਅੰਦਰ ਨਾ ਜਾਣ । ਉਸਨੂੰ ਇਕ ਵਾਰ ਵਰਤਣ ਪਿਛੋਂ ਉਸੇ ਟਾਇਮ ਢੱਕਣ ਵਾਲੇ ਕੂੜੇਦਾਨ ਵਿਚ ਸੁੱਟ ਦੇਣਾ ਚਾਹੀਦਾ ਹੈ । ਭੀੜ ਵਾਲੀਆ ਥਾਵਾਂ ‘ਤੇ ਜਾਣ ਤੋਂ ਗੁਰੇਜ ਕਰਨਾ ਚਾਹੀਦਾ ਹੈ ਅਤੇ ਜਾਣਾ ਜ਼ਰੂਰੀ ਹੋਵੇ ਤਾਂ ਮਾਸਕ ਪਹਿਣ ਕੇ ਜਾਣਾ ਚਾਹੀਦਾ ਹੈ। ਬੁਖਾਰ ਅਤੇ ਖਾਸੀ ਵਾਲੇ ਮਰੀਜ ਤੋਂ ਇਕ ਮੀਟਰ ਦੂਰ ਰਹਿਣਾ ਚਾਹੀਦਾ ਹੈ। ਜੇਕਰ ਤੁਹਾਡੇ ਨੇੜੇ ਕੋਈ ਵਿਅਕਤੀ ਕਿਸੇ ਬਾਹਰ ਦੇ ਦੇਸ ਤੋਂ ਇਕ ਜਨਵਰੀ ਤੋਂ ਬਾਅਦ ਆਇਆ ਹੈ ਤਾਂ ਉਸਦੀ ਸੂਚਨਾ ਸਿਹਤ ਵਿਭਾਗ ਦੇ ਕਰਮਚਾਰੀਆਂ ਨੂੰ ਦੇਣੀ ਚਾਹੀਦੀ ਹੈ ਤਾਂ ਕਿ ਉਹ ਉਸਦੀ ਲੋੜੀਦੀ ਜਾਂਚ ਕਰ ਸਕਣ। ਹੁਣ ਭਾਰਤ ਸਰਕਾਰ ਨੇ ਬਾਹਰੀ ਲੋਕਾਂ ਦੇ ਆਉਣ ਤੇ ਪਾਬੰਦੀ ਹੀ ਲਗਾ ਦਿੱਤੀ ਹੈ।

ਕਰੋਨਾ ਵਾਇਰਸ ਬਾਰੇ ਅਫਵਾਹਾਂ ਦਾ ਬਜ਼ਾਰ ਵੀ ਗਰਮ ਹੈ। ਜਿਨਾਂ ਨਾਲ ਲੋਕਾਂ ਵਿਚ ਡਰ ਦਾ ਮਹੌਲ ਬਣਿਆ ਹੋਇਆ ਹੈ। ਅਜਿਹੇ ਸਮੇਂ ਮਾਸਕ ਅਤੇ ਸੈਨੇਟਾਇਜਰ ਵਿਕਰੇਤਾਵਾਂ ਵੱਲੋਂ ਲੋਕਾਂ ਦੀ ਲੁੱਟ ਕੀਤੀ ਜਾ ਰਹੀ ਹੈ। ਬਹੁਤੇ ਲੋਕ ਕਰੋਨਾ ਵਾਇਰਸ ਬਾਰੇ ਤਰਾਂ ਤਰਾਂ ਦੇ ਨੁਖਸ਼ੇ ਅਤੇ ਟੂਣੇ ਟੋਟਕੇ ਦੱਸ ਰਹੇ ਹਨ। ਪਰ ਸਨੂੰ ਇਨਾਂ ਸਭ ਗੱਲਾਂ ਤੋਂ ਉੱਪਰ ਉੱਠ ਕੇ ਸਭ ਤੋਂ ਪਹਿਲਾਂ ਆਪਣੇ ਆਪ ਨੂੰ ਅਤੇ ਹੋਰ ਲੋਕਾਂ ਨੂੰ ਕਰੋਨਾ ਵਾਇਰਸ ਤੋਂ ਬਚਾਉਣ ਲਈ ਜਾਗਰੁਕਤਾ ਫੈਲਾਉਣੀ ਚਾਹੀਦੀ ਹੈ। ਸਿਹਤ ਵਿਭਾਗ ਨੇ ਕਰੋਨਾ ਵਾਇਰਸ ਦਾ ਮੁਕਾਬਲਾ ਕਰਨ ਲਈ ਤਿਆਰੀਆਂ ਕਰ ਲਈਆਂ ਹਨ ਪਰ ਆਮ ਲੋਕਾਂ ਨੂੰ ਵੀ ਇਸ ਨਾਲ ਨਜਿਠਣ ਵਾਸਤੇ ਸਾਥ ਦੇਣ ਲਈ ਅੱਗੇ ਆਉਣਾ ਚਾਹੀਦਾ ਹੈ ।

**-ਸਿਹਤ ਤੇ ਪਰਿਵਾਰ ਭਲਾਈ ਵਿਭਾਗ ਮਾਨਸਾ, ਸੰਪਰਕ: 9876888177**

# ਅੰਤਰ-ਰਾਸ਼ਟਰੀ ਮਹਿਲਾ ਦਿਵਸ ਨੂੰ ਸਮਰਪਿਤ ਜਾਗ੍ਰਿਤੀ ਅਤੇ ਸਨਮਾਨ ਸਮਾਰੋਹ ਕਰਵਾਇਆ

**ਬੰਗਾ/ਏ.ਟੀ.ਨਿਊਜ਼:** ਪੰਚਾਇਤ ਯੂਨੀਅਨ ਪੰਜਾਬ ਬਲਾਕ ਬੰਗਾ ਅਤੇ ਗ੍ਰਾਮ ਪੰਚਾਇਤ ਪਿੰਡ ਚੱਕ ਕਲਾਲ ਵਲੋਂ ਅੰਤਰ-ਰਾਸ਼ਟਰੀ ਮਹਿਲਾ ਦਿਵਸ ਨੂੰ ਸਮਰਪਿਤ ਜਾਗ੍ਰਿਤੀ ਅਤੇ ਸਨਮਾਨ ਸਮਾਰੋਹ ਕਰਵਾਇਆ ਗਿਆ ਜਿਸ ਵਿਚ ਉੱਘੇ ਪੱਤਰਕਾਰ ਅਤੇ ਕਾਲਮ ਨਵੀਸ ਐੱਸ.ਅਸ਼ੋਕ ਭੌਰਾ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਇਸ ਮੌਕੇ ਉਹਨਾਂ ਨੇ ਹਾਜ਼ਰ ਲੋਕਾਂ ਨੂੰ ਆਪਣੇ ਸੰਬੋਧਨ ਵਿਚ ਕਿਹਾ ਕਿ ਔਰਤਾਂ ਨੂੰ ਜੇਕਰ ਮੌਕੇ ਦਿੱਤੇ ਜਾਣ ਤਾਂ ਉਹ ਹਰ ਖੇਤਰ ਵਿਚ ਤਰੱਕੀ ਕਰ ਸਕਦੀਆਂ ਹਨ। ਵਿਦੇਸ਼ਾਂ ਵਿਚ ਔਰਤਾਂ ਨੂੰ ਵਧੇਰੇ ਮੌਕੇ ਮਿਲਦੇ ਹਨ, ਉਹ ਮਰਦਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਹਰ ਖੇਤਰ ਵਿਚ ਤਰੱਕ ਕਰ ਰਹੀਆਂ ਹਨ। ਬਰਾਬਰਤਾ ਦੇ ਅਧਿਕਾਰ ਕਾਰਨ ਉਹ ਦੇਸ਼ ਵਧੇਰੇ ਤਰੱਕੀ ਕਰ ਰਹੇ ਹਨ। ਔਰਤਾਂ ਨੂੰ ਮਰਦ ਦੇ ਬਰਾਬਰ ਦੀ ਆਜ਼ਾਦੀ ਪ੍ਰਾਪਤ ਹੈ, ਜਿਸ ਕਾਰਨ ਔਰਤਾਂ ਦਾ ਜੀਵਨ ਵਧੇਰੇ ਖੁਸ਼ਹਾਲ ਹੈ। ਔਰਤਾਂ ਵਰਗੇ ਵਿਕਸਤ ਦੇਸ਼ ਵਿਚ ਅੱਧੀ ਰਾਤ ਨੂੰ ਸੜਕ ’ਤੇ ਤੁਰੀ ਜਾਂਦੀ ਔਰਤ ਵੀ ਸੁਰੱਖਿਅਤ ਹੈ ਪਰ ਭਾਰਤ ਵਿਚ ਔਰਤਾਂ ਹਮੇਸ਼ਾ ਅਸੁਰੱਖਿਅਤ ਹਨ। ਇੱਥੇ ਔਰਤਾਂ ਨੂੰ ਬਹੁਤ ਘੱਟ ਮੌਕੇ ਮਿਲਦੇ ਹਨ ਜਿਸ ਕਾਰਨ ਖਾਸ ਕਰ ਪੇਂਡੂ ਔਰਤਾਂ ਅਜੇ ਵੀ ਮਰਦਾਂ ਦੇ ਅਧੀਨ ਹਨ। ਪਰ ਭਾਰਤ ਵਿਚ ਵੀ ਜਿਨਾਂ ਔਰਤਾਂ ਨੂੰ ਬਰਾਬਰ ਦਾ ਮੌਕਾ ਮਿਲਿਆ ਹੈ, ਉਹਨਾਂ ਨੇ ਨਾ ਸਿਰਫ ਮਰਦਾਂ ਨੂੰ ਮੁਕਾਬਲਾ ਦਿੱਤਾ ਹੈ, ਸਗੋਂ ਬਹੁਤ ਸਾਰੇ ਖੇਤਰਾਂ ਵਿਚ ਔਰਤਾਂ ਮਰਦਾਂ ਨੂੰ ਪਛਾੜ ਕੇ ਅੱਗੇ ਲੰਘ ਗਈਆਂ ਹਨ। ਇਸ ਲਈ ਜੇਕਰ ਭਾਰਤ ਨੇ ਅੰਤਰ-ਰਾਸ਼ਟਰੀ ਪੱਧਰ ਤੇ ਆਪਣੀ ਵੱਖਰੀ ਅਤੇ ਸਫਲ ਪਛਾਣ ਬਣਾਉਣੀ ਹੈ ਤਾਂ ਔਰਤਾਂ ਨੂੰ ਵਧੇਰੇ ਮੌਕੇ ਦੇ ਕੇ ਤਰੱਕੀ ਕਰਨ ਦੇ ਰਾਹ ਖੋਲਣੇ ਚਾਹੀਦੇ ਹਨ ਅਤੇ ਔਰਤਾਂ ਦੀ ਸੁਰੱਖਿਆ ਦੇ ਖਾਸ ਪ੍ਰਬੰਧ ਕਰਨੇ ਚਾਹੀਦੇ ਹਨ।

ਇਸ ਮੌਕੇ ਇਲਾਕੇ ਦੀਆਂ ਉਹਨਾਂ ਔਰਤਾਂ ਨੂੰ ਸਨਮਾਨ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ ਜਿਨਾਂ ਨੇ ਸਮਾਜ ਦੀ ਸੌੜੀ ਸੋਚ ਤੋਂ ਉੱਪਰ ਉਠ ਕੇ ਕੁਝ ਵੱਖਰਾ ਕਰਨ ਦਾ ਯਤਨ ਕੀਤਾ। ਜਿਨਾਂ ਵਿਚ ਬੀਬੀ ਰਸ਼ਪਾਲ ਕੌਰ ਬੀਕਾ, ਜਿਨਾਂ ਨੇ ਇੰਗਲੈਂਡ ਤੋਂ ਵਾਪਿਸ ਆ ਕੇ ਆਪਣੇ ਪਿੰਡ ਬੀਕਾ ਵਿਚ ਸਾਬਣ ਸਰਫ ਬਣਾਉਣ ਦੀ ਫੈਕਟਰੀ ਲਗਾ ਕੇ ਦਰਜਨਾ ਔਰਤਾਂ ਨੂੰ ਰੁਜ਼ਗਾਰ ਦਿੱਤਾ ਹੈ। ਬੀਬੀ ਰਜਨੀ ਬਾਲਾ, ਜਿਨਾਂ ਨੇ ਭਾਰਤੀ ਜੀਵਨ ਬੀਮਾ ਨਿਗਮ ਵਿਚ ਉੱਚਾ ਮੁਕਾਮ ਪ੍ਰਾਪਤ ਕੀਤਾ ਹੈ ਅਤੇ ਮੈਡਮ ਹਰਜਿੰਦਰ ਕੌਰ ਚਾਹਲ ਜਿਨਾਂ ਨੇ ਪੱਤਰਕਾਰੀ ਅਤੇ ਵਿਉਪਾਰ ਦੇ ਖੇਤਰ ਵਿਚ ਖੁਦ ਨੂੰ ਸਾਬਿਤ ਕੀਤਾ ਹੈ। ਇਹਨਾਂ ਵਿਲੱਖਣ ਪ੍ਰਾਪਤੀਆਂ ਕਰਨ ਇਹਨਾਂ ਮਹਾਨ ਸਖਸ਼ੀਅਤਾਂ ਦਾ ਸਨਮਾਨ ਕੀਤਾ ਗਿਆ।

ਸਮਾਰੋਹ ਵਿਚ ਪ੍ਰਗਤੀ ਕਲਾ ਕੇਂਦਰ ਲਾਂਦੜਾ ਦੀ ਟੀਮ ਨੇ ‘ਮੈਂ ਨਬਾਮ ਰੌਸ਼ਨ ਕਰੂੰਗੀ’, ‘ਮੰਗਤੀ ਉਪੇਰਾ’, ਨਾਟਕ ‘ਮੀਰਾ ਜਾਗ ਪਈ’ ਅਤੇ ‘ਧੀ ਧਿਆਣੀ’ ਕੋਰੀਓਗ੍ਰਾਫੀ ਰਾਹੀਂ, ਸਮਾਜ ਨੂੰ ਜਾਗਰੂਕ ਕੀਤਾ। ਇਹਨਾਂ ਪੇਸ਼ਕਾਰੀਆਂ ਨੂੰ ਲੋਕ ਦੇਰ ਰਾਤ ਤੱਕ ਕੀਲ ਕੇ ਬਿਠਾਈ ਰੱਖੇ। ਇਸ ਸਮਾਰੋਹ ਮੁੱਖ ਪ੍ਰਬੰਧਕ ਸੰਤੋਖ ਸਿੰਘ ਜੱਸੀ, ਪ੍ਰਧਾਨ ਪੰਚਾਇਤ ਯੂਨੀਅਨ ਪੰਜਾਬ, ਬਲਾਕ ਬੰਗਾ ਸਨ। ਸਟੇਜ ਸਕੱਤਰ ਦੀ ਭੂਮਿਕਾ ਸੰਜੀਵ ਐਮਾਂ ਜੱਟਾਂ ਨੇ ਨਿਭਾਈ। ਇਸ ਮੌਕੇ ਮੋਹਣ ਬੀਕਾ, ਪ੍ਰਧਾਨ ਤਰਕਸ਼ੀਲ ਸੁਸਾਇਟੀ ਬੰਗਾ, ਪਿੰਡ ਦੀ ਗ੍ਰਾਮ ਪੰਚਾਇਤ ਅਤੇ ਪਿੰਡ ਦੇ ਹੋਰ ਮੋਹਤਬਰ ਵਿਅਕਤੀਆਂ ਤੋਂ ਇਲਾਵਾ ਭਾਰੀ ਗਿਣਤੀ ਵਿਚ ਔਰਤਾਂ ਨੇ ਸ਼ਮੂਲੀਅਤ ਕੀਤੀ। ਅੰਤ ਵਿਚ ਸਮਾਰੋਹ ਦੇ ਮੁੱਖ ਪ੍ਰਬੰਧਕ ਸੰਤੋਖ ਸਿੰਘ ਜੱਸੀ ਨੇ ਮੁੱਖ ਮਹਿਮਾਨ ਅਤੇ ਹੋਰ ਸਖਸ਼ੀਅਤਾਂ ਅਤੇ ਹਾਜ਼ਰ ਲੋਕਾਂ ਦਾ ਧੰਨਵਾਦ ਵੀ ਕੀਤਾ ਅਤੇ ਹਾਜ਼ਰ ਲੋਕਾਂ ਨੂੰ ਅਗਾਂਗ ਵਧੂ ਸਾਹਿਤ ਅਤੇ ਵਿਦਿਆਰਥੀ ਸਮੱਗਰੀ ਵੰਡੀ ਗਈ।


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- Excellent Payment
- Easy Aboard ELD Logbook



ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ

MC NO. # 464630

3096 Farrar Ave Modesto, CA 95354

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ ’ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

# ਕਨੇਟੀਕਟ ਦੇ ਗਵਰਨਰ ਵਲੋਂ 14 ਮਾਰਚ ਨੂੰ ਸਿੱਖ ਨਵੇਂ ਸਾਲ ਵਜੋਂ ਮਨਾਉਣ ਦਾ ਐਲਾਨ

**ਵਾਸ਼ਿੰਗਟਨ/ਰਾਜ ਗੋਗਨਾ :** ਅਮਰੀਕਾ ਦੇ ਸੂਬੇ ਕਨੇਟੀਕਟ ਦੇ ਗਵਰਨਰ ਨੇ ਬੀਤੇਂ ਦਿਨ ਮਾਰਚ 14 ਨੂੰ "ਸਿੱਖ ਨਿਊ ਈਯਰ ਸਿੱਖ ਨਵੇਂ ਸਾਲ" ਵਜੋਂ ਮਨਾਉਣ ਦਾ ਕੀਤਾ ਐਲਾਨ ਕੀਤਾ। ਜਿਕਰਯੋਗ ਹੈ ਕਿ ਅਮਰੀਕਾ ਦੇ 125 ਸਾਲਾ ਦੇ ਸਿੱਖ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋਇਆ ਹੈ ਕਿ ਅਮਰੀਕਾ ਦੀ ਇਕ ਸਟੇਟ ਦੇ ਗਵਰਨਰ ਨੇ ਸਿੱਖਾਂ ਦੇ ਕੈਲੰਡਰ ਨੂੰ ਮੁੱਖ ਰੱਖ ਕੇ ਸਿੱਖਾਂ ਨੂੰ ਨਾ ਹੀ ਸਿਰਫ ਉਹਨਾਂ ਨੂੰ ਨਵੇਂ ਸਾਲ ਦੀਆ ਮੁਬਾਰਕਾਂ ਦਿੱਤੀਆਂ ਹਨ ਸਗੋਂ 'ਮਾਰਚ 14' ਨੂੰ 'ਸਿੱਖ ਨਿਊ ਈਯਰ ਸਿੱਖ ਨਵੇਂ ਸਾਲ' ਵਜੋਂ ਮਾਨਤਾ ਵੀ ਦਿੱਤੀ ਗਈ ਹੈ।ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਨਾਨਕਸ਼ਾਹੀ ਸਿੱਖ ਕੈਲੰਡਰ ਮੁਤਾਬਿਕ ਮਾਰਚ 14 ਨੂੰ ਸਿੱਖਾਂ ਦੇ ਪਹਿਲੇ ਮਹੀਨੇ 'ਚੇਤ' ਦੀ ਸ਼ੁਰੂਆਤ ਹੁੰਦੀ ਹੈ ਜਿਸ ਮੁਤਾਬਿਕ ਮਾਰਚ 14 ਸਿੱਖਾਂ ਦਾ ਨਵਾਂ ਸਾਲ ਹੈ।ਇਹ ਜਾਣਕਾਰੀ ਕਨੇਟੀਕਟ ਤੋਂ ਵਰਲਡ ਸਿੱਖ ਪਾਰਲੀਮੈਂਟ ਦੇ ਮੈਂਬਰ ਸਵਰਨਜੀਤ ਸਿੰਘ ਖ਼ਾਲਸਾ ਨੇ ਸਾਂਝੀ ਕੀਤੀ ਅਤੇ ਦੱਸਿਆ ਕਿ ਉਨ੍ਹਾਂ ਨੇ ਗਵਰਨਰ 'ਨੇਡ ਲਾਮੋਂਟ' ਦੇ ਇਸ ਫ਼ੈਸਲੇ ਨੂੰ ਲੈ ਕੇ ਵਿਸ਼ੇਸ਼ ਤੌਰ ਤੇ ਉਨਾਂ ਦਾ ਵਰਲਡ ਸਿੱਖ ਪਾਰਲੀਮੈਂਟ ਨਾਂ ਓਡੀ ਸੰਸਥਾ ਵਲੋਂ ਵਿਸ਼ੇਸ਼ ਧੰਨਵਾਦ ਕੀਤਾ ਗਿਆ।ਅਤੇ ਇਹ ਪਹਿਲੀ ਵਾਰ ਨਹੀਂ ਜਦੋਂ ਸਿੱਖਾਂ ਦੀ ਆਵਾਜ਼ ਕਨੇਟੀਕਟ ਨੇ ਬੁਲੰਦ ਕੀਤੀ ਹੈ ਬਲਕਿ ਪਿੱਛਲੇ ਸਾਲ ਗਵਰਨਰ ਵਲੋਂ ਸਿੱਖ ਸ਼ਹੀਦਾਂ ਦੀ ਯਾਦ ਵਿੱਚ ਜੂਨ ਦੇ ਮਹੀਨੇ ਨੂੰ "ਸਿੱਖ ਯਾਦਗਾਰੀ ਮਹੀਨੇ - Sikh Memorial Month ਵਜੋਂ ਮਾਨਤਾ ਦਿੱਤੀ ਗਈ ਅਤੇ ਨਵੰਬਰ 1 ਨੂੰ ਹਰ ਸਾਲ 'ਸਿੱਖ ਨਸਲਕੁਸ਼ੀ ਯਾਦ ਦਿਵਸ' ਵਜੋਂ ਮਨਾਉਣ ਦਾ ਫੈਸਲਾ ਵੀ ਕੀਤਾ ਗਿਆ। ਇਹ ਐਲਾਨ ਕਨੇਟੀਕਟ ਸੂਬੇ ਦੀ ਡਿਪਟੀ ਗਵਰਨਰ ਸੂਸਨ ਬਿਸੇਵੇਜ਼ ਨੇ ਸ. ਸਵਰਨਜੀਤ ਸਿੰਘ ਖ਼ਾਲਸਾ ਦੇ ਗ੍ਰਹਿ ਵਿਖੇ ਇਕ ਅਹਿਮ ਮੀਟਿੰਗ ਦੇ ਦੌਰਾਨ ਕੀਤਾ ਅਤੇ ਵਰਲਡ ਸਿੱਖ ਪਾਰਲੀਮੈਂਟ ਦੇ ਮੈਂਬਰਾਂ ਨੂੰ ਨਵੇਂ ਸਾਲ ਦੀਆਂ ਵਧਾਈਆਂ ਵੀ ਦਿੱਤੀਆਂ। ਵਰਲਡ ਸਿੱਖ ਪਾਰਲੀਮੈਂਟ ਦੇ ਕੋਆਰਡੀਨੇਟਰ ਹਿਮਤ ਸਿੰਘ ਨੇ ਸਾਰਿਆਂ ਦਾ ਧੰਨਵਾਦ ਕੀਤਾ ਤੇ ਪਾਰਲੀਮੈਂਟ ਦੇ ਕੰਮਾਂ ਉੱਪਰ ਵਿਸ਼ੇਸ਼ ਚਾਨਣਾ ਪਾਇਆ। ਇਸ ਮੌਕੇ ਵਰਲਡ ਸਿੱਖ ਪਾਰਲੀਮੈਂਟ ਦੇ ਜਨਰਲ ਸਕੱਤਰ ਹਰਦਿਆਲ ਸਿੰਘ ਅਤੇ ਮਨਪ੍ਰੀਤ ਸਿੰਘ ਨੇ ਸਾਰੀਆਂ ਵੱਖ ਵੱਖ ਕੌਂਸਲਾਂ ਦੇ ਕੰਮਾਂ ਨੂੰ ਸਲਾਹਿਆ ਤੇ ਇਹੋ ਜਿਹੇ ਉਪਰਾਲਿਆਂ ਨੂੰ ਬਾਕੀ ਦੇਸ਼ਾਂ ਵਿੱਚ ਅੰਜਾਮ ਦੇਣ ਲਈ ਨੌਜਵਾਨਾਂ ਨੂੰ ਪਾਰਲੀਮੈਂਟ ਨਾਲ ਜੋੜਣ ਲਈ ਪ੍ਰੇਰਿਆ।ਇਹ ਵਿਸ਼ੇਸ਼ ਐਲਾਨ ਕਰਨ ਸਮੇਂ ਕੈਨੇਕਟੀਕਟ ਦੇ ਗਵਰਨਰ ਦੇ ਨਾਲ ਸਟੇਟ ਸੈਨੇਟਰ ਕੈਥੀ ਉਸਟੇਨ ਅਤੇ ਸਟੇਟ ਅਸੈਂਬਲੀ ਦੇ ਮੈਂਬਰ ਕੇਵਿਨ ਰਯਾਨ ਵੀ ਸ਼ਾਮਲ ਸਨ। ਨਿਊਯਾਰਕ, ਵਰਜੀਨੀਆ, ਕਨੇਟੀਕਟ, ਮੈਸਾਚਿਉਸਟ ਤੋਂ ਸਿੱਖ ਨੁਮਾਇੰਦਿਆਂ ਨੇ ਸ਼ਿਰਕਤ ਕੀਤੀ ਜਿਨਾਂ ਵਿੱਚ ਗੁਰਨਿੰਦਰ ਸਿੰਘ ਧਾਲੀਵਾਲ ਵੈਲਫੇਅਰ ਕੌਂਸਲ ਵਰਲਡ ਸਿੱਖ ਪਾਰਲੀਮੈਂਟ, ਚਰਨਜੀਤ ਸਿੰਘ ਸਮਰਾ, ਮਨਮੋਹਨ ਸਿੰਘ ਭਰਾੜਾ, ਊਧਮ ਸਿੰਘ, ਦਵਿੰਦਰ ਸਿੰਘ ਦਿਓਲ, ਪਵਨ ਸਿੰਘ, ਮਨਦੀਪ ਸਿੰਘ , ਵੀਰ ਸਿੰਘ ਮਾਂਗਟ, ਮਹਿੰਦਰ ਸਿੰਘ ਕਲਸੀ ਸਾਰੇ ਸਿੱਖ ਨੁਮਾਇਦੇ ਵੀ ਨਾਲ ਸਨ।





THANK YOU CONNECTICUT GOVERNOR "NED LAMONT" FOR RECOGNIZING MARCH 14TH AS "SIKH NEW YEAR".

State of Connecticut

By His Excellency Ned Lamont, Governor: an

**Official Statement**

WHEREAS, founded by Guru Nanak in 1469, Sikhism is the 5th largest independent ethnic religion, with over 30 million followers, known as "Sikhs"; and

WHEREAS, originally from the Punjab Region of South Asia, Sikhs have been living in the United States for over 125 years, and have made many valuable contributions to the culture and economy of the U.S.; and

WHEREAS, Connecticut, with over five Gurdwara (Sikh temples) in our state, is proud to celebrate the accomplishments and rich cultural heritage of our Sikh community members; and

WHEREAS, March 14th is the start of the month of "Chet", the first in the "Nanakshahi Sikh Calendar"; and

WHEREAS, March 14th, 2020 will mark the 552nd new year for the Sikh community, according to Sikh calendar that started with the birth of Guru Nanak who taught and embodied the principles of equality, love, and social justice; now

THEREFORE, I, Ned Lamont, Governor of the State of Connecticut, do hereby officially proclaim March 14, 2020 as the start of the

SIKH NEW YEAR

and wish all Sikhs throughout Connecticut a happy and healthy new year.

GOVERNOR

WORLD SIKH PARLIAMENT

# ਕੇਨਸਸ ਰਾਜ ਦੇ ਸਕੂਲਾਂ ਦੇ ਸਲੇਬਸ ਵਿਚ ਸਿੱਖ ਇਤਿਹਾਸ ਹੋਵੇਗਾ ਸ਼ਾਮਿਲ

**ਹੁਸਨ ਲੜੋਆ ਬੰਗਾ:** ਕੇਨਸਸ ਰਾਜ ਵੱਲੋਂ ਸਿੱਖ ਇਤਿਹਾਸ ਤੇ ਸਿੱਖ ਧਰਮ ਦੀਆਂ ਸਿੱਖਿਆਵਾਂ ਨੂੰ ਸਕੂਲਾਂ ਦੇ ਸਲੇਬਸ ਵਿਚ ਸ਼ਾਮਿਲ ਕਰਨ ਦਾ ਇਤਿਹਾਸਕ ਨਿਰਣਾ ਲਿਆ ਗਿਆ ਹੈ। ਕੇਨਸਸ ਰਾਜ ਅਮਰੀਕਾ ਦਾ 14ਵਾਂ ਰਾਜ ਬਣ ਗਿਆ ਹੈ ਜਿਸ ਨੇ ਸੋਸ਼ਲ ਸਟੱਡੀਜ਼ ਦੇ ਸਲੇਬਸ ਵਿਚ ਸਿੱਖ ਇਤਿਹਾਸ ਤੇ ਸਿੱਖਿਆਵਾਂ ਨੂੰ ਸ਼ਾਮਿਲ ਕੀਤਾ ਹੈ। ਇਸ ਤੋਂ ਹਫਤਾ ਪਹਿਲਾਂ ਅਜਿਹਾ ਹੀ ਪ੍ਰਸਤਾਵ ਇੰਡਿਆਨਾ ਸਿੱਖਿਆ ਬੋਰਡ ਨੇ ਪਾਸ ਕੀਤਾ ਸੀ। ਕੇਨਸਸ ਤੇ ਇੰਡਿਆਨਾ ਵੱਲੋਂ ਲਏ ਗਏ ਫੈਸਲਿਆਂ ਉਪਰੰਤ 23,028,547 ਵਿਦਿਆਰਥੀਆਂ, ਜੋ ਅਮਰੀਕਾ ਦੇ ਪਬਲਿਕ ਸਕੂਲਾਂ ਦੇ ਕੁਲ ਵਿਦਿਆਰਥੀਆਂ ਦਾ 45% ਹਿੱਸਾ ਬਣਦਾ ਹੈ, ਨੂੰ ਸਿੱਖ ਇਤਿਹਾਸ ਬਾਰੇ ਜਾਣਨ ਦਾ ਅਵਸਰ ਪ੍ਰਦਾਨ ਹੋਵੇਗਾ। ਇਸ ਫੈਸਲੇ ਉਪਰੰਤ ਸਿੱਖ ਹਲਕਿਆਂ ਵਿਚ ਖੁਸ਼ੀ ਪਾਈ ਜਾ ਰਹੀ ਹੈ। ਪ੍ਰਿਤਪਾਲ ਕੌਰ ਸਿੱਖ ਕੁਲੀਸ਼ਨ ਐਜੂਕੇਸ਼ਨ ਡਾਇਰੈਕਟਰ ਨੇ ਇਸ ਉਪਰ ਖੁਸ਼ੀ ਪ੍ਰਗਟਾਉਂਦਿਆਂ ਕਿਹਾ ਹੈ ਕਿ ਇਹ ਵਰਿਆਂ ਤੋਂ ਚਲੀ ਆਉਂਦੀ ਸਿੱਖ ਧਰਮ ਬਾਰੇ ਜਾਗਰੂਕਤਾ ਮੁਹਿਮ ਦੀ ਜਿੱਤ ਹੈ। ਉਨਾਂ ਕਿਹਾ ਕਿ ਇਹ ਅਜੇ ਪਹਿਲਾ ਕਦਮ ਹੈ ਸਾਨੂੰ ਇਸ ਗੱਲ ਨੂੰ ਨਿਸ਼ਚਤ ਬਣਾਉਣਾ ਪਵੇਗਾ ਕਿ ਅਧਿਆਪਕ ਤੇ ਵਿਦਿਆਰਥੀ ਸਿੱਖ ਧਰਮ ਬਾਰੇ ਸਹੀ ਤੇ ਉਚਿੱਤ ਜਾਣਕਾਰੀ ਪ੍ਰਾਪਤ ਕਰਨ। ਇਸ ਤੋਂ ਪਹਿਲਾਂ ਜਿਨਾਂ ਰਾਜਾਂ ਦੇ ਸਲੇਬਸ ਵਿਚ ਸਿੱਖ ਇਤਿਹਾਸ ਸ਼ਾਮਿਲ ਕੀਤਾ ਜਾ ਚੁੱਕਾ ਹੈ, ਉਨ੍ਹਾਂ ਵਿਚ ਨਿਊ ਜਰਸੀ, ਟੈਕਸਸ, ਨਿਊਯਾਰਕ, ਕੈਲੀਫੋਰਨੀਆ, ਲਦਾਹੋ, ਟੈਨੇਸੀ, ਕੋਲਰਾਡੋ, ਐਰੀਜ਼ੋਨਾ, ਓਕਲਾਹੋਮਾ, ਮਿਸ਼ੀਗਨ, ਉਤਰੀ ਡਕੋਟਾ ਤੇ ਨੇਰਸਕਾ ਸ਼ਾਮਿਲ ਹਨ। ਇਥੇ ਇਹ ਜਿਕਰਯੋਗ ਹੈ ਕਿ ਕੇਨਸਸ ਦੀ ਸਿੱਖਿਆ ਨੀਤੀ ਅਨੁਸਾਰ ਸਲੇਬਸ ਉਪਰ ਸਕੂਲ ਜਿਲਿਆਂ ਦਾ ਨਿਯੰਤਰਣ ਹੈ।

# ਵੈਕਸੀਨ ਤਿਆਰ ਕਰਨ ਲਈ ਸਿਆਟਲ 'ਚ ਕਲੀਨਿਕਲ ਟਰਾਇਲ ਸ਼ੁਰੂ

**ਵਾਸ਼ਿੰਗਟਨ/ਏ.ਟੀ.ਨਿਊਜ਼ :** ਅਮਰੀਕਾ ਨੇ ਭਾਰਤ ਤੇ ਨਾਰਵੇ ਦੀ ਆਲਮੀ ਭਾਈਵਾਲੀ ਦੀ ਮਦਦ ਨਾਲ ਕਰੋਨਾਵਾਇਰਸ ਰੋਗ ਤੋਂ ਸੁਰੱਖਿਆ ਲਈ ਇਨਵੈਸਟੀਗੇਸ਼ਨਲ ਵੈਕਸੀਨ ਤਿਆਰ ਕਰਨ ਦਾ ਕਲੀਨਿਕਲ ਟਰਾਇਲ ਸ਼ੁਰੂ ਕਰ ਦਿੱਤਾ ਹੈ। ਟਰਾਇਲ ਤਹਿਤ ਸਿਆਟਲ ਦੇ ਕਾਇਸਰ ਪਰਮਾਨੈਂਟ ਵਾਸ਼ਿੰਗਟਨ ਹੈੱਲਥ ਰਿਸਰਚ ਇੰਸਟੀਚਿਊਟ (ਕੇਪੀਡਬਲਿਊਐੱਚਆਰਆਈ) ਵਿੱਚ ਇਕ ਵਾਲੰਟੀਅਰ ਨੂੰ ਇਨਵੈਸਟੀਗੇਸ਼ਨਲ ਵੈਕਸੀਨ ਦਿੱਤੀ ਗਈ ਹੈ। ਟਰੰਪ ਨੇ ਵਾਈਟ ਹਾਊਸ ਵਿੱਚ ਕੀਤੀ ਪ੍ਰੈੱਸ ਕਾਨਫਰੰਸ ਦੌਰਾਨ ਇਸ ਟਰਾਇਲ ਦਾ ਖੁਲਾਸਾ ਕੀਤਾ ਸੀ। ਟਰਾਇਲ ਲਈ ਫੰਡਿੰਗ ਨੈਸ਼ਨਲ ਇੰਸਟੀਚਿਊਟ ਆਫ਼ ਐਲਰਜੀ ਤੇ ਇਨਫੈਕਸ਼ੀਅਸ ਡਿਸੀਜ਼ਿਜ਼ (ਐੱਨਆਈਏਆਈਡੀ) ਤੇ ਕੁਝ ਹਿੱਸਾ ਨੈਸ਼ਨਲ ਇੰਸਟੀਚਿਊਟ ਆਫ ਹੈੱਲਥ (ਐੱਨਆਈਐੱਚ) ਵੱਲੋਂ ਅਦਾ ਕੀਤਾ ਜਾਵੇਗਾ। ਟਰਾਇਲ ਤਹਿਤ 18 ਤੋਂ 55 ਸਾਲ ਉਮਰ ਦੇ ਸਿਹਤਮੰਦ ਬਾਲਗ ਵਲੰਟੀਅਰਾਂ 'ਤੇ ਛੇ ਹਫਤਿਆਂ ਤਕ ਤਜਰਬਾ ਕੀਤਾ ਜਾਵੇਗਾ।


ALL STATE INSURANCE

Allstate You're in good hands.

ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ

AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544





When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.





CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਈਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us






BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!
Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834





Sir Speedy Tustin
Printers to the Community
SUBWAY eat fresh.
OPEN 24 HOURS
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

# ਸਾਕਾ ਨਕੋਦਰ ਦੇ ਇਨਸਾਫ ਲਈ ਸ਼੍ਰੀ ਅਕਾਲ ਤਖ਼ਤ ਸਾਹਿਬ ਨੂੰ ਯਾਦ ਪੱਤਰ

**ਅੰਮ੍ਰਿਤਸਰ/ ਏ.ਟੀ.ਨਿਊਜ਼:** ਸ਼ਹੀਦ ਭਾਈ ਰਵਿੰਦਰ ਸਿੰਘ ਜੀ ਲਿੱਤਰਾਂ ਦੇ ਪਿਤਾ ਬਾਪੂ ਬਲਦੇਵ ਸਿੰਘ ਜੀ ਨੇ ਸ਼੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਿੰਘ ਸਾਹਿਬ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਸ਼੍ਰੀ ਅਕਾਲ ਤਖ਼ਤ ਦੀ ਸਕੱਤਰੇਤ ਵਿਖੇ ਮਿਲਕੇ ਸਾਕਾ ਨਕੋਦਰ ਦੇ ਇਨਸਾਫ ਲਈ ਯਾਦ ਪੱਤਰ ਦਿੱਤਾ।

ਉਨਾਂ ਨੇ ਸਾਕਾ ਨਕੋਦਰ ਸੰਬੰਧੀ ਹੋਈਆਂ ਜਾਂਚ ਰਿਪੋਰਟਾਂ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ ਦਾ ਪਹਿਲਾ ਭਾਗ ਅਤੇ ਮਨੁੱਖੀ ਅਧਿਕਾਰ ਸਭਾ ਪੰਜਾਬ ਦੀ ਰਿਪੋਰਟ ਵੀ ਜਥੇਦਾਰ ਜੀ ਨੂੰ ਸੌਂਪੀ। ਬਾਪੂ ਬਲਦੇਵ ਸਿੰਘ ਨੇ ਜਥੇਦਾਰ ਗੁਰਚਰਨ ਸਿੰਘ ਟੋਹੜਾ ਵਲੋਂ ਤਤਕਾਲੀ ਮੀਤ ਪ੍ਰਧਾਨ ਕਾਬੁਲ ਸਿੰਘ ਅਤੇ ਜਥੇਦਾਰ ਕੁਲਦੀਪ ਸਿੰਘ ਵਡਾਲਾ ਦੀ ਅਗਵਾਈ ਵਿਚ ਬਣਾਈ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਿਕ ਜਾਂਚ ਕਮੇਟੀ ਦੀਆਂ 1986 ਦੇ ਅਖਬਾਰਾਂ ਦੀਆਂ ਰਿਪੋਰਟਾਂ ਵੀ ਸਿੰਘ ਸਾਹਿਬ ਨੂੰ ਦਿੱਤੀਆਂ ਅਤੇ ਮੰਗ ਕੀਤੀ ਕਿ ਸ਼੍ਰੋਮਣੀ ਕਮੇਟੀ ਦੇ ਰਿਕਾਰਡ ਖੰਗਾਲਕੇ ਪਰਿਵਾਰਾਂ ਨੂੰ ਉਸ ਰਿਪੋਰਟ ਦੀ ਕਾਪੀ ਦਿੱਤੀ ਜਾਵੇ।

ਬਾਪੂ ਬਲਦੇਵ ਸਿੰਘ ਜੀ ਨੇ ਗਿਆਨੀ ਹਰਪ੍ਰੀਤ ਸਿੰਘ ਨੂੰ ਬੇਨਤੀ ਕੀਤੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਜ਼ਮਤ ਲਈ ਸ਼ਹੀਦ ਹੋਏ ਸਿੱਖ ਨੌਜਵਾਨਾਂ ਦੇ ਪਰਿਵਾਰਾਂ ਨੂੰ ਇਨਸਾਫ ਦਿਵਾਉਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਆਪਣਾ ਪ੍ਰਭਾਵ ਵਰਤੇ।

ਗਿਆਨੀ ਹਰਪ੍ਰੀਤ ਸਿੰਘ ਨੇ ਪਰਿਵਾਰਾਂ ਨੂੰ ਭਰੋਸਾ ਦਿੱਤਾ ਹੈ ਕਿ ਉਹ ਤਿੰਨੇ ਰਿਪੋਰਟਾਂ ਨੂੰ ਚੰਗੀ ਤਰਾਂ ਪੜਣਗੇ ਅਤੇ ਪੰਜੇ ਸਿੰਘ




ਸਾਹਿਬਾਨ ਨਾਲ ਮਿਲਕੇ ਸਾਕਾ ਨਕੋਦਰ ਦੇ ਇਨਸਾਫ਼ ਲਈ ਕਾਰਵਾਈ ਦਾ ਐਲਾਨ ਕਰਨਗੇ।

ਇਹ ਵੀ ਵਰਨਣਯੋਗ ਹੈ ਕਿ ਸਾਕਾ ਨਕੋਦਰ ਨੂੰ ਵਾਪਰਿਆਂ 34 ਸਾਲ ਬੀਤ ਚੁੱਕੇ ਹਨ। 4 ਫਰਵਰੀ 1986 ਨੂੰ ਪੰਜਾਬ ਪੁਲਿਸ ਨੇ ਨਕੋਦਰ ਵਿੱਚ ਸਿੱਖਾਂ ਦੇ ਇੱਕ ਸ਼ਾਂਤਮਈ ਕਾਫਿਲੇ ਉੱਪਰ ਗੋਲੀਆਂ ਚਲਾ ਕੇ ਚਾਰ ਸਿੱਖ ਨੌਜਵਾਨਾਂ ਨੂੰ ਸ਼ਹੀਦ ਕਰ ਦਿੱਤਾ ਸੀ। ਸਿੱਖਾਂ ਦਾ ਇਹ ਕਾਫਿਲਾ ਦੋ ਦਿਨ ਪਹਿਲਾਂ (ਭਾਵ 2ਫਰਵਰੀ 1986) ਨੂੰ ਗੁਰਦੁਆਰਾ ਗੁਰੂ ਅਰਜਨ ਜੀ, ਨਕੋਦਰ ਵਿਖੇ ਅਗਨ ਭੇਟ ਹੋਏ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਗੋਇੰਦਵਾਲ ਸਾਹਿਬ ਲਿਜਾਣ ਵਾਸਤੇ ਜਾ ਰਿਹਾ ਸੀ।

ਸਾਕਾ ਨਕੋਦਰ 1986 ਦੌਰਾਨ ਪੁਲੀਸ ਵੱਲੋਂ ਸਿੱਖ ਨੌਜਵਾਨਾਂ ਦਾ ਪਿੱਛਾ ਕਰਕੇ ਉਨਾਂ ਨੂੰ ਗੋਲੀਆਂ ਦਾ ਨਿਸ਼ਾਨਾ ਬਣਾਇਆ ਗਿਆ ਸੀ। ਪੁਲਿਸ ਨੇ ਇਹ ਸਾਕਾ ਵਰਤਾ ਦੇਣ ਤੋਂ ਬਾਅਦ ਸ਼ਹੀਦ ਹਿਏ ਸਿੱਖ ਨੌਜਵਾਨਾਂ- ਭਾਈ ਰਵਿੰਦਰ ਸਿੰਘ , ਭਾਈ ਬਲਧੀਰ ਸਿੰਘ, ਭਾਈ ਝਲਮਣ ਸਿੰਘ ਅਤੇ ਭਾਈ ਹਰਮਿੰਦਰ ਸਿੰਘ ਦੀਆਂ ਮ੍ਰਿਤਕ ਦੇਹਾਂ ਵੀ ਪਰਿਵਾਰਾਂ ਨੂੰ ਨਹੀਂ ਸਨ ਦਿੱਤੀਆਂ ਅਤੇ ਆਪੇ ਹੀ ਇਨਾਂ ਦਾ ਬਿਨਾ ਮਰਿਆਦਾ ਦੇ ਤੇਲ ਪਾ ਕੇ ਸੰਸਕਾਰ ਕਰ ਦਿੱਤਾ ਸੀ।

ਇਨਾਂ ਸ਼ਹੀਦ ਸਿੰਘਾਂ ਦੇ ਪਰਿਵਾਰਾਂ ਨੇ ਅੱਜ ਵੀ ਇਨਾਂ ਸ਼ਹੀਦ ਸਿੰਘਾਂ ਅਤੇ ਇਸ ਸਾਕੇ ਦੀ ਯਾਦ ਨੂੰ ਸੰਭਾਲਿਆ ਹੋਇਆ ਹੈ ਅਤੇ ਉਨਾਂ ਕੋਲ ਦੋਸ਼ੀਆਂ ਨੂੰ ਇਨਸਾਫ ਦੇ ਕਟਿਹਰੇ ਵਿਣ ਖੜਾ ਕਰਨ ਲਈ ਸੰਘਰਸ਼ ਕਰਨ ਵਾਸਤੇ ਲੋੜੀਂਦਾ ਸਿਰੜ ਵੀ ਹੈ।

ਭਾਵੇਂ ਕਿ ਸਾਢੇ ਤਿੰਨ ਦਹਾਕੇ ਦੇ ਅਰਸੇ ਦੌਰਾਨ ਤਿੰਨ ਸ਼ਹੀਦ ਸਿੰਘਾਂ ਦੇ ਮਾਤਾ ਪਿਤਾ ਜਹਾਨ ਤੋਂ ਚਲਾਣਾ ਕਰ ਗਏ ਹਨ ਪਰ ਹਾਲੇ ਵੀ ਉਨਾਂ ਦੇ ਪਰਿਵਾਰ ਅਤੇ ਪਿੱਛੇ ਬਚੇ ਸ਼ਹੀਦ ਭਾਈ ਰਵਿੰਦਰ ਸਿੰਘ ਲਿੱਤਰਾਂ ਦੇ ਮਾਤਾ-ਪਿਤਾ ਹਰ ਸਾਲ ਸਾਕਾ ਨਕੋਦਰ 1986 ਦੇ ਸ਼ਹੀਦਾਂ ਨੂੰ ਯਾਦ ਕਰਦੇ ਹਨ। ਉਹ ਇਸ ਸਾਕੇ ਦੇ ਦੋਸ਼ੀ ਪੁਲਿਸ ਵਾਲਿਆਂ ਅਤੇ ਅਫਸਰਾਂ ਜਿਨਾਂ ਵਿਚ ਇਜਹਾਰ ਆਲਮ ਅਤੇ ਦਰਬਾਰਾ ਸਿੰਘ ਗੁਰੂ ਦੇ ਨਾਂ ਸ਼ੁਮਾਰ ਹਨ, ਨੂੰ ਕਟਹਿਰੇ ਵਿਚ ਖੜੇ ਕਰਨ ਲਈ ਯਤਨਸ਼ੀਲ ਰਹਿੰਦੇ ਹਨ। ਦੱਸਣਾ ਬਣਦਾ ਹੈ ਕਿ ਇਨਾਂ ਦੋਵਾਂ ਦੋਸ਼ੀਆਂ ਦੀ ਸ਼੍ਰੋਮਣੀ ਅਕਾਲੀ ਦਲ (ਬਾਦਲ) ਸਿਆਸੀ ਸਰਪ੍ਰਸਤੀ ਕਰਦਾ ਰਿਹਾ ਹੈ ਅਤੇ ਅੱਜ ਵੀ ਕਰ ਰਿਹਾ ਹੈ।

# ਸਾਊਦੀ ਦੀ ਰਾਜਸ਼ਾਹੀ ਦੀ ਜੰਗ ਤੇਜ ਹੋਈ: ਕਈ ਉੱਚ ਅਫਸਰਾਂ ਦੀਆਂ ਗ੍ਰਿਫਤਾਰੀਆਂ

**ਰਿਆਦ/ ਏ.ਟੀ.ਨਿਊਜ਼:** ਸਾਊਦੀ ਅਰਬ ਵਿਚ ਬੀਤੇ ਕੱਲ ਸਰਕਾਰ ਵਿਚ ਉੱਚ ਅਹੁਦਿਆਂ 'ਤੇ ਤੈਨਾਤ ਸੈਂਕੜੇ ਮਿਲਟਰੀ ਅਫਸਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਹਨਾਂ ਗ੍ਰਿਫਤਾਰੀਆਂ ਲਈ ਰਿਸ਼ਵਤਖੋਰੀ ਅਤੇ ਸਰਕਾਰੀ ਤਾਕਤ ਦੀ ਗਲਤ ਵਰਤੋਂ ਦੇ ਦੋਸ਼ਾਂ ਨੂੰ ਅਧਾਰ ਬਣਾਇਆ ਗਿਆ ਹੈ।

ਸਿਆਸੀ ਟਿੱਪਣੀਕਾਰਾਂ ਦਾ ਕਹਿਣਾ ਹੈ ਕਿ ਸਾਊਦੀ ਦੇ ਮੌਜੂਦਾ ਰਾਜੇ ਮਗਰੋਂ ਰਾਜਗੱਦੀ ਦੇ ਵਾਰਸ ਪ੍ਰਿੰਸ ਮੋਹੱਮਦ ਬਿਨ ਸਲਮਾਨ ਵੱਲੋਂ ਇਹਨਾਂ ਗ੍ਰਿਫਤਾਰੀਆਂ ਨਾਲ ਉਸਦੇ ਰਾਜ 'ਤੇ ਦਾਅਵੇ ਨੂੰ ਚੁਣੌਤੀ ਦੇਣ ਵਾਲੇ ਲੋਕਾਂ ਨੂੰ ਰਾਹ ਵਿਚੋਂ ਹਟਾਇਆ ਜਾ ਰਿਹਾ ਹੈ।

ਸਾਊਦੀ ਦੇ ਭ੍ਰਿਸ਼ਟਾਚਾਰ ਵਿਰੋਧੀ ਕੌਮੀ ਕਮਿਸ਼ਨ ਨਾਜ਼ਾਹਾ ਨੇ ਟਵੀਟ ਕਰਦਿਆਂ ਕਿਹਾ ਹੈ ਕਿ 379 ਮਿਲੀਅਨ ਰਿਆਲ ਦੇ ਕਰੀਬ ਦੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਅਧੀਨ 298 ਅਫਸਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਜ਼ਿਕਰਯੋਗ ਹੈ ਕਿ ਮਹੀਨਾ ਪਹਿਲਾਂ ਸਾਊਦੀ ਦੇ ਰਾਜੇ ਦੇ ਭਰਾ ਅਤੇ ਭਤੀਜੇ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਹੈ। ਅੰਦਰੂਨੀ ਖਬਰਾਂ ਮੁਤਾਬਕ ਸਾਊਦੀ ਦੇ 84 ਸਾਲਾ ਰਾਜੇ ਦੀ ਸਿਹਤ ਜ਼ਿਆਦਾ ਢਿੱਲੀ ਹੈ ਅਤੇ ਪ੍ਰਿੰਸ ਸਲਮਾਨ ਆਪਣੀ ਤਾਕਤ ਨੂੰ ਮਜ਼ਬੂਤ ਕਰਨ ਲਈ ਇਹ ਕਾਰਵਾਈਆਂ ਕਰ ਰਹੇ ਹਨ।

# ਦਿੱਲੀ ਕਮੇਟੀ ਵੱਲੋਂ ਗੁਰੂਘਰਾਂ ਦੇ ਦਰ ਵਿਦੇਸ਼ੀਆਂ ਲਈ ਬੰਦ ਕਰਨ ਦਾ ਫੈਸਲਾ ਕਿੰਨਾ ਸਹੀ?

ਨਵੀਂ ਦਿੱਲੀ: ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੋਰੋਨਾਵਾਇਰਸ ਫੈਲਣ ਦੇ ਡਰੋਂ ਦਿੱਲੀ ਵਿਚਲੇ ਗੁਰਦੁਆਰਾ ਸਾਹਿਬ ਵਿਚ ਵਿਦੇਸ਼ੀਆਂ ਦੇ ਦਰਸ਼ਨ ਕਰਨ 'ਤੇ ਪਾਬੰਦੀਆਂ ਲਾ ਦਿੱਤੀਆਂ ਗਈਆਂ ਹਨ। ਦਿੱਲੀ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਹੈ ਕਿ ਜਿਹੜੇ ਵਿਦੇਸ਼ੀਆਂ ਨੂੰ ਭਾਰਤ ਆਇਆਂ ਨੂੰ 14 ਦਿਨਾਂ ਤੋਂ ਵੱਧ ਦਾ ਸਮਾਂ ਹੋ ਚੁੱਕਿਆ ਹੋਵੇਗਾ ਉਹ ਹੀ ਗੁਰਦੁਆਰਾ ਸਾਹਿਬ ਵਿਚ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਤਮਸਤਕ ਹੋਣ ਲਈ ਜਾ ਸਕਣਗੇ।

ਮਨਜਿੰਦਰ ਸਿੰਘ ਸਿਰਸਾ ਦੇ ਇਸ ਫੈਂਸਲੇ 'ਤੇ ਸਿੱਖ ਪੰਥ ਵਿਚੋਂ ਇਤਰਾਜ਼ ਵੀ ਉੱਠ ਸਕਦੇ ਹਨ। ਗੁਰਦੁਆਰਾ ਸਾਹਿਬ ਵਿਚ ਇਕ ਖਾਸ ਵਰਗ ਨੂੰ ਚਿੰਨਤ ਕਰਕੇ ਦਰਸ਼ਨਾਂ ਤੋਂ ਰੋਕਣਾ ਗੁਰਮਤਿ ਦੇ ਉਲਟ ਹੈ। ਦੂਜੇ ਪਾਸੇ ਮਨਜਿੰਦਰ ਸਿੰਘ ਸਿਰਸਾ ਦਾ ਇਹ ਫੈਂਸਲਾ ਉਸ ਸਮੇਂ ਬਿਲਕੁਲ ਵੀ ਤਰਕਸੰਗਤ ਨਹੀਂ ਲੱਗ ਰਿਹਾ ਜਦੋਂ ਭਾਰਤ ਵਿਚ ਸਾਹਮਣੇ ਆਏ ਕੋਰੋਨਾਵਾਇਰਸ ਦੇ 137 ਮਾਮਲਿਆਂ 'ਚ ਜ਼ਿਆਦਾ ਤਰ ਭਾਰਤੀ ਨਾਗਰਿਕ ਹੀ ਹਨ। ਅਜਿਹੇ ਵਿਚ ਸਿਰਫ ਵਿਦੇਸ਼ੀਆਂ ਨੂੰ ਦਰਸ਼ਨ ਕਰਨ ਤੋਂ ਰੋਕਣਾ ਜਿੱਥੇ ਗੁਰਮਤਿ ਦੇ ਉਲਟ ਪ੍ਰਤੀਤ ਹੋ ਰਿਹਾ ਹੈ ਦੂਜੇ ਪਾਸੇ ਇਹ ਤਰਕਸੰਗਤ ਵੀ ਨਹੀਂ ਹੈ।

ਦਿੱਲੀ ਕਮੇਟੀ ਦੇ ਇਸ ਫੈਂਸਲੇ ਬਾਰੇ ਸੰਗਤ ਦੀ ਰਾਇ ਜਾਣਨ ਲਈ "ਅੰਮ੍ਰਿਤਸਰ ਟਾਈਮਜ਼" ਵੱਲੋਂ ਆਪਣੇ ਫੇਸਬੁੱਕ ਪੰਨੇ 'ਤੇ ਇਕ 'ਪੋਲ' ਕਰਵਾਇਆ ਗਿਆ ਹੈ, ਜਿੱਥੇ ਜਾ ਕੇ ਤੁਸੀਂ ਇਸ ਫੈਂਸਲੇ ਬਾਰੇ ਆਪਣੀ ਰਾਇ ਦੇ ਸਕਦੇ ਹੋ।




ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ Weekly Punjabi Newspaper
Corporate Office 4127 Bay Street, Suite 8 Fremont, CA 94538 Email: asrtimes@gmail.com
Tel: (510) 240-5949 Fax: (888) 323-6950 ਐਡਵਰਟਾਈਜ਼ਮੈਂਟ ਲਈ ਸੰਪਰਕ (408) 457-6157
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਹੋਲੇ ਮਹੱਲੇ ਤੇ ਕੁਸ਼ਤੀ ਤੇ ਕਬੱਡੀ ਟੂਰਨਾਮੈਂਟ ਦਾ ਦਰਸ਼ਕਾਂ ਨੇ ਅਨੰਦ ਮਾਣਿਆ





**ਅਨੰਦਪੁਰ ਸਾਹਿਬ/ਗੁਰਚਰਨ ਸਿੰਘ ਢਿੱਲੋਂ:** ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਤੇ ਖਾਲਸਾ ਕਾਲਜ ਦੇ ਖੁੱਲੇ ਮੈਦਾਨ ਵਿਚ ਹੋਲੇ ਮਹੱਲੇ ਤੇ ਪੰਜਾਬ ਕੇਸਰੀ, ਪੰਜਾਬ ਕੁਮਾਰ ਅਤੇ ਬਾਲ ਕੇਸਰੀ ਅਤੇ 16 ਕਲੱਬਾਂ ਦੇ ਸ਼ਾਨਦਾਰ ਕਬੱਡੀ ਮੁਕਾਬਲੇ ਦਾ ਹਜ਼ਾਰਾਂ ਦਰਸ਼ਕਾਂ ਤੇ ਖੇਡ ਪ੍ਰੇਮੀਆਂ ਨੇ ਖੂਬ ਆਨੰਦ ਮਾਣਿਆ।

ਪੰਜਾਬ ਕੁਸ਼ਤੀ ਸੰਸਥਾ ਦੇ ਪ੍ਰਧਾਨ ਪਦਮਸ੍ਰੀ ਕਰਤਾਰ ਸਿੰਘ ਦੀ ਅਗਵਾਈ ਹੇਠ ਅੰਤਰਰਾਸ਼ਟਰੀ ਨਿਯਮਾਂ ਅਨੁਸਾਰ ਗੱਦੇ ਤੇ ਕੁਸ਼ਤੀ ਮੁਕਾਬਲੇ ਵੇਖਣ ਨੂੰ ਮਿਲੇ। ਪੰਜਾਬ ਕੇਸਰੀ (75 ਕਿਲੋ ਤੋਂ ਉਪਰ) ਗੁਰਸੇਵਕ ਸਿੰਘ ਨੇ ਸੰਦੀਪ ਮਾਨ ਨੂੰ ਹਰਾ ਕੇ ਪੰਜਾਬ ਕੇਸਰੀ ਦਾ ਖਿਤਾਬ ਜਿੱਤਿਆ। ਜਿਸ ਨੂੰ 101000 ਰੁਪਏ ਤੇ ਚਾਂਦੀ ਦਾ ਗੁਰਜ ਅਤੇ ਸੰਦੀਪ ਨੂੰ 60000/- ਨਾਲ ਸਨਮਾਨਤ ਕੀਤਾ ਗਿਆ। ਤੀਜੇ ਦਰਜੇ 'ਤੇ ਪ੍ਰਭਪਾਲ ਨੂੰ 30000 ਰੁਪਏ ਤੇ ਕਮਲਜੀਤ ਸਿੰਘ ਨੂੰ 20000 ਰੁਪਏ ਨਕਦ ਇਨਾਮ ਵਜੋਂ ਦਿੱਤੇ। ਪੰਜਾਬ ਕੁਮਾਰ (75 ਕਿਲੋ ਤੋਂ ਘੱਟ) ਅਦਿਤਿਆ ਕੁੰਡੂ ਨੇ ਵਿਸ਼ਾਲ ਰਾਣਾ ਨੂੰ ਹਰਾ ਕੇ ਚਾਂਦੀ ਦੀ ਗੁਰਜ ਅਤੇ 41000 ਰੁਪਏ ਤੇ ਵਿਸ਼ਾਲ ਰਾਣਾ ਨੂੰ 20000 ਰੁਪਏ ਇਨਾਮ ਵਜੋਂ ਦਿੱਤੇ। ਤੀਜੇ ਦਰਜੇ ਤੇ ਗੁਰਿੰਦਰ ਸਿੰਘ ਅਤੇ ਚੌਥੇ ਤੇ ਮੋਨੂੰ ਰਹੇ। ਬਾਲ ਕੇਸਰੀ (65 ਕਿਲੋ.) ਲਈ ਨੰਨੇ ਮੁੰਨੇ ਹੋਣਹਾਰ ਪਹਿਲਵਾਨਾਂ ਦੇ ਜਬਰਦਸਤ ਦਾਉ ਦੇਖਣ ਨੂੰ ਮਿਲੇ। ਪਹਿਲਵਾਨਾਂ ਨੂੰ ਸ੍ਰੀ ਅਨੰਦਪੁਰ ਸਾਹਿਬ ਸਪੋਰਟਸ ਅਤੇ ਕਲਚਰਲ ਕਲੱਬ ਯੂ.ਕੇ. ਦੇ ਪ੍ਰਧਾਨ ਰਾਜਾ ਕੰਗ, ਗੁਰਪਾਲ ਸਿੰਘ ਪੱਡਾ ਅਤੇ ਮੈਂਬਰਾਂ ਸਮੇਤ ਅਜੀਤ ਸਿੰਘ ਨਾਗਰਾ (ਅਮਰੀਕਾ), ਪ੍ਰਿੰਸ ਉਪਲ ਡਰੋਲੀ, ਪ੍ਰਿੰਸੀਪਲ ਜਸਬੀਰ ਸਿੰਘ ਤੇ ਪਦਮਸ੍ਰੀ ਕਰਤਾਰ ਸਿੰਘ ਨੇ ਇਨਾਮ ਵੰਡੇ। ਕੈਨੇਡਾ ਗੁਰਲਾਟ ਸਿੰਘ ਸਹੋਤਾ, ਜੱਸੀ ਰਧੇਣਾ (ਯੂ.ਕੇ.), ਅਜੀਤ ਸਿੰਘ ਨਾਗਰਾ ਨੇ ਪਹਿਲਵਾਨਾਂ ਦੀ ਹੌਂਸਲਾ ਅਫ਼ਜਾਈ ਕੀਤੀ।

ਗੁਰਜਨ ਚੱਠਾ ਦੀ ਅਗਵਾਈ ਹੇਠ ਨਾਰਥ ਇੰਡੀਆ ਦੀਆਂ ਅੱਠ ਟੀਮਾਂ ਦੇ ਆਧਾਰਤ ਕਬੱਡੀ ਮੈਚ ਹੋਏ ਜਿਸ ਵਿਚ ਸ਼ੇਰ ਏ ਪੰਜਾਬ ਡੀ ਏ ਵੀ ਕਾਲਜ ਜਲੰਧਰ ਦੀ ਟੀਮ ਨੇ ਕਬੱਡੀ ਕੱਪ ਜਿੱਤਿਆ। ਸ਼ਹੀਦ ਭਗਤ ਸਿੰਘ ਕਬੱਡੀ ਕਲੱਬ ਸਰਹਾਲ ਰਾਣੂਆਂ ਦੀ ਟੀਮ ਦੂਜੇ ਦਰਜੇ 'ਤੇ ਰਹੀ। ਕਬੱਡੀ ਕੱਪ ਦੇ ਜੇਤੂਆਂ, ਉਪ ਜੇਤੂ ਅਤੇ ਤੀਸਰੇ, ਚੌਥੇ ਦਰਜੇ ਦੀਆਂ ਟੀਮਾਂ ਨੂੰ 15 ਲੱਖ ਰੁਪਏ ਦੇ ਇਨਾਮ ਦਿੱਤੇ ਗਏ। ਕਰੋਨਾਵਾਇਰ ਦੀ ਪ੍ਰਵਾਹ ਨਾ ਕਰਦਿਆਂ ਕਬੱਡੀ, ਕੁਸ਼ਤੀਆਂ ਦਾ ਦਰਸ਼ਕਾਂ ਨੇ ਆਨੰਦ ਮਾਣਿਆ। ਸ੍ਰੀ ਅਨੰਦਪੁਰ ਸਾਹਿਬ ਸਪੋਰਟਸ ਅਤੇ ਕਲਚਰਲ ਕਲੱਬ ਯੂ.ਕੇ. ਦੇ ਪ੍ਰਧਾਨ ਰਾਜਾ ਕੰਗ, ਚੇਅਰਮੈਨ ਬਗੀਚਾ ਸਿੰਘ ਸੰਧੂ, ਜਨਰਲ ਸਕੱਤਰ ਕੁਲਵੰਤ ਸਿੰਘ ਸੰਘਾ, ਖਜਾਨਚੀ ਲਖਵਿੰਦਰ ਸਿੰਘ ਧਾਲੀਵਾਲ, ਮੈਂਬਰਾਂ ਗੁਰਪਾਲ ਸਿੰਘ ਪੱਡਾ ਸਮੇਤ 31 ਮੈਂਬਰਾਂ ਨੇ ਪਹੁੰਚ ਕੇ ਹਰੇਕ ਸਾਲ ਵਾਂਗ ਜਿੰਮੇਵਾਰੀ ਨਿਭਾਈ ਅਤੇ ਸੇਵਾ ਭਾਵਨਾ ਨਾਲ ਕੰਮ ਕੀਤਾ।

# ਸਿੱਖ ਸੇਵਕ ਸੁਸਾਇਟੀ ਦਿੱਲੀ ਹਿੰਸਾ ਇਲਾਕਿਆਂ 'ਚ ਪਹੁੰਚੀ

ਦਿੱਲੀ-ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਬੀਤੇ ਦਿਨੀਂ ਭਜਨਪੁਰਾ, ਈਦਗਾਹ, ਮੁਸਤਫਾਪੁਰ (ਈਦਗਾਹ) ਇਲਾਕਿਆਂ ਵਿਚ ਪਹੁੰਚੀ, ਜਿੱਥੇ ਫਿਰਕੂ ਹਿੰਸਾ ਹੋਈ ਸੀ। ਇਸ ਦੌਰਾਨ ਮੁਸਲਮਾਨ ਭਾਈਚਾਰੇ ਦਾ ਬਹੁਤ ਜ਼ਿਆਦਾ ਨੁਕਸਾਨ ਹੋਇਆ ਸੀ ਤੇ ਕੁਝ ਹਿੰਦੂ ਭਾਈਚਾਰੇ ਦੀ ਜਾਇਦਾਦ ਨੂੰ ਵੀ ਨੁਕਸਾਨ ਪਹੁੰਚਿਆ ਸੀ। ਪਰ ਮੁਸਤਫਾਪੁਰ ਵਿਚ ਵੱਡਾ ਕੈਂਪ ਪੀੜਤ ਮੁਸਲਮਾਨਾਂ ਦਾ ਲੱਗਾ ਹੋਇਆ ਹੈ, ਜਿਸ ਵਿਚ ਬਹੁਗਿਣਤੀ ਔਰਤਾਂ ਸ਼ਾਮਲ ਹਨ, ਜਿਨਾਂ ਦੇ ਘਰ ਸਾੜ ਦਿੱਤੇ, ਤਬਾਹ ਕਰ ਦਿੱਤੇ। ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਵੱਲੋਂ ਸ. ਰਜਿੰਦਰ ਸਿੰਘ ਪੁਰੇਵਾਲ ਚੇਅਰਮੈਨ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ, ਸੂਬਾ ਪ੍ਰਧਾਨ ਪਰਮਿੰਦਰਪਾਲ ਸਿੰਘ ਖਾਲਸਾ, ਮਨਪ੍ਰੀਤ ਸਿੰਘ ਕੁਆਰਡੀਨੇਟਰ ਦਿੱਲੀ ਨੇ ਦੱਸਿਆ ਕਿ ਇਸ ਮੌਕੇ ਸ. ਜਿੰਦਰ ਸਿੰਘ ਅਤੇ ਸ. ਮਹਿੰਦਰ ਸਿੰਘ ਦਾ ਸਨਮਾਨ ਕੀਤਾ ਗਿਆ, ਜਿਨਾਂ ਨੇ ਮੁਸਲਮਾਨ ਭਾਈਚਾਰੇ ਨੂੰ ਹਿੰਸਕ ਗੁੰਡਿਆਂ ਕੋਲੋਂ ਬਚਾਅ ਕੇ ਸੁਰੱਖਿਅਤ ਥਾਂਵਾਂ 'ਤੇ ਭੇਜਿਆ। ਇਹਨਾਂ ਦੀ ਮਦਦ ਹਿੰਦੂ ਭਾਈਚਾਰੇ ਨੇ ਵੀ ਕੀਤੀ। ਇਸ ਮੌਕੇ ਸ. ਮਹਿੰਦਰ ਸਿੰਘ ਤੇ ਜਿੰਦਰ ਨੇ ਦੱਸਿਆ ਕਿ ਕੋਈ ਵੀ ਸਾਡਾ ਗੁਆਂਢੀ ਹਿੰਸਾ ਵਿਚ ਸ਼ਾਮਲ ਨਹੀਂ ਸੀ। ਅਸੀਂ ਮੁਸਲਮਾਨ ਭਾਈਚਾਰੇ ਨੂੰ ਬਚਾਇਆ ਹੈ। ਸਾਡੀ ਮਦਦ ਇਸ ਸ਼ੁੱਭ ਕਾਰਜ ਵਿਚ ਹਿੰਦੂ ਭਾਈਚਾਰੇ ਨੇ ਵੀ ਕੀਤੀ ਹੈ, ਜੋ ਕਿ ਸਾਡੇ ਗੁਆਂਢੀ ਸਨ। ਜਿੰਦਰ ਸਿੰਘ ਭਜਨਪੁਰਾ ਨੇ ਦੱਸਿਆ ਕਿ ਉਨਾਂ ਨੇ ਹਿੰਸਕ ਭੀੜ ਵਿਚੋਂ ਆਪਣੇ ਹਿੰਦੂ ਗੁਆਂਢੀਆਂ ਦੀ ਮਦਦ ਨਾਲ ਇਕ ਮੁਸਲਮਾਨ ਵਿਅਕਤੀ ਨੂੰ ਕਤਲ ਹੋਣ ਤੋਂ ਬਚਾਇਆ ਤੇ ਸੁਰੱਖਿਅਤ ਥਾਂ 'ਤੇ ਭੇਜਿਆ। ਇਸ ਤਰਾਂ ਹੋਰ ਵੀ ਕਈ ਪਰਿਵਾਰ ਬਚਾਏ ਗਏ।

ਜਿੰਦਰ ਸਿੰਘ ਦਾ ਕਹਿਣਾ ਹੈ ਕਿ ਉਹ ਖਾਲਸਾ ਪੰਥ ਨੂੰ ਬੇਨਤੀ ਕਰਦੇ ਹਨ ਕਿ ਪੀੜਤਾਂ ਦੀ ਮਦਦ ਕੀਤੀ ਜਾਵੇ ਤੇ ਗੁਰੂ ਨਾਨਕ ਦੇ ਵਿਚਾਰ ਸਰਬੱਤ ਦੇ ਭਲੇ ਦਾ ਸੁਨੇਹਾ ਦਿੱਤਾ ਜਾ ਸਕੇ।

ਸ. ਮਹਿੰਦਰ ਸਿੰਘ ਨੇ ਦੱਸਿਆ ਕਿ ਉਸ ਨੇ ਆਪਣੇ ਬੇਟੇ ਨਾਲ ਮਿਲ ਕੇ 60 ਮੁਸਲਮਾਨ ਲੋਕਾਂ ਨੂੰ ਸੁਰੱਖਿਅਤ ਥਾਂਵਾਂ 'ਤੇ ਪਹੁੰਚਾਇਆ ਜਦ ਕਿ ਉੱਥੇ ਪੈਟਰੋਲ ਬੰਬ, ਗੋਲੀਆਂ ਚਲ ਰਹੀਆਂ ਸਨ। ਅਸੀਂ ਪੁਲੀਸ ਨੂੰ ਟੈਲੀਫੋਨ ਕੀਤਾ ਜੋ ਮੁਸਲਮਾਨ ਮਸਜਿਦ ਵਿਚ ਬੰਦ ਹੋ ਗਏ ਸਨ ਤੇ ਆਲੇ ਦੁਆਲੇ ਅੱਗਾਂ ਲੱਗ ਚੁੱਕੀਆਂ ਸਨ, ਉਨਾਂ ਨੂੰ ਪੁਲੀਸ ਰਾਹੀਂ ਬਾਹਰ ਕੱਢਿਆ ਗਿਆ ਤੇ ਗੁੰਡੇ ਅਨਸਰਾਂ ਨੂੰ ਉਸ ਇਲਾਕੇ ਵਿਚੋਂ ਬਾਹਰ ਕਢਵਾ ਦਿੱਤਾ ਗਿਆ। ਉਨਾਂ ਦੱਸਿਆ ਕਿ ਸੰਨ 1984 ਵਿੱਚ ਮੇਰੀ ਤਕਰੀਬਨ 16-17 ਸਾਲ ਦੀ ਉਮਰ ਸੀ। ਅਸੀਂ ਉਹ ਮੰਜ਼ਰ, ਉਹ ਦੁਖ ਵੇਖਿਆ ਸੀ। ਮੈਂ ਨਹੀਂ ਚਾਹੁੰਦਾ ਸੀ ਕਿ ਜੋ ਮੰਜ਼ਰ ਸਾਡੇ 'ਤੇ ਬੀਤਿਆ, ਉਸੇ ਤਰੀਕੇ ਦਾ ਸਾਹਮਣਾ ਇਨਾਂ ਬੇਗੁਨਾਹਾਂ ਨੂੰ ਕਰਨਾ ਪਵੇ। ਇਸ ਤੋਂ ਬਾਅਦ ਅਸੀਂ ਆਪਣੇ ਵਹੀਕਲਾਂ 'ਤੇ ਸਾਰੇ ਮੁਸਲਮਾਨਾਂ ਨੂੰ ਹੌਂਸਲਾ ਦਿੱਤਾ ਤੇ ਸੁਰੱਖਿਅਤ ਇਲਾਕਿਆਂ ਵਿਚ ਭਿਜਵਾ ਦਿੱਤਾ। ਉਨਾਂ ਕਿਹਾ ਕਿ ਸਾਨੂੰ ਹੁਣ ਧਮਕੀਆਂ ਮਿਲ ਰਹੀਆਂ ਹਨ ਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਵੀ ਸਾਡੀ ਸਹਾਇਤਾ ਕਰਨ ਦੀ ਥਾਂ ਸਾਡਾ ਵਿਰੋਧ ਕਰ ਰਹੀਆਂ ਹਨ।




ਇਸ ਮੌਕੇ ਰਜਿੰਦਰ ਸਿੰਘ ਪੁਰੇਵਾਲ ਤੇ ਪਰਮਿੰਦਰਪਾਲ ਸਿੰਘ ਖਾਲਸਾ ਨੇ ਸ. ਮਹਿੰਦਰ ਸਿੰਘ ਤੇ ਜਿੰਦਰ ਸਿੰਘ ਨੂੰ ਸਿਰਪਾਓ ਭੇਟ ਕਰਕੇ ਸਨਮਾਨਿਤ ਕੀਤਾ ਤੇ ਉਨਾਂ ਦਾ ਮਾਣ ਵਧਾਇਆ। ਉਨਾਂ ਨੂੰ ਭਰੋਸਾ ਦਿੱਤਾ ਕਿ ਖਾਲਸਾ ਪੰਥ ਉਨਾਂ ਦਾ ਨਾਲ ਹੈ। ਉਨਾਂ ਨੇ ਦਿੱਲੀ ਪੁਲੀਸ ਪ੍ਰਸ਼ਾਸ਼ਣ ਨੂੰ ਅਪੀਲ ਕੀਤੀ ਕਿ ਇਹਨਾਂ ਦੀ ਸੁਰੱਖਿਆ ਕੀਤੀ ਜਾਵੇ। ਜੇਕਰ ਇਨਾਂ ਦਾ ਕੋਈ ਨੁਕਸਾਨ ਹੁੰਦਾ ਹੈ ਤਾਂ ਇਸ ਦੇ ਲਈ ਪੁਲੀਸ ਪ੍ਰਸ਼ਾਸ਼ਣ ਤੇ ਸਰਕਾਰ ਜ਼ਿੰਮੇਵਾਰ ਹੋਵੇਗੀ।

ਇਸ ਮੌਕੇ ਮੁਸਤਫਾਪੁਰ (ਈਦਗਾਹ) ਵਿਚ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੀ ਟੀਮ ਗਈ, ਜਿੱਥੇ ਹਜ਼ਾਰ ਮੁਸਲਮਾਨਾਂ ਦਾ ਰਾਹਤ ਕੈਂਪ ਲੱਗਾ ਹੋਇਆ ਸੀ, ਜੋ ਕਿ ਹਿੰਸਾ ਦਾ ਸ਼ਿਕਾਰ ਸਨ ਤੇ ਬੇਘਰ ਹੋ ਚੁੱਕੇ ਸਨ।

ਇੱਥੇ ਇਨਾਂ ਨੂੰ ਰਾਸ਼ਨ ਵੰਡਿਆ ਗਿਆ। ਕੁਝ ਮੁਸਲਮਾਨਾਂ ਨੇ ਦੱਸਿਆ ਕਿ ਇੱਥੇ ਮੁਸਲਮਾਨ ਬੱਚੇ ਪੁਲੀਸ ਚੁੱਕ ਰਹੀ ਹੈ ਤੇ ਦੱਸ ਨਹੀਂ ਰਹੀ। ਜਦ ਕਿ ਹਿੰਸਕ ਤੱਤਾਂ ਨੂੰ ਕੁਝ ਵੀ ਨਹੀਂ ਕਿਹਾ ਜਾ ਰਿਹਾ। ਜਦ ਕਿ ਉਨਾਂ ਦੀਆਂ ਵੀਡੀਓ ਸਾਹਮਣੇ ਆ ਚੁੱਕੀਆਂ ਹਨ।

ਰਜਿੰਦਰ ਸਿੰਘ ਪੁਰੇਵਾਲ ਤੇ ਪਰਮਿੰਦਰਪਾਲ ਸਿੰਘ ਖਾਲਸਾ ਨੇ ਕਿਹਾ ਕਿ ਮੋਦੀ ਸਰਕਾਰ ਤੇ ਕੇਜਰੀਵਾਲ ਸਰਕਾਰ ਰਾਹਤ ਕੈਂਪਾਂ ਵੱਲ ਧਿਆਨ ਦੇਵੇ ਤੇ ਉਨਾਂ ਬੇਘਰ ਹਿੰਸਾਂ ਦੇ ਸ਼ਿਕਾਰ ਲੋਕਾਂ ਨੂੰ ਵਸਾਵੇ ਤੇ ਜੋ ਬੇਗੁਨਾਹ ਨੌਜਵਾਨ ਗ੍ਰਿਫ਼ਤਾਰ ਕੀਤੇ ਗਏ ਹਨ, ਉਨਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ। ਉਨਾਂ ਕਿਹਾ ਕਿ ਜਦੋਂ ਕੋਰੋਨਾ ਵਾਇਰਸ ਫੈਲ ਚੁੱਕੀ ਹੈ ਤਾਂ ਇੱਥੇ ਮੈਡੀਕਲ ਸਹੂਲਤਾਂ ਦਾ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ। ਇਸ ਲਈ ਇੱਥੇ ਉਚੇਚੇ ਪ੍ਰਬੰਧ ਕਰਨ ਦੀ ਲੋੜ ਹੈ। ਇਨਾਂ ਕੈਂਪਾਂ ਵਿਚ ਮੁਸਲਮਾਨ ਭਾਈਚਾਰਾ ਖੁੱਲੇ ਵਿਚ ਰਹਿ ਰਿਹਾ ਹੈ, ਜਿਸ ਵਿਚ ਬਹੁਤੀਆਂ ਸਹੂਲਤਾਂ ਨਹੀਂ ਤੇ ਥੋੜੀ ਜਿਹੀ ਥਾਂ 'ਤੇ ਹਜ਼ਾਰ ਵਿਅਕਤੀਆਂ ਦਾ ਰਹਿਣਾ ਜਿੱਥੇ ਸਫਾਈ ਦੀ ਘਾਟ ਹੈ, ਉਹ ਖਤਰੇ ਤੋਂ ਖਾਲੀ ਨਹੀਂ। ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਚਾਹੀਦਾ ਹੈ ਕਿ ਇੱਥੇ ਲੰਗਰ ਖੁੱਲੇ ਵਰਤਾਏ ਜਾਣ ਤੇ ਹਿੰਸਾ ਦੇ ਸ਼ਿਕਾਰ ਲੋਕਾਂ ਦੀ ਸਮੁੱਚੇ ਸਿੱਖ ਸੰਗਤ ਸਹਾਇਤਾ ਕਰੇ ਅਤੇ ਗੁਰਦੁਆਰੇ ਵਿਚ ਸ਼ਰਨ ਦਿੱਤੀ ਜਾਵੇ। ਇਸ ਦੇ ਨਾਲ ਉਨਾਂ ਦੀ ਆਰਥਿਕ ਸਹਾਇਤਾ ਵੀ ਕੀਤੀ ਜਾਵੇ ਤਾਂ ਜੋ ਉਹ ਆਪਣੇ ਪੈਰਾਂ 'ਤੇ ਖੜੇ ਹੋ ਕੇ ਆਪਣਾ ਘਰ ਪਰਿਵਾਰ ਚਲਾ ਸਕਣ। ਇਸ ਮੌਕੇ ਸੁਰਿੰਦਰਪਾਲ ਸਿੰਘ ਗੋਲਡੀ, ਮਨਜੀਤ ਸਿੰਘ ਗਤਕਾ ਮਾਸਟਰ, ਬਲਵਿੰਦਰਪਾਲ ਸਿੰਘ, ਸਾਹਿਬ ਸਿੰਘ, ਮਨਪ੍ਰੀਤ ਕੌਰ ਵਾਈਸ ਕੁਆਰਡੀਨੇਟਰ, ਇਕਬਾਲ ਸਿੰਘ ਮਿਸ਼ਨ ਚੜਦੀ ਕਲਾ ਮਹਾਰਾਸ਼ਟਰ, ਜ਼ੋਰਾਵਰ ਸਿੰਘ ਗਤਕਾ ਮਾਸਟਰ ਦਿੱਲੀ, ਗੁਰਮੀਤ ਕੌਰ, ਸੰਤੋਖ ਸਿੰਘ, ਦਵਿੰਦਰ ਸਿੰਘ, ਸਰਬਜੋਤ ਸਿੰਘ, ਗੁਰਮੀਤ ਸਿੰਘ, ਪ੍ਰਦੀਪ ਸਿੰਘ, ਰਿਆਜ਼ ਅਹਿਮਦ, ਸੁਰਜੀਤ ਸਿੰਘ, ਵਜ਼ੀਰ ਸਿੰਘ, ਜਸਪਾਲ ਸਿੰਘ, ਪ੍ਰਭਜੀਤ ਸਿੰਘ, ਸਤਨਾਮ ਸਿੰਘ ਤੇ ਬਲਦੇਵ ਸਿੰਘ ਆਦਿ ਸ਼ਾਮਲ ਸਨ।

ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਜਿੰਦਰ ਦੇ ਸਾਥੀ ਦਵਿੰਦਰ ਸਿੰਘ ਦਾ ਸਨਮਾਨ ਕਰਦੀ ਹੋਈ, ਪ੍ਰੋ. ਬਲਵਿੰਦਰਪਾਲ ਸਿੰਘ, ਸ. ਮਹਿੰਦਰ ਸਿੰਘ ਤੇ ਜਿੰਦਰ ਸਿੰਘ ਦੀ ਇੰਟਰਵਿਊ ਕਰਦੇ ਹੋਏ

# ਪਾਕਿਸਤਾਨ 'ਚ ਕਰੋਨਾ ਨਾਲ ਪਹਿਲੀ ਮੌਤ, 193 ਪੀੜਤ

ਲਾਹੌਰ/ਏ.ਟੀ.ਨਿਊਜ਼ : ਪਾਕਿਸਤਾਨ ਵਿਚ ਕਰੋਨਾਵਾਇਰਸ ਨਾਲ ਪਹਿਲੀ ਮੌਤ ਦੀ ਸੂਚਨਾ ਹੈ। ਭਾਰਤ ਦੇ ਗੁਆਂਢੀ ਮੁਲਕ 'ਚ ਕੋਵਿਡ-19 ਨਾਲ ਪੀੜਤਾਂ ਦੀ ਗਿਣਤੀ 193 ਹੋ ਗਈ ਹੈ। ਪਹਿਲੀ ਮੌਤ ਲਾਹੌਰ ਵਿਚ ਹੋਈ ਹੈ, ਜਦਕਿ ਸਿੰਧ 'ਚ ਪਾਜ਼ੇਟਿਵ ਕੇਸਾਂ ਦੀ ਗਿਣਤੀ 155 ਹੈ। ਇਸ ਤੋਂ ਇਲਾਵਾ ਖ਼ੈਬਰ ਪਖ਼ਤੂਨਖ਼ਵਾ 'ਚ 15 ਕੇਸ ਹਨ, ਬਲੋਚਿਸਤਾਨ 'ਚ 10, ਗਿਲਗਿਟ-ਬਾਲਟਿਸਤਾਨ 'ਚ ਪੰਜ, ਇਸਲਾਮਾਬਾਦ 'ਚ 2 ਤੇ ਪੰਜਾਬ ਸੂਬੇ 'ਚ ਛੇ ਕੇਸ ਹਨ। ਪੰਜਾਬ ਸੂਬੇ ਦੇ ਸਿਹਤ ਮੰਤਰੀ ਯਾਸਮੀਨ ਰਾਸ਼ਿਦ ਨੇ ਦੱਸਿਆ ਕਿ ਪੀੜਤ ਨੂੰ ਹਾਫ਼ਿਜ਼ਾਬਾਦ ਤੋਂ ਲਾਹੌਰ ਲਿਆਂਦਾ ਗਿਆ ਸੀ ਤੇ ਉਸ ਦੀ ਮੌਤ ਹੋ ਗਈ। ਪਾਕਿਸਤਾਨ ਦੇ ਪੰਜਾਬ ਸੂਬੇ 'ਚ ਪੰਜ ਨਵੇਂ ਕੇਸ ਸਾਹਮਣੇ ਆਏ ਹਨ ਤੇ ਪੰਜ ਹੀ ਨਵੇਂ ਕੇਸ ਸਿੰਧ ਵਿਚ ਮਿਲੇ ਹਨ। ਕੌਮੀ ਕਮਾਂਡ ਤੇ ਕੰਟਰੋਲ ਕੇਂਦਰ ਨੇ ਪਹਿਲੀ ਮੌਤ ਦੀ ਪੁਸ਼ਟੀ ਕਰਦਿਆਂ ਕਰਦਿਆਂ ਕਿਹਾ ਕਿ ਮਰੀਜ਼ ਮਸਕਟ ਤੋਂ ਆਇਆ ਸੀ। ਪਾਕਿਸਤਾਨ ਨੇ ਇਰਾਨ ਤੇ ਅਫ਼ਗਾਨਿਸਤਾਨ ਨਾਲ ਲੱਗਦੀ ਸਰਹੱਦ ਨੂੰ ਸੀਲ ਕਰਨ ਦਾ ਫ਼ੈਸਲਾ ਕੀਤਾ ਹੈ। -ਪੀਟੀਆਈ

ਵਾਇਰਸ ਦੇ ਲੱਛਣਾਂ ਵਾਲੇ 780 ਪੰਜਾਬ ਦੇ ਡੇਰਾ ਗਾਜ਼ੀ ਖ਼ਾਨ 'ਚ

ਪੰਜਾਬ 'ਚ ਪੀੜਤਾਂ ਦੀ ਗਿਣਤੀ ਵੱਧ ਸਕਦੀ ਹੈ ਕਿਉਂਕਿ 780 ਸ਼ੱਕੀ ਮਰੀਜ਼ਾਂ ਨੂੰ ਡੇਰਾ ਗਾਜ਼ੀ ਖ਼ਾਨ ਦੀ ਯੂਨੀਵਰਸਿਟੀ 'ਚ ਵੱਖ ਰੱਖਿਆ ਜਾ ਰਿਹਾ ਹੈ। ਇਨਾਂ 'ਚੋਂ ਕਈਆਂ 'ਚ ਬੀਮਾਰੀ ਦੇ ਲੱਛਣ ਪਾਏ ਜਾ ਰਹੇ ਹਨ। ਇਹ ਸਾਰੇ ਇਰਾਨ ਤੋਂ ਪਰਤੇ ਸ਼ਰਧਾਲੂ ਹਨ ਤੇ ਇਨਾਂ ਨੂੰ ਖੰਘ ਤੇ ਬੁਖ਼ਾਰ ਹੈ। ਇਨਾਂ ਦੀ ਟੈਸਟਿੰਗ ਲਈ ਕਿੱਟਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ ਤੇ ਲਾਹੌਰ ਤੋਂ 350 ਕਿਲੋਮੀਟਰ ਦੂਰ ਡੇਰਾ ਗਾਜ਼ੀ ਖ਼ਾਨ 'ਚ ਉੱਚ ਪੱਧਰੀ ਚੌਕਸੀ ਦੇ ਹੁਕਮ ਜਾਰੀ ਕੀਤੇ ਗਏ ਹਨ। ਅਧਿਕਾਰੀਆਂ ਮੁਤਾਬਕ ਇਰਾਨੀ ਅਥਾਰਿਟੀ ਡਬਲਿਊਐਚਓ ਦੇ ਨੇਮਾਂ ਦੀ ਉਲੰਘਣਾ ਕਰ ਕੇ ਇਨਾਂ ਨੂੰ ਇਕੋ ਥਾਂ 'ਤੇ ਰੱਖ ਰਹੀ ਸੀ। ਇਸ ਦੌਰਾਨ ਇਹ ਇਕ-ਦੂਜੇ ਨਾਲ ਗਲੇ ਮਿਲੇ ਹਨ ਤੇ ਹੱਥ ਵੀ ਮਿਲਾਏ ਹਨ।


ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ

ਅਮਰੀਕਾ ਦੇ ਉਘੇ ਪੰਥਕ ਪਰਿਵਾਰ ਗਿੱਲ ਪਰਿਵਾਰ, ਸੰਧੂ ਪਰਿਵਾਰ ਅਤੇ ਗਰੇਵਾਲ ਪਰਿਵਾਰ ਨੂੰ ਗਹਿਰਾ ਸਦਮਾ

ਸਤਿਕਾਰਯੋਗ ਮਾਤਾ ਰਜਿੰਦਰ ਕੌਰ ਜੀ ਗਿੱਲ ਨਹੀਂ ਰਹੇ



ਬੇਕਰਸਫੀਲਡ/ਕੈਲੀਫੋਰਨੀਆ : ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਗਿੱਲ ਅਤੇ ਸੰਧੂ ਪਰਿਵਾਰ ਅਤੇ ਗਰੇਵਾਲ ਪਰਿਵਾਰ ਨੂੰ ਉਸ ਸਮੇਂ ਭਾਰੀ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਸਤਿਕਾਰਯੋਗ ਮਾਤਾ ਜੀ ਬੀਬੀ ਰਜਿੰਦਰ ਕੌਰ ਜੀ ਗਿੱਲ ਅਚਾਨਕ ਸਦੀਵੀ ਵਿਛੋੜਾ ਦੇ ਗਏ।

ਸਾਰੀ ਜਿੰਦਗੀ ਵਾਹਿਗੁਰੂ ਦਾ ਜਾਪ ਕਰਨ ਵਾਲੇ ਹਰ ਇੱਕ ਨੂੰ ਪਿਆਰ ਮੁਹੱਬਤ ਨਾਲ ਬਲਾਉਣ ਵਾਲੇ ਮਾਤਾ ਰਜਿੰਦਰ ਕੌਰ ਗਿੱਲ ਇੱਕ ਸੱਚੇ-ਸੁੱਚੇ, ਨੇਕ, ਠੰਡੇ ਅਤੇ ਮਿੱਠੇ ਸੁਭਾਅ ਦੇ ਮਾਲਕ ਸਨ। ਹਮੇਸ਼ਾ ਹਸਦੇ ਰਹਿਣ ਵਾਲੇ ਹਸਮੁੱਖ ਮਾਤਾ ਰਜਿੰਦਰ ਕੌਰ ਗਿੱਲ ਆਪਣੇ ਸਵਾਸਾਂ ਦੀ ਪੂੰਜੀ ਭੋਗ ਕੇ ਆਪਣੇ ਪਿਛੇ ਇੱਕ ਵੱਡਾ ਹਸਦਾ-ਵਸਦਾ ਖੁਸ਼ਹਾਲ ਪਰਿਵਾਰ ਛੱਡ ਕੇ ਸਦੀਵੀ ਵਿਛੋੜਾ ਦੇ ਗਏ। ਮਾਤਾ ਰਜਿੰਦਰ ਕੌਰ ਗਿੱਲ ਸੁਪਤਨੀ ਸਵਰਗੀ ਸੁਰਜੀਤ ਸਿੰਘ ਗਿੱਲ ਪਿੰਡ ਸੱਦੋਵਾਲ ਜ਼ਿਲ੍ਹਾ ਬਰਨਾਲਾ ਆਪਣੀ 90 ਸਾਲ ਦੀ ਉਮਰ ਭੋਗ ਕੇ 5 ਮਾਰਚ ਨੂੰ ਅਕਾਲ ਚਲਾਣਾ ਕਰ ਗਏ ਹਨ।

ਉਨ੍ਹਾਂ ਦਾ ਅੰਤਿਮ ਸਸਕਾਰ 21 ਮਾਰਚ ਦਿਨ ਸ਼ਨੀਵਾਰ ਨੂੰ ਗਰੀਨ ਲਾਨ ਮੋਰਚਰੀ ਬੇਕਰਸਫੀਲਡ ਵਿਖੇ ਸਵੇਰੇ 10 ਵਜੇ ਹੋਵੇਗਾ। ਉਪਰੰਤ ਉਨ੍ਹਾਂ ਨਮਿੱਤ ਰੱਖੇ ਗਏ ਸਹਿਜ ਪਾਠ ਦਾ ਭੋਗ ਤੇ ਅੰਤਿਮ ਅਰਦਾਸ ਗੁਰਦੁਆਰਾ ਅੰਗਦ ਦਰਬਾਰ ਸਾਹਿਬ ਬੇਕਰਸਫੀਲਡ ਵਿਖੇ ਹੋਵੇਗੀ।

ਹੋਰ ਜਾਣਕਾਰੀ ਲਈ ਅਤੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਸੰਪਰਕ ਕਰੋ

ਗੁਰਮੀਤ ਸਿੰਘ ਗਿੱਲ ਸਪੁੱਤਰ, 559-905-6031

ਬਰਜਿੰਦਰ ਸਿੰਘ ਗਰੇਵਾਲ : 559-905-8513

ਡਾਕਟਰ ਮੁਕੰਦ ਸਿੰਘ ਸੰਧੂ (ਜਵਾਈ) 661-205-6332

# ਕੋਰੋਨਾ ਵਾਇਰਸ ਦੀ ਦਹਿਸ਼ਤ ਤੇ ਵਿਸ਼ਵ ਆਰਥਿਕਤਾ

**- ਰਜਿੰਦਰ ਸਿੰਘ**

ਚੀਨ ਦੇ ਹੁਬਈ ਪ੍ਰਾਂਤ ਦੀ ਰਾਜਧਾਨੀ ਬੁਰਹਾਨ ਤੋਂ ਪੈਰ ਪਸਾਰਨ ਵਾਲੇ ਜਾਨਲੇਵਾ ਕੋਰੋਨਾ ਵਾਇਰਸ 3®:94-੧੯ ਦੀ ਲਪੇਟ ਵਿਚ ਵਿਸ਼ਵ ਦੇ ੧੫੦ ਦੇਸ ਆ ਚੁੱਕੇ ਹਨ। ਕਰੋਨਾਵਾਇਰਸ ਦੀ ਮਹਾਮਾਰੀ ਨੇ ਦੁਨੀਆਂ ਨੂੰ ਹਿਲਾ ਕੇ ਰੱਖ ਦਿੱਤਾ ਹੈ। ਲਗਭਗ ਸਾਰੇ ਦੇਸ਼ਾਂ ਨੇ ਇਸ ਸਬੰਧੀ ਵੱਡੇ ਪੱਧਰ 'ਤੇ ਪਾਬੰਦੀਆਂ ਲਾਈਆਂ ਹਨ। ਚੀਨ ਤੋਂ ਬਾਅਦ ਇਟਲੀ, ਇਰਾਨ ਤੇ ਸਪੇਨ ਵਿਚ ਹਾਲਾਤ ਜ਼ਿਆਦਾ ਖਰਾਬ ਹਨ। ਹੁਣ ਤਕ 1.50 ਲੱਖ ਤੋਂ ਜ਼ਿਆਦਾ ਲੋਕ ਇਸ ਬਿਮਾਰੀ ਦਾ ਸ਼ਿਕਾਰ ਹੋਏ ਹਨ ਜਿਨਾਂ ਵਿਚੋਂ 5800 ਦੀ ਮੌਤ ਹੋ ਚੁੱਕੀ ਹੈ। ਇਟਲੀ ਤੇ ਸਪੇਨ ਵਿਚ ਇਹ ਮਹਾਮਾਰੀ ਬਹੁਤ ਤੇਜ਼ੀ ਨਾਲ ਫੈਲੀ ਹੈ ਅਤੇ ਕਿਹਾ ਜਾ ਰਿਹਾ ਹੈ ਕਿ ਇਨਾਂ ਦੋਹਾਂ ਦੇਸ਼ਾਂ ਨੇ ਸ਼ੁਰੂਆਤੀ ਸਮਿਆਂ ਵਿਚ ਉਸ ਤਰੀਕੇ ਦੇ ਕਦਮ ਨਹੀਂ ਉਠਾਏ, ਜਿਹੜੇ ਉਠਾਏ ਜਾਣੇ ਚਾਹੀਦੇ ਸਨ। ਹੁਣ ਇਟਲੀ ਵਿਚ ਏਨੀ ਵੱਡੀ ਪੱਧਰ ਦੀਆਂ ਬੰਦਿਸ਼ਾਂ ਲਗਾਈਆਂ ਗਈਆਂ ਹਨ ਕਿ ਕਿਸੇ ਆਦਮੀ ਨੂੰ ਬਾਹਰ ਘੁੰਮਣ-ਫਿਰਨ ਲਈ ਵੀ ਸਿਹਤ ਅਧਿਕਾਰੀਆਂ ਕੋਲੋਂ ਸਰਟੀਫ਼ਿਕੇਟ ਲੈਣਾ ਪੈਂਦਾ ਹੈ। ਭਾਰਤ ਵਿਚ ਵੱਖ ਵੱਖ ਸੂਬਿਆਂ ਵਿਚ ਸਕੂਲ-ਕਾਲਜ ਬੰਦ ਕਰਵਾਉਣ ਦੇ ਨਾਲ ਨਾਲ ਲੋਕਾਂ ਦੇ ਇਕੱਠੇ ਹੋਣ ਉੱਤੇ ਬੰਦਿਸ਼ ਲਗਾਈ ਗਈ ਹੈ।ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਵਾਇਰਲ ਇਨਫੈਕਸ਼ਨ ਬੇਹੱਦ ਖ਼ਤਰਨਾਕ ਹੈ ਪਰ ਇਸ ਦੇ ਨਾਲ ਹੀ ਅਜਿਹੀਆਂ ਕਈ ਮਿੱਥਾਂ ਫੈਲ ਰਹੀਆਂ ਹਨ ਜਿਨਾਂ ਕਰਕੇ ਲੋਕਾਂ ਦੀ ਘਬਰਾਹਟ ਵਧ ਰਹੀ ਹੈ। ਇਟਲੀ ਵਿਚ ਸ਼ੁਰੂਆਤੀ ਦੌਰ ਵਿਚ ਦੇਸ਼ ਦੇ 25 ਫ਼ੀਸਦੀ ਹਿੱਸੇ ਵਿਚ ਵੱਡੀ ਪੱਧਰ ਦੀਆਂ ਪਾਬੰਦੀਆਂ ਲਗਾਈਆਂ ਗਈਆਂ ਅਤੇ ਲੋਕਾਂ ਨੂੰ ਆਪਣੇ ਘਰਾਂ ਦੇ ਅੰਦਰ ਰਹਿਣ ਲਈ ਕਿਹਾ ਗਿਆ। ਖ਼ਬਰਾਂ ਅਨੁਸਾਰ ਉਹ ਇਲਾਕਾ, ਜਿਸ ਨੂੰ ਲਾਲ ਭਾਵ ਖ਼ਤਰੇ ਵਾਲਾ ਐਲਾਨਿਆ ਗਿਆ ਸੀ, ਵਿਚੋਂ ਲਗਭਗ 10 ਹਜ਼ਾਰ ਲੋਕ ਰਾਤੋ-ਰਾਤ ਇਟਲੀ ਦੇ ਦੂਜੇ ਹਿੱਸਿਆਂ ਨੂੰ ਚਲੇ ਗਏ ਅਤੇ ਇਸ ਕਾਰਨ ਇਹ ਮਹਾਮਾਰੀ ਤੇਜ਼ੀ ਨਾਲ ਫੈਲੀ।

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਬੀਵੀ ਕੋਰੋਨਾ ਤੋਂ ਪੀੜਤ ਹੈ। ਸਪੇਨ ਦੀ ਮੰਤਰੀ ਇਰੇਨਾ ਮੋਂਟੇਰੋ ਦਾ ਵੀ ਟੈਸਟ ਪੌਜ਼ਿਟਿਵ ਆਇਆ ਹੈ। ਟਰੰਪ ਸਰਕਾਰ ਨੇ ਬਰਤਾਨੀਆ ਨੂੰ ਛੱਡ ਕੇ 26 ਯੂਰਪੀ ਦੇਸ਼ਾਂ ਦੇ ਨਾਗਰਿਕਾਂ ਲਈ ਅਮਰੀਕਾ ਦੀ ਯਾਤਰਾ 'ਤੇ 30 ਦਿਨਾਂ ਲਈ ਰੋਕ ਲਗਾ ਦਿੱਤੀ ਹੈ। ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਐਂਟੋਨੀਓ ਗੁਤਰਸ ਨੇ ਦੁਨੀਆ ਦੇ ਹਾਕਮਾਂ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਮਹਾਮਾਰੀ ਤੋਂ ਛੁਟਕਾਰਾ ਪਾਉਣ ਲਈ ਜ਼ਰੂਰੀ ਕਦਮ ਚੁੱਕਣ। ਵਿਸ਼ਵ ਸਿਹਤ ਸੰਗਠਨ ਨੇ ਪਹਿਲਾਂ ਹੀ ਕੋਰੋਨਾ ਨੂੰ ਮਹਾਮਾਰੀ ਐਲਾਨਿਆ ਹੋਇਆ ਹੈ। ਇਸੇ ਦੌਰਾਨ ਕੁਝ ਤਾਕਤਾਂ ਇਕ-ਦੂਜੇ ਦੇਸ਼ ਨੂੰ ਨੀਵਾਂ ਦਿਖਾਉਣ ਲਈ ਕੂੜ-ਪ੍ਰਚਾਰ ਵਿਚ ਲੱਗੀਆਂ ਹੋਈਆਂ ਹਨ। ਸੋਸ਼ਲ ਮੀਡੀਆ ਤੇ ਪ੍ਰਚਾਰਿਆ ਜਾ ਰਿਹਾ ਹੈ ਕਿ ਇਹ ਵਾਇਰਸ ਮੱਧ ਚੀਨ ਦੇ ਵੂਹਾਨ ਨਗਰ ਦੀ ਮੀਟ ਮਾਰਕੀਟ 'ਚੋਂ ਨਹੀਂ ਸਗੋਂ ਉੱਥੋਂ ਦੀ ਇਕ ਲੈਬੋਰਟਰੀ 'ਚੋਂ ਬਾਹਰ ਆਇਆ ਹੈ ਜਿੱਥੇ ਕੋਈ ਖ਼ਤਰਨਾਕ ਜੈਵਿਕ ਬੰਬ ਬਣਾਇਆ ਜਾ ਰਿਹਾ ਸੀ।ਕੋਰੋਨਾ ਵਾਇਰਸ ਦੀ ਸਭ ਤੋਂ ਘੱਟ ਖ਼ਤਰਨਾਕ ਸਥਿਤੀ ਵਿੱਚ ਵੀ ਵਿਸ਼ਵ ਭਰ ਵਿੱਚ ਹੋਈਆਂ ਮੌਤਾਂ ਦੀ ਗਿਣਤੀ 1.5 ਕਰੋੜ ਤੱਕ ਪਹੁੰਚਣ ਦੀ ਉਮੀਦ ਹੈ। ਇੰਨਾ ਹੀ ਨਹੀਂ, ਕੋਰੋਨਾ ਵਾਇਰਸ ਦੇ ਕਾਰਨ, ਵਿਸ਼ਵ ਆਰਥਿਕਤਾ ਨੂੰ ਵੀ ਨੁਕਸਾਨ ਹੋਵੇਗਾ। ਡੇਲੀ ਮੇਲ ਦੀ ਰਿਪੋਰਟ ਦੇ ਅਨੁਸਾਰ, ਆਸਟਰੇਲੀਆਈ ਨੈਸ਼ਨਲ ਯੂਨੀਵਰਸਿਟੀ ਵੱਲੋਂ ਕੀਤੀ ਖੋਜ ਨੇ ਇਹ ਵੀ ਪਾਇਆ ਕਿ ਮਹਾਂਮਾਰੀ ਕਾਰਨ ਗਲੋਬਲ ਜੀਡੀਪੀ 2.3 ਟ੍ਰਿਲੀਅਨ ਡਾਲਰ ਤੋਂ ਘੱਟ ਹੋ ਸਕਦੀ ਹੈ। ਕੋਰੋਨਾ ਵਾਇਰਸ ਦੀ ਸਭ ਤੋਂ ਵਿਨਾਸ਼ਕਾਰੀ ਸਥਿਤੀ ਵਿੱਚ ਇਹ ਬ੍ਰਿਟੇਨ ਅਤੇ ਅਮਰੀਕਾ ਵਿੱਚ ਹਜ਼ਾਰਾਂ ਲੋਕਾਂ ਦੀ ਮੌਤ ਸਣੇ ਇਹ ਅੰਕੜਾ 6 ਕਰੋੜ 80 ਲੱਖ ਤੱਕ ਪਹੁੰਚ ਸਕਦਾ ਹੈ।

ਸੰਯੁਕਤ ਰਾਸ਼ਟਰ ਦੀ ਕਾਨਫਰੰਸ ਆਨ ਟਰੇਡਿੰਗ ਡਿਵੈੱਲਪਮੈਂਟ ਨੇ ਕਿਹਾ ਹੈ ਕਿ ਕੋਰੋਨਾ ਵਾਇਰਸ ਕਾਰਨ ਪ੍ਰਭਾਵਤ ਹੋਣ ਵਾਲੀਆਂ ਦੁਨੀਆ ਦੀਆਂ 15 ਵੱਡੀਆਂ ਅਰਥ-ਵਿਵਸਥਾਵਾਂ ਵਿੱਚੋਂ ਇੱਕ ਭਾਰਤ ਵੀ ਹੈ। ਚੀਨ ਵਿੱਚ ਉਤਪਾਦਨ ਵਿੱਚ ਆਈ ਕਮੀ ਦਾ ਅਸਰ ਭਾਰਤ ਦੇ ਵਪਾਰ ਉੱਤੇ ਵੀ ਪੈ ਰਿਹਾ ਹੈ। ਇਸ ਨਾਲ ਭਾਰਤ ਦੀ ਅਰਥ-ਵਿਵਸਥਾ ਨੂੰ ਕਰੀਬ 34.8 ਕਰੋੜ ਡਾਲਰ ਦਾ ਨੁਕਸਾਨ ਹੋ ਸਕਦਾ ਹੈ।

ਯੂਰਪ ਦੇ ਆਰਥਿਕ ਸਹਿਯੋਗ ਤੇ ਵਿਕਾਸ ਸੰਗਠਨ (ਓ ਈ ਸੀ ਡੀ) ਨੇ 2020-21 ਲਈ ਭਾਰਤ ਦੀ ਆਰਥਕ ਵਿਕਾਸ ਦਰ ਦਾ ਅਨੁਮਾਨ 1.1 ਫ਼ੀਸਦੀ ਘਟਾ ਦਿੱਤਾ ਹੈ। ਓ ਈ ਸੀ ਡੀ ਨੇ ਪਹਿਲਾਂ ਅਨੁਮਾਨ ਲਾਇਆ ਸੀ ਕਿ ਭਾਰਤ ਦੀ ਵਿਕਾਸ ਦਰ 6.2 ਫ਼ੀਸਦੀ ਰਹੇਗੀ, ਪਰ ਹੁਣ ਉਸ ਨੇ ਇਸ ਨੂੰ ਘੱਟ ਕਰਕੇ 5.1 ਫ਼ੀਸਦੀ ਕਰ ਦਿੱਤਾ ਹੈ।

ਡਰ ਤੇ ਸਹਿਮ ਦਾ ਮਹੌਲ ਇਸ ਕਦਰ ਹਾਵੀ ਹੈ ਕਿ ਲੋਕ ਦਵਾਈਆਂ, ਮਾਸਕ ਤੇ ਸੈਨੀਟਾਈਜ਼ਰ ਜਮਾਂ ਕਰਨ ਲੱਗ ਪਏ ਹਨ। ਮੈਡੀਕਲ ਸਟੋਰਾਂ ਉੱਤੇ ਦਵਾਈਆਂ ਦੀ ਕਮੀ ਹੋ ਰਹੀ ਹੈ। ਸਭ ਵੱਡੇ ਸ਼ਹਿਰਾਂ ਦੇ ਕੈਮਿਸਟ ਦਵਾਈਆਂ, ਮਾਸਕ ਤੇ ਸੈਨੀਟਾਈਜ਼ਰ ਦੇ ਆਰਡਰ ਦੇ ਰਹੇ ਹਨ, ਪਰ ਮਾਲ ਨਹੀਂ ਮਿਲ ਰਿਹਾ। ਇਸ ਸਮੇਂ ਮਾਸਕ ਅਸਲ ਕੀਮਤ ਨਾਲੋਂ ਤਿੰਨ ਗੁਣਾ ਵੱਧ ਕੀਮਤ ਉੱਤੇ ਵਿਕ ਰਹੇ ਹਨ। ਆਨਲਾਈਨ ਥੋਕ ਕਾਰੋਬਾਰ ਕਰਨ ਵਾਲੀ ਕੰਪਨੀ ਟਰੇਡ ਇੰਡੀਆ ਡਾਟ ਕਾਮ ਮੁਤਾਬਕ ਪਿਛਲੇ ਤਿੰਨ ਮਹੀਨਿਆਂ ਦੌਰਾਨ ਮਾਸਕ ਤੇ ਸੈਨੀਟਾਈਜ਼ਰ ਦੀ ਮੰਗ ਵਿੱਚ 316 ਫ਼ੀਸਦੀ ਦਾ ਵਾਧਾ ਹੋ ਚੁੱਕਾ ਹੈ। ਭਾਰਤ ਜੈਨੇਰਿਕ ਦਵਾਈਆਂ ਦਾ ਦੁਨੀਆ ਵਿੱਚ ਸਭ ਤੋਂ ਵੱਡਾ ਸਪਲਾਇਰ ਹੈ। ਚੀਨ ਵਿੱਚ ਉਤਪਾਦਨ ਬੰਦ ਹੋਣ ਕਾਰਨ ਭਾਰਤ ਨੇ ਕੁਝ ਦਵਾਈਆਂ ਦੇ ਨਿਰਯਾਤ ਉੱਤੇ ਪਾਬੰਦੀ ਲਾ ਦਿੱਤੀ ਹੈ, ਤਾਂ ਜੋ ਘਰੇਲੂ ਮੰਗ ਪੂਰੀ ਕੀਤੀ ਜਾ ਸਕੇ, ਪਰ ਆਰਥਿਕਤਾ ਉੱਤੇ ਇਸ ਦਾ ਬੁਰਾ ਪ੍ਰਭਾਵ ਪਵੇਗਾ ਹੀ।

ਇਸ ਸੰਸਾਰ ਵਿਆਪੀ ਮਹਾਂਮਾਰੀ ਦਾ ਸਭ ਤੋਂ ਬੁਰਾ ਅਸਰ ਸੈਰ-ਸਪਾਟਾ ਉਦਯੋਗ ਉੱਤੇ ਪੈਣਾ ਸ਼ੁਰੂ ਹੋ ਗਿਆ ਹੈ। ਭਾਰਤ ਨੇ ਇਟਲੀ, ਈਰਾਨ, ਦੱਖਣੀ ਕੋਰੀਆ ਤੇ ਜਪਾਨ ਸਮੇਤ ਕਈ ਦੇਸ਼ਾਂ ਤੋਂ ਆਉਣ ਵਾਲੇ ਨਾਗਰਿਕਾਂ ਦੇ ਦਾਖ਼ਲੇ ਉੱਤੇ ਪਾਬੰਦੀ ਲਾ ਦਿੱਤੀ ਹੈ। ਦੂਜੇ ਦੇਸ਼ਾਂ ਵੱਲੋਂ ਵੀ ਅਜਿਹੀਆਂ ਪਾਬੰਦੀਆਂ ਲਾਈਆਂ ਗਈਆਂ ਹਨ। ਬਾਹਰਲੇ ਦੇਸ਼ਾਂ ਨੂੰ ਜਾਣ ਵਾਲੇ ਟੂਰ ਕੈਂਸਲ ਹੋ ਰਹੇ ਹਨ। ਭਾਰਤ ਆਉਣ ਵਾਲੇ ਟੂਰਿਸਟਾਂ ਵਿੱਚ ਵੱਡੀ ਪੱਧਰ ਉੱਤੇ ਕਮੀ ਆਈ ਹੈ। ਦੁਨੀਆ ਭਰ ਵਿੱਚ ਹੋਣ ਵਾਲੇ ਬਹੁਤ ਸਾਰੇ ਕੌਮਾਂਤਰੀ ਪ੍ਰੋਗਰਾਮ ਰੱਦ ਕੀਤੇ ਜਾ ਚੁੱਕੇ ਹਨ। ਇਸ ਦਾ ਅਸਰ ਹਵਾਈ ਕੰਪਨੀਆਂ ਉੱਤੇ ਪੈ ਰਿਹਾ ਹੈ। ਸਾਡੇ ਦੇਸ਼ ਵਿੱਚ ਹੋਟਲਾਂ ਦੇ ਕਮਰਿਆਂ ਦੀ ਬੁਕਿੰਗ ਵਿੱਚ 20 ਤੋਂ 90 ਫੀਸਦੀ ਦੀ ਗਿਰਾਵਟ ਆ ਚੁੱਕੀ ਹੈ।

ਟਰੈਵਲਜ਼ ਐਂਡ ਟੂਰਿਜ਼ਮ ਕੌਂਸਲ ਵੱਲੋਂ ਵਿਸ਼ਵ ਦੇ ਸੈਰ-ਸਪਾਟਾ ਉਦਯੋਗ ਦੇ ਕੋਰੋਨਾ ਵਾਇਰਸ ਤੋਂ ਪ੍ਰਭਾਵਤ ਹੋਣ ਬਾਰੇ ਕੀਤੇ ਅਧਿਐਨ ਵਿੱਚ ਕਿਹਾ ਗਿਆ ਹੈ ਕਿ ਇਸ ਨਾਲ ਸੈਰ-ਸਪਾਟਾ ਸਨਅਤ ਨੂੰ 22 ਅਰਬ ਡਾਲਰ ਦਾ ਨੁਕਸਾਨ ਹੋ ਸਕਦਾ ਹੈ। ਇਸੇ ਤਰਾਂ ਹਵਾਬਾਜ਼ੀ ਉਦਯੋਗ ਨੂੰ ਵੀ 63 ਅਰਬ ਡਾਲਰ ਦਾ ਨੁਕਸਾਨ ਹੋ ਸਕਦਾ ਹੈ। ਸੈਰ-ਸਪਾਟਾ ਉਦਯੋਗ ਉੱਤੇ ਕੋਰੋਨਾ ਵਾਇਰਸ ਦਾ ਜੋ ਸਭ ਤੋਂ ਬੁਰਾ ਪ੍ਰਭਾਵ ਪੈ ਰਿਹਾ ਹੈ, ਉਹ ਇਹ ਹੈ ਕਿ ਤੈਅ ਹੋਏ ਪ੍ਰੋਗਰਾਮ ਰੱਦ ਹੋ ਰਹੇ ਹਨ। ਸੀ ਏ ਆਈ ਟੀ ਦੇ ਜਨਰਲ ਸਕੱਤਰ ਪ੍ਰਵੀਨ ਖੰਡੇਲਵਾਲ ਨੇ ਕਿਹਾ ਹੈ ਕਿ ਵੱਖ-ਵੱਖ ਵਪਾਰਕ ਸੰਗਠਨਾਂ ਵੱਲੋਂ ਦੇਸ਼ ਭਰ ਵਿੱਚ ਹੋਣ ਵਾਲੇ 10 ਹਜ਼ਾਰ ਪ੍ਰੋਗਰਾਮ ਰੱਦ ਕਰ ਦਿੱਤੇ ਗਏ ਹਨ। ਸੈਰ-ਸਪਾਟਾ, ਹਵਾਬਾਜ਼ੀ ਤੇ ਹੋਟਲ ਸਨਅਤ ਤੋਂ ਇਲਾਵਾ ਬਾਕੀ ਸਨਅਤਾਂ ਵਿੱਚ ਵੀ ਕੋਰੋਨਾ ਵਾਇਰਸ ਕਾਰਨ ਮੁਸ਼ਕਲਾਂ ਦੇ ਦੌਰ ਸ਼ੁਰੂ ਹੋ ਗਏ ਹਨ। ਆਟੋਮੋਬਾਇਲ ਸੈਕਟਰ, ਜਿਸ ਵਿੱਚ ਪੌਣੇ ਚਾਰ ਕਰੋੜ ਲੋਕ ਕੰਮ ਕਰਦੇ ਹਨ, ਪਹਿਲਾਂ ਤੋਂ ਹੀ ਮੰਦੀ ਦਾ ਸ਼ਿਕਾਰ ਸੀ। ਹੁਣ ਚੀਨ ਵਿੱਚ ਮੰਦੀ ਕਾਰਨ ਇਸ ਸੈਕਟਰ ਵਿੱਚ ਕਲਪੁਰਜ਼ਿਆਂ ਦੀ ਕਿੱਲਤ ਸ਼ੁਰੂ ਹੋ ਗਈ ਹੈ। ਇਸ ਤੋਂ ਇਲਾਵਾ ਕੋਰੋਨਾ ਵਾਇਰਸ ਦੇ ਪ੍ਰਕੋਪ ਨੇ ਸਭ ਤੋਂ ਵੱਧ ਨੁਕਸਾਨ ਜਵਾਹਰਾਤ ਤੇ ਜਿਊਲਰੀ ਕਾਰੋਬਾਰ ਦਾ ਕੀਤਾ ਹੈ। ਇੱਕ ਅੰਦਾਜ਼ੇ ਮੁਤਾਬਕ ਇਸ ਸੈਕਟਰ ਵਿੱਚ ਕਰੀਬ ਸਵਾ ਅਰਬ ਡਾਲਰ ਦਾ ਨੁਕਸਾਨ ਹੋਣ ਦਾ ਡਰ ਹੈ। ਭਾਰਤ ਦੇ ਤਰਾਸ਼ੇ ਹੀਰਿਆਂ ਦੇ ਸਭ ਤੋਂ ਵੱਡੇ ਖਰੀਦਦਾਰ ਚੀਨ ਤੇ ਹਾਂਗਕਾਂਗ ਹਨ। ਇਨ੍ਹਾਂ ਦੋਵਾਂ ਥਾਵਾਂ ਉੱਤੇ ਹੀ ਵਾਇਰਸ ਦਾ ਬੁਰਾ ਅਸਰ ਹੈ। ਇਸ ਸਮੇਂ ਇਨ੍ਹਾਂ ਦੇਸ਼ਾਂ ਤੋਂ ਪੁਰਾਣੇ ਭੇਜੇ ਮਾਲ ਦਾ ਭੁਗਤਾਨ ਨਹੀਂ ਹੋ ਰਿਹਾ ਤੇ ਨਾ ਕੋਈ ਨਵਾਂ ਆਰਡਰ ਆ ਰਿਹਾ ਹੈ। ਇਹੋ ਨਹੀਂ ਚਿਕਨ ਤੇ ਆਂਡੇ ਖਾਣ ਨਾਲ ਕੋਰੋਨਾ ਹੋ ਜਾਣ ਦੀਆਂ ਅਫ਼ਵਾਹਾਂ ਨੇ ਸਮੁੱਚੇ ਭਾਰਤ ਦੇ ਪੋਲਟਰੀ ਉਦਯੋਗ ਦਾ ਦਮ ਕੱਢ ਕੇ ਰੱਖ ਦਿੱਤਾ ਹੈ।

ਕੋਰੋਨਾ ਵਾਇਰਸ ਕਰਕੇ ਇਸ ਦਾ ਅਸਰ ਪੰਜਾਬ ਦੀਆਂ ਦਵਾਈ ਫ਼ੈਕਟਰੀਆਂ 'ਤੇ ਇਸ ਦਾ ਅਸਰ ਨਜ਼ਰ ਆਉਣ ਲੱਗ ਪਿਆ ਹੈ ਕਿਉਂਕਿ ਚੀਨ ਤੋਂ ਕੱਚਾ ਮਾਲ ਆਉਣਾ ਬੰਦ ਹੋਣ ਕਰਕੇ ਚਾਹੇ ਥੋਕ ਵਿਚ ਦਰਦ ਨਿਵਾਰਕ ਦਵਾਈਆਂ, ਵਿਟਾਮਿਨ ਮਹਿੰਗੇ ਹੋਣੇ ਸ਼ੁਰੂ ਹੋ ਗਏ ਹਨ ਜਦ ਕਿ ਪ੍ਰਚੂਨ ਦੁਕਾਨਾਂ 'ਤੇ ਇਸ ਦਾ ਅਸਰ ਕੁਝ ਸਮੇਂ ਬਾਅਦ ਪੈਣ ਦਾ ਖ਼ਦਸ਼ਾ ਜ਼ਾਹਰ ਕੀਤਾ ਜਾ ਰਿਹਾ ਹੈ। ਕੋਰੋਨਾ ਸੰਕਟ ਕਰਕੇ ਕੱਚੇ ਮਾਲ ਦੀਆਂ ਕੀਮਤਾਂ ਹੀ ਕਈ ਗੁਣਾ ਵਧ ਗਈਆਂ ਹਨ। ਕਈ ਦਰਦ ਨਿਵਾਰਕ ਦਵਾਈਆਂ ਵਿਚ ਪੈਰਾਸੀਟਾਮੋਲ ਪਾਇਆ ਜਾਂਦਾ ਹੈ, ਇਸ ਦੀ ਕੀਮਤ ਕੁਝ ਸਮਾਂ ਪਹਿਲਾਂ 265 ਰੁਪਏ ਪ੍ਰਤੀ ਕਿੱਲੋ ਸੀ ਜਦ ਕਿ ਹੁਣ ਇਸ ਦੀ ਕੀਮਤ 425 ਰੁਪਏ ਕਿੱਲੋ ਤੱਕ ਪੁੱਜ ਗਈ ਹੈ। ਦਰਦ, ਬੁਖ਼ਾਰ ਦੀਆਂ ਦਵਾਈਆਂ ਵਿਚ ਪੈਣ ਵਾਲਾ ਕੱਚਾ ਮਾਲ ਨੀਮੇਸਲਾਈਡ ਪਹਿਲਾਂ 450 ਰੁਪਏ ਕਿੱਲੋ ਸੀ ਤੇ ਹੁਣ ਇਸ ਦੀ ਕੀਮਤ 1500 ਰੁਪਏ ਕਿੱਲੋ ਹੋ ਗਈ ਹੈ। ਜੀਵਨ ਰੱਖਿਅਕ ਟੀਕੇ ਸੈਫਟ੍ਰਾਈਐਕਸੋਨ ਵਿਚ ਪੈਂਦੇ ਕੱਚੇ ਮਾਲ ਦੀ ਕੀਮਤ 5800 ਰੁਪਏ ਕਿੱਲੋ ਸੀ ਜਦ ਕਿ ਹੁਣ ਇਸ ਦੀ ਕੀਮਤ ਇਕ ਮਹੀਨੇ ਵਿਚ ਹੀ 7700 ਰੁਪਏ ਕਿੱਲੋ ਤੱਕ ਪੁੱਜ ਗਈ ਹੈ। ਪੇਟ ਖ਼ਰਾਬ ਹੋਣ, ਬੁਖ਼ਾਰ ਹੋਣ ਵਾਲੀਆਂ ਦਵਾਈਆਂ ਵਿਚ ਪੈਂਦਾ ਕੱਚਾ ਮਾਲ ਔਫਲੋਕਸਾਸਿਨ ਦੀ ਕੀਮਤ ਵੀ 2700 ਤੋਂ 3500 ਰੁਪਏ ਕਿੱਲੋ ਤੱਕ ਪੁੱਜ ਗਈ ਹੈ। ਇਹ ਸਾਰਾ ਕੱਚਾ ਮਾਲ ਚੀਨ ਤੋਂ ਹੀ ਦਵਾਈ ਫ਼ੈਕਟਰੀਆਂ ਵਲੋਂ ਮੰਗਵਾਇਆ ਜਾਂਦਾ ਹੈ। ਇਸ ਤਰਾਂ ਵਿਟਾਮਿਨ ਦੀਆਂ ਕੀਮਤਾਂ ਵੀ 25 ਤੋਂ 30 ਫ਼ੀਸਦੀ ਤੱਕ ਮਹਿੰਗੀਆਂ ਹੋ ਗਈਆਂ ਹਨ। ਇਸ ਵੇਲੇ ਦਵਾਈਆਂ ਜਿਸ ਕੱਚੇ ਮਾਲ ਨਾਲ ਤਿਆਰ ਹੁੰਦੀਆਂ ਹਨ, ਉਨਾਂ ਵਿਚੋਂ ਤਾਂ 70 ਫ਼ੀਸਦੀ ਕੱਚਾ ਮਾਲ ਚੀਨ ਤੋਂ ਹੀ ਆਉਂਦਾ ਹੈ।

ਅਮਰੀਕਾ ਦੀ ਸਭ ਤੋਂ ਵੱਡੀ ਅਖ਼ਬਾਰ ਦਾ ਨਿਊਯਾਰਕ ਟਾਈਮਜ਼ ਨੇ ਬੀਤੇ ਹਫ਼ਤੇ ਲਿਖਿਆ ਹੈ ਕਿ ਕੋਰੋਨਾ ਵਾਇਰਸ ਕਾਰਨ ਵਿਸ਼ਵ ਵਿਚ ਬਹੁਤ ਸਾਰੇ ਥਾਵਾਂ 'ਤੇ ਹਵਾਈ ਉਡਾਨਾਂ ਵੀ ਰੱਦ ਹੋ ਰਹੀਆਂ ਹਨ। ਹਵਾਈ ਅੱਡਿਆਂ 'ਤੇ ਸਕਰੀਨਿੰਗ ਕੀਤੀ ਜਾ ਰਹੀ ਹੈ। ਯੂਰਪ, ਅਮਰੀਕਾ ਤੇ ਹੋਰ ਦੇਸਾਂ ਵਿਚ ਬੜੀ ਸਾਵਧਾਨੀ ਵਰਤੀ ਜਾ ਰਹੀ ਹੈ। ਇਟਲੀ ਦੀ ਸਰਕਾਰ ਨੇ ਸਖ਼ਤ ਕਦਮ ਉਠਾਉਂਦਿਆਂ ਦੇਸ ਦੇ ਉੱਤਰੀ ਇਲਾਕੇ ਨੂੰ ਸੀਲ ਕਰ ਦਿੱਤਾ ਹੈ। ਦੂਸਰੇ ਪਾਸੇ ਅਮਰੀਕਾ ਵਿਚ ਟੈਕਨਾਲੋਜੀ ਤੇ ਕੁਝ ਵੱਡੀਆਂ ਕੰਪਨੀਆਂ ਨੇ ਕਰਮਚਾਰੀਆਂ ਨੂੰ ਘਰ ਵਿਚ ਕੰਮ ਕਰਨ ਦੀ ਸਹੂਲਤ ਦੇ ਦਿੱਤੀ ਹੈ। ਅਮਰੀਕਾ ਵਿਚ ਵੱਡੀਆਂ ਕੰਪਨੀਆਂ ਵਿਚ ਵਾਇਰਸ ਫੈਲਣ ਦੀ ਦਹਿਸ਼ਤ ਕਾਰਨ ਕਰਮਚਾਰੀ ਚਿੰਤਤ ਹਨ। ਫੇਸਬੁੱਕ ਦੇ ਸਿਆਟਲ ਆਫਿਸ ਵਿਚ ਇਕ ਕੰਟਰੈਕਟਰ ਦੇ ਵਾਇਰਸ ਦਾ ਸ਼ਿਕਾਰ ਹੋਣ ਦੀ ਖ਼ਬਰ ਆਉਣ ਦੇ ਬਾਅਦ ਸਾਰੇ ਕਰਮਚਾਰੀਆਂ ਤੋਂ ਘਰ ਵਿਚੋਂ ਕੰਮ ਲਿਆ ਜਾ ਰਿਹਾ ਹੈ। ਮਾਈਕ੍ਰੋਸਾਫ਼, ਐਮੇਜਨ, ਫੋਰਡ ਮੋਟਰ, ਸੀਐਨਐਨ, ਸਿਟੀ ਗਰੁੱਪ ਤੇ ਟਵਿੱਟਰ ਨੇ ਵੀ ਕੰਪਨੀ ਦੇ ਆਦੇਸ਼ਾਂ 'ਤੇ ਘਰ ਤੋਂ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਕਈ ਕੰਪਨੀਆਂ ਨੇ ਆਹਮਣੇ ਸਾਹਮਣੇ ਇੰਟਰਵਿਊ ਬੰਦ ਕਰ ਦਿੱਤੇ ਹਨ। ਅੱਜਕੱਲ ਚੀਨ ਨੇ ਕੋਰੋਨਾ ਵਾਇਰਸ ਸਬੰਧੀ ਖ਼ਬਰਾਂ 'ਤੇ ਸੈਂਸਰ ਲਾ ਦਿੱਤਾ ਹੈ ਕਿਉਂਕਿ ਉਹ ਸਮਝਦਾ ਹੈ ਕਿ ਚੀਨ ਦੇ ਜਿਹੜੇ ਇਲਾਕੇ ਵਿਚ ਇਸ ਮਹਾਮਾਰੀ ਦਾ ਕੋਈ ਪ੍ਰਭਾਵ ਨਹੀਂ ਹੈ, ਘੱਟੋ-ਘੱਟ ਉੱਥੋਂ ਦਾ ਵਪਾਰ ਤੇ ਕਾਰੋਬਾਰ ਤਾਂ ਬਚ ਜਾਵੇ। ਦੁਨੀਆ ਭਰ ਵਿਚ ਹਾਹਾਕਾਰ ਮਚਾ ਰਹੇ ਕੋਰੋਨਾ ਵਾਇਰਸ ਦੇ ਇਨਫੈਕਸ਼ਨ ਦਾ ਸ਼ੁਰੂਆਤੀ ਲੱਛਣ ਖੰਘ, ਜ਼ੁਕਾਮ ਤੇ ਤੇਜ਼ ਬੁਖ਼ਾਰ, ਜੋ ਫਲੂ ਇਨਫੈਕਸ਼ਨ ਦੇ ਵੀ ਲੱਛਣ ਹਨ। ਇਸ ਲਈ, ਖ਼ਤਰਨਾਕ ਜਾਣਕਾਰੀ ਤੇ ਵਟਸਐਪ ਦੇ ਫਾਰਵਰਡਿਡ ਮੈਸੇਜ ਵਿਚਕਾਰ ਇਹ ਸਮਝਣਾ ਬੇਹੱਦ ਮੁਸ਼ਕਲ ਹੋ ਜਾਂਦਾ ਹੈ ਕਿ ਤੁਹਾਨੂੰ ਫਲੂ ਦੇ ਲੱਛਣ ਹਨ ਜਾਂ ਫਿਰ ਕੋਰੋਨਾ ਵਾਇਰਸ ਦੇ।

ਇਹ ਵਾਇਰਸ ਇਨਫੈਕਸ਼ਨ ਅਕਸਰ ਖੰਘਣ ਤੇ ਛਿੱਕਣ ਨਾਲ ਫੈਲਦੇ ਹਨ। ਇਸ ਵਾਇਰਸ ਕਾਰਨ ਸਾਹ ਦੀ ਬਿਮਾਰੀ ਤੋਂ ਲੈ ਕੇ ਉਲਟੀਆਂ, ਸਾਹ ਲੈਣ ਵਿਚ ਤਕਲੀਫ, ਕੰਜੈਸ਼ਨ, ਬੁਖ਼ਾਰ ਵਰਗੇ ਲੱਛਣ ਦਿਖਾਈ ਦਿੰਦੇ ਹਨ। ਕੋਰੋਨਾ ਵਾਇਰਸ, ਇੰਫਲੂਏਂਜ਼ਾ ਤੇ ਦੂਸਰੇ ਅਜਿਹੇ ਹੀ ਵਾਇਰਸ ਦੇ ਮੁਕਾਬਲੇ ਕਈ ਗੁਣਾ ਤੇਜ਼ੀ ਨਾਲ ਫੈਲਦਾ ਹੈ। ਇਸ ਦਾ ਪਤਾ ਟੈਸਟ ਦੀ ਮਦਦ ਨਾਲ ਹੀ ਪਤਾ ਲਾਇਆ ਜਾ ਸਕਦਾ ਹੈ ਕਿ ਲੱਛਣ ਕੋਰੋਨਾ ਵਾਇਰਸ ਦੇ ਹਨ ਜਾਂ ਫਿਰ ਫਲੂ ਦੇ। ਕੋਰੋਨਾ ਵਾਇਰਸ ਦੇ ਲੱਛਣਾਂ ਵਿਚ 2 ਤੋਂ 14 ਦਿਨਾਂ ਦਾ ਸਮਾਂ ਲੱਗ ਸਕਦਾ ਹੈ। ਇਕ ਪਾਸੇ ਡਾਕਟਰ ਤੇ ਵਿਗਿਆਨੀ ਨੋਵੇਲ ਕੋਰੋਨਾ ਵਾਇਰਸ ਬਾਰੇ ਹਾਲੇ ਵੀ ਰਿਸਰਚ ਕਰ ਰਹੇ ਹਨ, ਉੱਥੇ ਹੀ ਫਲੂ ਹਾਲੇ ਵੀ ਦੁਨੀਆ ਵਿਚ ਸਭ ਤੋਂ ਵੱਡੇ ਸਿਹਤ ਜੋਖਮਾਂ ਵਿਚੋਂ ਇਕ ਹੈ। ਇਕ ਪਾਸੇ ਜਿੱਥੇ ਫਲੂ ਦੇ ਵੈਕਸੀਨ ਤੇ ਦਵਾਈਆਂ ਉਪਲਬਧ ਹਨ, ਉੱਥੇ ਹੀ ਕੋਰੋਨਾ ਵਾਇਰਸ ਦਾ ਹਾਲੇ ਤਕ ਕੋਈ ਇਲਾਜ ਨਹੀਂ ਹੈ। ਕੋਰੋਨਾ ਵਾਇਰਸ ਨੂੰ ਲੈ ਕੇ ਜੋ ਜਾਣਕਾਰੀ ਸਾਹਮਣੇ ਆਈ ਹੈ, ਉਸ ਮੁਤਾਬਕ ਇਹ ਤੀਹ ਸਾਲ ਤੋਂ ਵੱਧ ਉਮਰ ਵਾਲਿਆਂ 'ਤੇ ਜ਼ਿਆਦਾ ਅਸਰ ਪਾ ਰਿਹਾ ਹੈ। ਇਸ ਦੇ ਇਲਾਵਾ ਇਹ ਮੰਨਿਆ ਜਾ ਰਿਹਾ ਹੈ ਕਿ ਗਰਮੀ ਵਧਣ ਦੇ ਨਾਲ ਉਹ ਪ੍ਰਭਾਵਹੀਣ ਹੋ ਜਾਵੇਗਾ। ਭਾਰਤ ਵਿਚ ਗਰਮੀਆਂ ਸ਼ੁਰੂ ਹੋਣ ਵਾਲੀਆਂ ਹਨ। ਹੋਲੀ ਤੋਂ ਬਾਅਦ ਉੱਤਰੀ ਭਾਰਤ ਵਿਚ ਤਾਪਮਾਨ ਵਿਚ ਤੇਜ਼ੀ ਨਾਲ ਵਾਧਾ ਹੋਣ ਦਾ ਅਨੁਮਾਨ ਹੈ। ਕੋਰੋਨਾ ਵਾਇਰਸ ਸਿਰਫ਼ ਮਨੁੱਖੀ ਸਿਹਤ ਲਈ ਹੀ ਖ਼ਤਰਾ ਬਣ ਕੇ ਨਹੀਂ ਉੱਭਰਿਆ ਹੈ। ਉਹ ਵਿਸ਼ਵ ਅਰਥਚਾਰੇ ਨੂੰ ਵੀ ਨੁਕਸਾਨ ਪਹੁੰਚਾ ਰਿਹਾ ਹੈ। ਜਿੱਥੇ ਚੀਨ ਵਰਗੀ ਆਰਥਿਕ ਮਹਾ-ਸ਼ਕਤੀ ਦੀਆਂ ਕਾਰੋਬਾਰੀ ਸਰਗਰਮੀਆਂ ਲਗਪਗ ਠੱਪ ਹਨ, ਓਥੇ ਹੀ ਦੁਨੀਆ ਦੇ ਦੂਜੇ ਦੇਸ਼ ਵੀ ਪ੍ਰਭਾਵਿਤ ਹੋ ਰਹੇ ਹਨ। ਸਾਰੀ ਦੁਨੀਆ ਵਿਚ ਆਵਾਜਾਈ ਘੱਟ ਹੋ ਰਹੀ ਹੈ, ਕਿਉਂਕਿ ਜ਼ਰੂਰੀ ਹੋਣ 'ਤੇ ਹੀ ਯਾਤਰਾ ਕਰਨ ਦੀ ਸਲਾਹ ਦਿੱਤੀ ਜਾ ਰਹੀ ਹੈ। ਕਿਉਂਕਿ ਸੈਰ-ਸਪਾਟਾ ਠਹਿਰ ਜਿਹਾ ਗਿਆ ਹੈ, ਇਸ ਲਈ ਤਮਾਮ ਏਅਰਲਾਈਨਜ਼ ਵੀ ਘਾਟੇ ਦਾ ਸਾਹਮਣਾ ਕਰ ਰਹੀਆਂ ਹਨ। ਸਾਰੀ ਦੁਨੀਆ ਵਿਚ ਹਰ ਤਰਾਂ ਦੇ ਆਯੋਜਨ ਮੁਲਤਵੀ ਕੀਤੇ ਜਾ ਰਹੇ ਹਨ। ਇਨਾਂ ਵਿਚ ਉਦਯੋਗ, ਵਪਾਰ, ਸਿੱਖਿਆ, ਮਨੋਰੰਜਨ ਤੋਂ ਲੈ ਕੇ ਖੇਡਾਂ ਨਾਲ ਜੁੜੇ ਆਯੋਜਨ ਵੀ ਸ਼ਾਮਲ ਹਨ। ਚੀਨ ਦੇ ਕੱਚੇ ਮਾਲ ਜਾਂ ਸਾਜ਼ੋ-ਸਾਮਾਨ 'ਤੇ ਦੁਨੀਆ ਦੇ ਹੋਰ ਦੇਸ਼ ਨਿਰਭਰ ਹਨ, ਇਸ ਲਈ ਉਹ ਵੀ ਸੰਕਟ ਦਾ ਸਾਹਮਣਾ ਕਰ ਰਹੇ ਹਨ। ਇਸੇ ਕਾਰਨ ਸਾਰੀ ਦੁਨੀਆ ਦੇ ਸ਼ੇਅਰ ਬਾਜ਼ਾਰਾਂ ਵਿਚ ਗਿਰਾਵਟ ਦੇਖਣ ਨੂੰ ਮਿਲ ਰਹੀ ਹੈ। ਚੀਨੀ ਉਤਪਾਦਾਂ ਦੀ ਦਰਾਮਦ ਰੋਕ ਦਿੱਤੇ ਜਾਣ ਕਾਰਨ ਭਾਰਤ ਵਿਚ ਵੀ ਕਈ ਸਨਅਤਾਂ ਖ਼ਾਸ ਤੌਰ 'ਤੇ ਫਾਰਮਾ ਅਤੇ ਇਲੈਕਟ੍ਰਾਨਿਕਸ ਸੈਕਟਰ ਖਾਸੇ ਪ੍ਰਭਾਵਿਤ ਹਨ। ਜੇਕਰ ਚੀਨ ਤੋਂ ਆਉਣ ਵਾਲੇ ਕੱਚੇ ਮਾਲ ਅਤੇ ਸਾਜ਼ੋ-ਸਾਮਾਨ ਦੀ ਦਰਾਮਦ ਲੰਬੇ ਸਮੇਂ ਤਕ ਰੁਕੀ ਰਹਿੰਦੀ ਹੈ ਤਾਂ ਦੇਸ਼ ਵਿਚ ਕਈ ਵਸਤਾਂ ਦੀ ਕਿੱਲਤ ਹੋ ਸਕਦੀ ਹੈ।

ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦਾ ਮੰਨਣਾ ਹੈ ਕਿ ਭਾਰਤ ਲਈ ਇਹ ਇਕ ਮੌਕਾ ਸਿੱਧ ਹੋ ਸਕਦਾ ਹੈ ਪਰ ਭਾਰਤ ਦੀ ਪਹਿਲੀ ਤਰਜੀਹ ਇਹ ਹੋਣੀ ਚਾਹੀਦੀ ਹੈ ਕਿ ਭਾਰਤੀ ਅਰਥਚਾਰਾ ਚੀਨ ਦੇ ਆਰਥਿਕ ਹਾਲਾਤ ਤੋਂ ਘੱਟ ਤੋਂ ਘੱਟ ਪ੍ਰਭਾਵਿਤ ਹੋਵੇ। ਉਸ ਨੂੰ ਇਹ ਵੀ ਦੇਖਣਾ ਹੋਵੇਗਾ ਕਿ ਸਨਅਤੀ ਵਪਾਰਕ ਸਰਗਰਮੀਆਂ ਨੂੰ ਰਫ਼ਤਾਰ ਮਿਲੇ ਅਤੇ ਬੈਂਕ ਕਰਜ਼ੇ ਦੇਣ ਵਿਚ ਨਾਂਹ-ਨੁੱਕਰ ਨਾ ਕਰਨ। ਏਸ਼ੀਅਨ ਡਿਵੈਲਪਮੈਂਟ ਬੈਂਕ ਨੇ ਅਨੁਮਾਨ ਲਗਾਇਆ ਹੈ ਕਿ ਵਿਸ਼ਵ ਅਰਥਚਾਰੇ ਨੂੰ 77 ਅਰਬ ਡਾਲਰ ਤੋਂ ਲੈ ਕੇ 347 ਅਰਬ ਡਾਲਰ ਤਕ ਦਾ ਨੁਕਸਾਨ ਹੋ ਸਕਦਾ ਹੈ। ਬੇਸ਼ੱਕ ਇਹ ਬਹੁਤ ਕੁਝ ਭਵਿੱਖੀ ਹਾਲਾਤ 'ਤੇ ਨਿਰਭਰ ਕਰੇਗਾ, ਫਿਰ ਵੀ ਇਹ ਤਾਂ ਮੰਨਿਆ ਹੀ ਜਾ ਰਿਹਾ ਹੈ ਕਿ ਲਗਪਗ ਢਾਈ-ਤਿੰਨ ਸੌ ਅਰਬ ਡਾਲਰ ਦਾ ਨੁਕਸਾਨ ਹੋ ਸਕਦਾ ਹੈ।

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਕੋਰੋਨਾ ਵਾਇਰਸ ਮਨੁੱਖ ਦੀ ਕੁਦਰਤ ਵਿਰੋਧੀ ਵਿਕਾਸ ਦੀ ਦੌੜ ਵਿਚੋਂ ਨਿਕਲਿਆ ਹੈ। ਇਹੋ ਜਿਹੇ ਅਨੇਕਾਂ ਵਾਇਰਸ ਨਿਕਲਣਗੇ ਜੋ ਮਨੁੱਖਤਾ ਨੂੰ ਤਬਾਹ ਕਰਨਗੇ। ਸੰਯੁਕਤ ਰਾਸ਼ਟਰ ਤੇ ਵਿਸ਼ਵ ਪੱਧਰ ਦੇ ਦੇਸਾਂ ਨੂੰ ਕੁਦਰਤ ਮੁਖੀ ਵਿਕਾਸ ਵਲ ਧਿਆਨ ਦੇਣਾ ਚਾਹੀਦਾ ਹੈ। ਸਿਹਤ, ਵਾਤਾਵਰਨ ਕਿਸੇ ਵੀ ਤਰਾਂ ਨਾਲ ਸਮਝੌਤਾ ਨਹੀਂ ਕਰਨਾ ਚਾਹੀਦਾ। ਇਹ ਵਾਇਰਸ ਮਨੁੱਖੀ ਹੋਂਦ ਲਈ ਖਤਰਨਾਕ ਹਨ ਤੇ ਅੱਗੇ ਤੋਂ ਅੱਗੇ ਭਿਆਨਕ ਰੂਪ ਲੈ ਰਹੇ ਹਨ। ਇਸ ਲਈ ਇਸ ਦਾ ਇਲਾਜ ਕੁਦਰਤ ਮੁਖੀ ਵਿਕਾਸ ਹੈ।



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
AMRITSAR TIMES

18 ਮਾਰਚ 2020 ਤੋਂ 24 ਮਾਰਚ 2020

# ਕੈਪਟਨ ਦੇ ਤਿੰਨ ਸਾਲ

ਪੰਜਾਬ ਵਿਚ ਤਿੰਨ ਸਾਲ ਪਹਿਲਾਂ ਸਪੱਸ਼ਟ ਬਹੁਮਤ ਨਾਲ ਸੱਤਾ ਵਿਚ ਆਈ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਦੇ ਤਿੰਨ ਸਾਲ ਪੂਰੇ ਹੋਣ 'ਤੇ ਮੁੱਖ ਮੰਤਰੀ ਨੇ ਆਪਣੀ ਵਜ਼ਾਰਤ ਦੇ ਮੈਂਬਰਾਂ ਸਮੇਤ ਇਕ ਪੱਤਰਕਾਰ ਕਾਨਫਰੰਸ ਵਿਚ ਸਰਕਾਰ ਦੀਆਂ ਤਿੰਨ ਸਾਲ ਦੀਆਂ ਪ੍ਰਾਪਤੀਆਂ ਦਾ ਖੁਲਾਸਾ ਕੀਤਾ। ਰਾਜ ਸਰਕਾਰ ਨੇ ਜਿਸ ਤਰੀਕੇ ਨਾਲ ਆਪਣੇ ਤਿੰਨ ਸਾਲਾਂ ਦੀ ਕਾਰਗੁਜ਼ਾਰੀ ਨੂੰ ਅੰਕੜਿਆਂ ਸਮੇਤ ਪੇਸ਼ ਕੀਤਾ ਉਸ ਤੋਂ ਜਾਪਦਾ ਹੈ ਕਿ ਸਰਕਾਰ ਨੇ ਅੰਕੜਿਆਂ ਦੀ ਖੇਡ ਵਿਚ ਸੂਬੇ ਦੇ ਲੋਕਾਂ ਨੂੰ ਉਲਝਾਉਣ ਅਤੇ ਲੁਭਾਉਣ ਦੀ ਕੋਸ਼ਿਸ਼ ਕੀਤੀ ਹੈ। ਸਰਕਾਰ ਵਲੋਂ ਕੀਤੇ ਗਏ ਦਾਅਵਿਆਂ ਨੂੰ ਨਿਰਪੱਖ ਤਰੀਕੇ ਨਾਲ ਵਾਚਣ ਦੀ ਜ਼ਰੂਰਤ ਹੈ, ਕਿਉਂਕਿ ਸਰਕਾਰ ਦੀ ਪ੍ਰੈਸ ਕਾਨਫਰੰਸ ਤੋਂ ਅਗਲੇ ਦਿਨ ਤੋਂ ਅਗਲੇ ਦਿਨ ਹੀ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪੱਤਰਕਾਰ ਕਾਨਫਰੰਸ ਸੱਦ ਕੇ ਕੈਪਟਨ ਸਰਕਾਰ ਦੇ ਦਾਅਵਿਆਂ ਨੂੰ ਰੱਦ ਹੀ ਨਹੀਂ ਕੀਤਾ ਸਗੋਂ ਕਈ ਗੰਭੀਰ ਸੁਆਲ ਵੀ ਖੜੇ ਕੀਤੇ। ਉਨਾਂ ਨੇ ਇਥੋਂ ਤੱਕ ਦੋਸ਼ ਲਾਇਆ ਕਿ ਸਰਕਾਰ ਨੇ ਇਕ ਵੀ ਵਾਅਦਾ ਪੂਰਾ ਨਹੀਂ ਕੀਤਾ ਅਤੇ ਮੁੱਖ ਮੰਤਰੀ ਦਾ ਵਿਹਾਰ 'ਬਾਦਸ਼ਾਹ' ਵਾਲਾ ਰਿਹਾ ਹੈ। ਬੇਸ਼ੱਕ ਸੁਖਬੀਰ ਸਿੰਘ ਬਾਦਲ ਨੇ ਕਈ ਗੱਲਾਂ ਵਧਾ ਚੜ੍ਹਾ ਕੇ ਅਤੇ ਤੱਥਾਂ ਤੋਂ ਬਗੈਰ ਕੀਤੀਆਂ ਹਨ ਪਰ ਪੰਜਾਬ ਸਰਕਾਰ ਦੇ ਸਾਰੇ ਦਾਅਵਿਆਂ ਨੂੰ ਵੀ 'ਸਤਿਬਚਨ' ਕਹਿ ਕੇ ਨਹੀਂ ਮੰਨਿਆ ਜਾ ਸਕਦਾ।

ਅਸਲ ਵਿਚ ਪੰਜਾਬ ਸਰਕਾਰ ਦੀ ਕਾਰਗੁਜ਼ਾਰੀ ਨੂੰ ਮੌਜੂਦਾ ਦੌਰ ਵਿਚ ਪੰਜਾਬ ਵਾਸੀਆਂ ਦੀਆਂ ਜ਼ਰੂਰਤਾਂ ਅਤੇ ਆਸਾਂ, ਉਮੰਗਾਂ ਨਾਲ ਮੇਲ ਕੇ ਵੇਖਣ ਦੀ ਲੋੜ ਹੈ। ਇਸ ਤੋਂ ਇਲਾਵਾ ਚੋਣਾਂ ਤੋਂ ਪਹਿਲਾਂ ਕਾਂਗਰਸ ਦੇ ਚੋਣ ਮਨੋਰਥ ਪੱਤਰ ਨਾਲ ਵੀ ਤੁਲਨਾ ਕਰਨੀ ਚਾਹੀਦੀ ਹੈ। ਤਿੰਨ ਸਾਲ ਪਹਿਲਾਂ ਪੰਜਾਬ ਵਾਸੀਆਂ ਨੇ ਇਸ ਲਈ ਕਾਂਗਰਸ ਪਾਰਟੀ ਨੂੰ ਸੱਤਾ ਵਿਚ ਲਿਆਂਦਾ ਸੀ ਕਿਉਂਕਿ ਉਹ ਇਸ ਤੋਂ 10 ਸਾਲ ਪਹਿਲਾਂ ਅਕਾਲੀ ਦਲ ਤੇ ਬੀਜੇਪੀ ਦੀ ਅਗਵਾਈ ਵਾਲੀ ਗਠਜੋੜ ਦੀ ਸਰਕਾਰ ਤੋਂ ਨਿਰਾਸ਼ ਹੋ ਚੁੱਕੇ ਸਨ।

ਜੇ ਆਰਥਿਕ ਅਤੇ ਵਪਾਰਕ ਪੱਖ ਤੋਂ ਕਾਂਗਰਸ ਸਰਕਾਰ ਦੀ ਕਾਰਗੁਜ਼ਾਰੀ ਵੱਲ ਝਾਤ ਮਾਰੀ ਜਾਵੇ ਤਾਂ ਇਸ ਨੇ ਸੱਤਾ ਸੰਭਾਲਣ ਤੋਂ ਛੇ ਕੁ ਮਹੀਨੇ ਬਾਅਦ ਹੀ ਇਹ ਕਹਿਣਾ ਸ਼ੁਰੂ ਕਰ ਦਿੱਤਾ ਸੀ ਕਿ ਸਾਡੀ ਸਰਕਾਰ ਨੂੰ ਵਿਰਸੇ ਵਿਚ ਖ਼ਾਲੀ ਖਜਾਨਾ ਅਤੇ ਅਰਬਾਂ ਰੁਪਏ ਦਾ ਕਰਜ਼ਾ ਮਿਲਿਆ ਹੈ ਪਰ ਇਸ ਨੇ ਆਪਣੇ ਵਾਅਦੇ ਮੁਤਾਬਕ ਕਿਸਾਨਾਂ ਦੇ ਖੇਤੀ ਕਰਜ਼ੇ ਮਾਫ਼ ਕਰਨ ਦੀ ਮੁਹਿੰਮ ਸ਼ੁਰੂ ਕੀਤੀ। ਇਹ ਕਰਜ਼ਾ ਮਾਫ਼ੀ ਵੀ ਮਹਿਜ਼ ਇਕ ਡਰਾਮਾ ਬਣ ਕੇ ਰਹਿ ਗਈ, ਕਿਉਂਕਿ ਸਰਕਾਰ ਨੇ ਸਿਰਫ਼ ਸਹਿਕਾਰੀ ਬੈਂਕਾਂ ਦੇ ਕਰਜ਼ੇ ਮਾਫ ਕਰਨ ਦਾ ਕੰਮ ਸ਼ੁਰੂ ਕੀਤਾ ਅਤੇ ਉਸ ਵਿਚ ਵੀ ਬਹੁਤ ਸਾਰੀਆਂ ਅੜਚਣਾਂ ਪਾਈਆਂ ਗਈਆਂ। ਇਸ ਤੋਂ ਇਲਾਵਾ ਬੇਰੁਜ਼ਗਾਰੀ ਖਤਮ ਕਰਨ, ਨਜਾਇਜ਼ ਮਾਈਨਿੰਗ ਰੋਕਣ ਅਤੇ ਖੇਤੀ ਆਧਾਰਤ ਸੱਨਅਤਾਂ ਲਗਾਉਣ ਵਰਗੇ ਸਾਰੇ ਵਾਅਦੇ ਵਫ਼ਾ ਨਾ ਹੋ ਸਕੇ, ਸਗੋਂ ਕਈ ਖੇਤਰਾਂ ਵਿਚ ਇਹ ਨਜਾਇਜ਼ ਧੰਦਾ ਪਹਿਲਾਂ ਨਾਲੋਂ ਵੱਧ ਗਿਆ।

ਸਮਾਜਿਕ ਤੌਰ 'ਤੇ ਕਾਂਗਰਸ ਦੀ ਸਰਕਾਰ ਕੋਲ 2 ਅਹਿਮ ਮੁੱਦੇ ਸਨ ਜਿਨਾਂ ਨੂੰ ਲੈ ਕੇ ਨੌਜਵਾਨਾਂ ਅਤੇ ਦਿਹਾਤੀ ਖੇਤਰਾਂ ਦੇ ਲੋਕਾਂ ਨੇ ਕਾਂਗਰਸ ਨੂੰ ਹੁੰਗਾਰਾ ਦਿੱਤਾ ਸੀ, ਉਹ ਸੀ ਨਸ਼ੀਲੇ ਪਦਾਰਥਾਂ ਦਾ ਖਾਤਮਾ ਅਤੇ ਸਮਾਜ ਵਿਰੋਧੀ ਅਨਸਰਾਂ ਨੂੰ ਨੱਥ ਪਾਉਣਾ। ਚੋਣ ਪ੍ਰਚਾਰ ਦੀ ਸ਼ੁਰੂਆਤ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਧਾਰਮਿਕ ਪੋਥੀ ਉਪਰ ਹੱਥ ਰੱਖ ਕੇ ਸਹੁੰ ਖਾਧੀ ਸੀ ਕਿ ਸੱਤਾ 'ਚ ਆਉਣ ਮਗਰੋਂ 3 ਮਹੀਨਿਆਂ ਦੇ ਅਰਸੇ ਵਿਚ ਪੰਜਾਬ ਵਿਚੋਂ ਨਸ਼ੇ ਬਿਲਕੁਲ ਖਤਮ ਕਰ ਦਿੱਤੇ ਜਾਣਗੇ ਪਰ ਸੂਬੇ ਵਿਚ ਨਸ਼ੀਲੇ ਪਦਾਰਥਾਂ ਦੀ ਵਿਕਰੀ ਤੇ ਸਮਗਲਿੰਗ ਪਹਿਲਾਂ ਵਾਂਗ ਜਾਰੀ ਹੈ। ਅਪਰਾਧਾਂ ਨੂੰ ਠੱਲ ਪੈਣ ਦੀ ਬਜਾਏ ਜੇਲਾਂ ਵਿਚ ਅਤੇ ਜੇਲਾਂ ਤੋਂ ਬਾਹਰ ਗੈਂਗਸਅਰਾਂ ਤੇ ਨਸ਼ਿਆਂ ਦੇ ਸੌਦਾਗਰਾਂ ਦੀਆਂ ਗਤੀਵਿਧੀਆਂ ਉਸੇ ਤਰਾਂ ਜਾਰੀ ਹਨ।

ਅਪਰਾਧ ਅਤੇ ਲੋਕਾਂ ਦੇ ਧਾਰਮਿਕ ਜਜ਼ਬਾਤ ਨਾਲ ਜੁੜੇ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਅਤੇ ਬਹਿਬਲ ਕਲਾਂ ਗੋਲੀ ਕਾਂਗ ਨਾਲ ਜੁੜੇ ਮੁੱਦੇ ਵੀ ਲਟਕ ਕੇ ਰਹਿ ਗਏ ਅਤੇ ਇਹ ਕਿਸੇ ਫੈਸਲੇ ਤੇ ਨਹੀਂ ਪਹੁੰਚ ਸਕੇ। ਸੁਖਬੀਰ ਬਾਦਲ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਕਿ ਬਰਗਾੜੀ ਤੇ ਬਹਿਬਲ ਕਲਾਂ ਜਿਹੀਆਂ ਘਟਨਾਵਾਂ ਲਈ ਕਾਂਗਰਸ ਹੀ ਜਿੰਮੇਵਾਰ ਹੈ।

ਜੇ ਹਾਲ ਹੀ ਵਿਚ ਖਤਮ ਹੋਏ ਪੰਜਾਬ ਵਿਧਾਨ ਸਭਾ ਦੇ ਬਜਟ ਇਜਲਾਸ ਦੌਰਾਨ ਲਏ ਗਏ ਫੈਸਲਿਆਂ ਅਤੇ ਮੁੱਖ ਮੰਤਰੀ ਦੀ ਆਪਣੀ ਕਾਰਗੁਜ਼ਾਰੀ ਵੱਲ ਝਾਤ ਮਾਰੀਏ ਤਾਂ ਇਹ ਸਾਫ਼ ਜ਼ਾਹਿਰ ਹੈ ਕਿ ਕਾਂਗਰਸ ਸਰਕਾਰ ਤਿੰਨ ਸਾਲਾਂ ਵਿਚ ਉਹ ਕੁਝ ਨਹੀਂ ਕਰ ਸਕੀ ਜੋ ਲੋਕਾਂ ਨੂੰ ਉਮੀਦ ਸੀ। ਸਰਕਾਰੀ ਨੌਕਰੀਆਂ ਵਿਚ 58 ਸਾਲ ਤੋਂ ਬਾਅਦ ਦੋ ਸਾਲ ਦੀ ਵਿਸਥਾਰ ਸੇਵਾ ਖਤਮ ਕਰਨਾ, ਪਰ ਸਰਕਾਰੀ ਮਹਿਕਮਿਆਂ ਵਿਚ ਨਵੀਆਂ ਭਰਤੀਆਂ ਦੀ ਕੋਈ ਯੋਜਨਾ ਨਾ ਬਣਾਉਣਾ, ਸਰਕਾਰੀ ਦਫਤਰਾਂ ਦੇ ਕੰਮ ਕਾਜ ਨੂੰ ਹੋਰ ਸੁਸਤ ਕਰਨ ਦੀ ਕਾਰਵਾਈ ਹੈ।

ਪੰਜਾਬ ਦੀਆਂ ਸੱਨਅਤਾਂ ਪਹਿਲਾਂ ਹੀ ਡਾਵਾਂਡੋਲ ਹਨ। ਸਰਕਾਰ ਨੇ ਨਵੀਆਂ ਸੱਨਅਤਾਂ ਨੂੰ ਸਸਤੀ ਬਿਜਲੀ ਦੇਣ ਦਾ ਵਾਅਦਾ ਕੀਤਾ ਸੀ ਪਰ ਘਰੇਲੂ ਖਪਤਕਾਰਾਂ ਦੀਆਂ ਬਿਜਲੀ ਦਰਾਂ ਵੀ ਵਧਾ ਦਿੱਤੀਆਂ ਹਨ। ਜਮੀਨਾਂ, ਪਲਾਟਾਂ ਅਤੇ ਮਕਾਨਾਂ ਦੀ ਰਜਿਸਟ੍ਰੇਸ਼ਨ ਫੀਸ ਵਿਚ ਇਕ ਫੀਸਦੀ ਵਾਧਾ ਕਰਨ ਨਾਲ ਰੀਅਲ ਅਸਟੇਟ ਦੇ ਕਾਰੋਬਾਰ ਤੇ ਵੀ ਅਸਰ ਪਵੇਗਾ।

ਪਹਿਲੀਆਂ ਸਰਕਾਰਾਂ ਗੈਰ ਵਸਨੀਕ ਭਾਰਤੀਆਂ (ਪੰਜਾਬੀਆਂ) ਨੂੰ ਸਰਕਾਰੀ ਯੋਜਨਾਵਾਂ ਅਤੇ ਪ੍ਰੋਜੈਕਟਾਂ ਨਾਲ ਜੋੜਨ ਦੇ ਉਪਰਾਲੇ ਕਰਦੀਆਂ ਸਨ ਪਰ ਇਸ ਸਰਕਾਰ ਨੇ ਕੋਈ ਵੱਡਾ ਐਨਆਰਆਈ ਸੰਮੇਲਨ ਨਹੀਂ ਕਰਵਾਇਆ। ਐਨਆਰਆਈ ਸਭਾ ਨੇ ਪਿਛਲੇ ਦਿਨੀਂ ਕੈਪਟਨ ਸਰਕਾਰ ਦੀ ਨੁਕਤਾਚੀਨੀ ਕਰਦਿਆਂ ਕਿਹਾ ਸੀ ਕਿ ਸੂਬੇ ਵਿਚ ਹੁਣ ਐਨਆਰਆਈਜ਼ ਦੀ ਕੋਈ ਸੁਣਵਾਈ ਨਹੀਂ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਨਾਂ ਤਿੰਨ ਸਾਲਾਂ ਦੌਰਾਨ ਪੰਜਾਬ ਸਰਕਾਰ ਦੀ ਵਿਕਾਸ ਦੀ ਦਰ ਬਹੁਤ ਸੁਸਤ ਰਹੀ ਹੈ। ਪਰ ਇਸ ਸਮੇਂ ਦੌਰਾਨ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਪ੍ਰਕਾਸ਼ ਪੁਰਬ ਮਨਾਇਆ ਜਾਣਾ ਅਤੇ ਇਸ ਮੌਕੇ ਡੇਰਾ ਬਾਬਾ ਨਾਨਕ ਤੋਂ ਕਰਤਾਰਪੁਰ ਸਾਹਿਬ ਤੱਕ ਸ਼ਰਧਾਲੂਆਂ ਲਈ ਲਾਂਘਾ ਖੁੱਲਣਾ ਵੱਡੀਆਂ ਗੱਲਾਂ ਹਨ। ਜੇ ਸਰਕਾਰ ਇਸ ਨੂੰ ਆਪਣੀਆਂ ਪ੍ਰਾਪਤੀਆਂ ਦਾ ਹਿੱਸਾ ਵੀ ਬਣਾਉਂਦੀ ਹੈ ਤਾਂ ਵੀ ਇਸ ਵਿਚ ਕੋਈ ਹਰਜ਼ ਨਹੀਂ ਕਿਉਂਕਿ ਇਨਾਂ ਸਮਾਗਮਾਂ ਨਾਲ ਪੂਰੀ ਦੁਨੀਆ ਵਿਚ ਸਿੱਖਾਂ ਦੀ ਠੁੱਕ ਬਣੀ ਹੈ ਜਿਸ ਵਿਚ ਸਰਕਾਰ ਨੇ ਵੀ ਦਿਆਨਤਦਾਰੀ ਨਾਲ ਕੰਮ ਕੀਤਾ ਹੈ। ਸੂਬੇ ਨੂੰ ਕਿਸਾਨੀ, ਸੱਨਅਤੀ ਪਤਨ, ਬੇਰੁਜ਼ਗਾਰੀ, ਨਸ਼ੀਲੇ ਪਦਾਰਥਾਂ ਦੀ ਮਾਰ ਅਤੇ ਵਿਦਿਅਕ ਅਤੇ ਸਿਹਤ ਸੇਵਾਵਾਂ ਵਿਚ ਨਿਘਾਰ ਜਿਹੇ ਮੁੱਦੇ ਜਿਉਂ ਦੀ ਤਿਉਂ ਦਰਪੇਸ਼ ਹਨ। ਸਰਕਾਰ ਕੋਲ ਅਜੇ 2 ਸਾਲ ਹੋਰ ਬਾਕੀ ਹਨ ਸ਼ਾਇਦ ਗੰਭੀਰਤਾ ਨਾਲ ਇਨਾਂ ਮੁੱਦਿਆਂ ਪ੍ਰਤੀ ਸੰਵੇਦਨਸ਼ੀਲ ਹੋ ਸਕੇ।

# ਰੋ ਖੰਨਾ ਵਲੋਂ ਬਹੁਲਵਾਦ ਅਤੇ ਬਰਾਬਰੀ ਦੀ ਵਕਾਲਤ

## ਕੱਟੜ ਹਿੰਦੂ ਸੰਗਠਨਾਂ ਵਲੋਂ ਰੋਅ ਖੰਨਾ ਦੇ ਸਟੈਂਡ ਦਾ ਵਿਰੋਧ

ਕੈਲੀਫੋਰਨੀਆ ਦੇ ਸੂਬੇ ਦੇ 17ਵੇਂ ਡਿਸਟ੍ਰਿਕਟ ਤੋਂ ਕਾਂਗਰਸ ਮੈਂਬਰ ਡੈਮੋਕ੍ਰੇਟ ਰੋ ਖੰਨਾ ਦੇ ਪਾਕਿਸਤਾਨ ਕਾਕਸ ਦੇ ਮੈਂਬਰ ਬਣਨ ਮਗਰੋਂ ਕੱਟੜ ਹਿੰਦੂ ਸੰਗਠਨਾਂ ਅਤੇ ਕੁਝ ਮੂਲਵਾਦੀਆਂ ਵਲੋਂ ਵਿਰੋਧ ਕੀਤਾ ਜਾ ਰਿਹਾ ਹੈ।

43 ਸਾਲਾ ਰੋ ਖੰਨਾ ਫਿਲਾਡੇਲਫ਼ੀਆ ਦੇ ਜੰਮਪਲ ਹਨ ਅਤੇ ਉਨਾਂ ਨੇ ਆਪਣੀ ਗਰੈਜੂਏਸ਼ਨ ਯੂਨੀਵਰਸਿਟੀ ਆਫ਼ ਸ਼ਿਕਾਗੋ ਤੋਂ ਕੀਤੀ ਅਤੇ ਕਾਨੂੰਨ ਦੀ ਪੜਾਈ ਯੇਲ ਤੋਂ ਕੀਤੀ। ਉਹ ਰਾਸ਼ਟਰਪਤੀ ਬਰਾਕ ਓਬਾਮਾ ਦੇ ਨਿਜ਼ਾਮ ਦੌਰਾਨ ਵਣਜ ਵਿਭਾਗ ਵਿਚ ਡਿਪਟੀ ਸਹਾਇਕ ਸਕੱਤਰ ਰਹਿ ਚੁੱਕੇ ਹਨ। ਉਨਾਂ ਨੇ 2016 ਦੀਆਂ ਚੋਣਾਂ ਵਿਚ 17ਵੇਂ ਕਾਂਗਰੈਸ਼ਨਲ ਡਿਸਟ੍ਰਿਕਟ ਤੋਂ ਮਾਈਕ ਹੌਂਡਾ ਨੂੰ ਹਰਾਇਆ ਸੀ। ਅਮਰੀਕੀ ਕਾਂਗਰਸ ਦੀ ਪ੍ਰਤੀਨਿਧੀ ਸਭਾ (ਹੇਠਲੇ ਸਦਨ) ਵਿਚ ਰੋ ਖੰਨਾ ਦੇ 'ਪਾਕਿਸਤਾਨ ਕਾਕਸ' ਦੇ ਮੈਂਬਰ ਬਣਨ ਮਗਰੋਂ ਕੱਟੜਪੰਥੀਆਂ ਨੇ ਖੁੱਲੇਆਮ ਉਨਾਂ ਦੀ ਨੁਕਤਾਚੀਨੀ ਸ਼ੁਰੂ ਕਰ ਦਿੱਤੀ ਹੈ।

ਰੋ ਖੰਨਾ ਨੇ ਆਪਣੇ ਇਕ ਟਵੀਟ ਵਿਚ ਫਰੈਡਰਿਕ ਪੀਟਰ ਦੇ ਆਰਟੀਕਲ ਦੀ ਵਕਾਲਤ ਕਰਦਿਆਂ ਕਿਹਾ ਸੀ ਕਿ ਇਹ ਅਹਿਮ ਲੇਖ ਹੈ। ਉਨਾਂ ਇਹ ਵੀ ਕਿਹਾ ਕਿ ਹਿੰਦੂ ਧਰਮ ਨਾਲ ਸਬੰਧਤ ਹਰੇਕ ਅਮਰੀਕੀ ਸਿਆਸਤਦਾਨ ਨੂੰ ਬਹੁਲਵਾਦ ਦੇ ਹੱਕ ਵਿਚ ਸਟੈਂਡ ਲੈਣਾ ਚਾਹੀਦਾ ਹੈ ਅਤੇ ਹਿੰਦੂਤਵ ਦਾ ਏਜੰਡਾ ਰੱਦ ਕਰ ਦੇਣਾ ਚਾਹੀਦਾ ਹੈ। ਉਨਾਂ ਕਿਹਾ ਕਿ ਹਿੰਦੂ, ਮੁਸਲਿਮ, ਸਿੱਖ, ਈਸਾਈ ਅਤੇ ਬੋਧੀ ਭਾਈਚਾਰਿਆਂ ਦੇ ਬਰਾਬਰ ਹੱਕਾਂ ਲਈ ਆਵਾਜ਼ ਉਠਾਉਣੀ ਚਾਹੀਦੀ ਹੈ। ਰੋ ਖੰਨਾ ਨੇ ਕਿਹਾ ਕਿ ਉਨਾਂ ਦੇ ਦਾਦਾ ਜੀ ਅਮਰ ਨਾਥ ਵਿਦਿਆਲੰਕਾਰ (ਲਾਲਾ ਲਾਜਪਤ ਰਾਏ ਦੇ ਸਾਥੀ ਅਤੇ ਦੇਸ਼ ਭਗਤ) ਦਾ ਵੀ ਇਹੋ ਵਿਚਾਰ ਸੀ ਅਤੇ ਉਹ ਇਸੇ ਉਦੇਸ਼ ਲਈ ਲੜਦੇ ਰਹੇ।

ਰੋ ਖੰਨਾ ਵਲੋਂ ਪੀਟਰ ਫਰੈਡਰਿਕ ਦੀ ਹਮਾਇਤ ਕਰਨ ਮਗਰੋਂ ਕੱਟੜ ਹਿੰਦੂ ਰਾਜਨੀਤੀਵਾਨਾਂ ਅਤੇ ਸੰਗਠਨਾਂ ਨੇ ਇਹ ਕਹਿ ਕੇ ਸ੍ਰੀ ਖੰਨਾ ਦਾ ਵਿਰੋਧ ਸ਼ੁਰੂ ਕਰ ਦਿੱਤਾ ਕਿ ਉਹ ਭਾਰਤ ਵਿਰੋਧੀ ਗੈਂਗ ਨਾਲ ਰਲ ਗਏ ਹਨ ਜੋ ਭਾਰਤੀ ਜਨਤਾ ਪਾਰਟੀ, ਹਿੰਦੂ ਪ੍ਰਸਤਾਂ ਅਤੇ ਨਰਿੰਦਰ ਮੋਦੀ ਖਿਲਾਫ਼ ਪ੍ਰਚਾਰ ਕਰ ਰਿਹਾ ਹੈ।

ਹਿੰਦੂ ਅਮਰੀਕਨ ਫਾਊਂਡੇਸ਼ਨ ਨੇ ਫਰੈਡਰਿਕ,

**ਏ.ਟੀ. ਨਿਊਜ਼ ਫੀਚਰਜ਼**

ਜੋ ਕਿ ਦੱਖਣੀ ਏਸ਼ੀਆ ਬਾਰੇ ਵਿਸ਼ਲੇਸ਼ਕ ਹੈ, ਦੀ ਅਕਾਦਮਿਕ ਯੋਗਤਾ ਉਪਰ ਵੀ ਉਂਗਲੀ ਉਠਾਈ ਹੈ। ਹਿੰਦੂ ਫਾਊਂਡੇਸ਼ਨ ਨੇ ਇਹ ਵੀ ਕਿਹਾ ਕਿ ਫਰੈਡਰਿਕ ਭਾਰਤੀ ਘੱਟਗਿਣਤੀ ਸੰਗਠਨ (ਓਐਮਐਫਆਈ) ਨਾਲ ਸਬੰਧਤ ਹੈ ਜੋ ਕਿ ਭਜਨ ਸਿੰਘ ਭਿੰਡਰ ਵਲੋਂ ਕਾਇਮ ਕੀਤਾ ਗਿਆ ਸੀ। ਇਸ ਕਰਕੇ ਭਜਨ ਸਿੰਘ ਭਿੰਡਰ ਉਪਰ ਖਾਲਿਸਤਾਨ ਦੀ ਹਮਾਇਤ ਕਰਨ ਅਤੇ ਹਥਿਆਰ ਤੇ ਹੋਰ ਅਸਲਾ ਖਰੀਦਣ ਦਾ ਦੋਸ਼ ਵੀ ਲਾਇਆ ਹੈ। ਫਾਊਂਡੇਸ਼ਨ ਨੇ ਕਿਹਾ ਕਿ ਰੋ ਖੰਨਾ ਦੇ ਮਾਂ-ਪਿਓ ਪੰਜਾਬ ਨਾਲ ਸਬੰਧਤ ਹਨ ਪਰ ਫਿਰ ਵੀ ਉਹ ਇਸ ਦੀ ਗੰਭੀਰਤਾ ਨੂੰ ਨਹੀਂ ਸਮਝ ਰਿਹਾ ਕਿ ਉਹ ਅੱਗ ਨਾਲ ਖੇਡ ਰਿਹਾ ਹੈ। ਇਸ ਨੇ ਕਿਹਾ ਕਿ ਫਰੈਡਰਿਕ ਲੰਬਾ ਸਮਾਂ ਓ ਐਮ ਐਫ਼ ਆਈ ਦਾ ਬੁਲਾਰਾ ਰਿਹਾ ਹੈ ਜਿਸ ਦਾ ਸਿੱਖ ਯੂਥ ਆਫ਼ ਅਮਰੀਕਾ ਅਤੇ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਨਾਲ ਨੇੜਲਾ ਸਬੰਧ ਹੈ ਜੋ ਦਹਿਸ਼ਤਗਰਦਾਂ ਦੀ ਹਮਾਇਤ ਕਰਦੀ ਹੈ ਅਤੇ ਇਸ ਨੂੰ ਅਮਰੀਕਾ ਦੇ ਵਿਦੇਸ਼ ਵਿਭਾਗ ਨੇ ਦਹਿਸ਼ਤਗਰਦ ਜਥੇਬੰਦੀ ਐਲਾਨਿਆ ਹੈ।

ਹਿੰਦੂ ਵਿਦਵਾਨ ਡਾ. ਰਮੇਸ਼ ਰਾਓ ਨੇ ਆਪਣੇ ਲੇਖ ਵਿਚ ਰੋ ਖੰਨਾ ਦੇ 'ਪਾਕਿਸਤਾਨ ਕਾਕਸ' ਦੇ ਮੈਂਬਰ ਬਣਨ ਤੇ ਤਿੱਖੀ ਟਿੱਪਣੀ ਕੀਤੀ ਹੈ। ਉਨਾਂ ਲਿਖਿਆ ਹੈ ਕਿ ਰੋ ਖੰਨਾ ਨੇ ਕੀ ਗਲਤ ਕੀਤਾ ਹੈ? ਉਨਾਂ ਕਿਹਾ ਕਿ ਹਰ ਇਕ ਹਿੰਦੂ ਅਮਰੀਕਨ ਇਹ ਸੁਆਲ ਪੁੱਛ ਰਿਹਾ ਹੈ ਕਿ ਰੋ ਖੰਨਾ 'ਪ੍ਰਗਤੀਵਾਦੀ' ਦੇ ਨਾਂ ਹੇਠ ਭਾਰਤ ਵਿਰੋਧੀ ਪ੍ਰਚਾਰ ਕਰਨ ਵਾਲਿਆਂ ਦੀ ਹਮਾਇਤ ਕਰ ਰਹੇ ਹਨ ਜੋ ਕਿ ਹਿੰਦੂਵਾਦ, ਹਿੰਦੂ ਅਮਰੀਕਨ ਕਾਰਜਾਂ/ਸਰਗਰਮੀਆਂ ਦਾ ਅਪਮਾਨ ਕਰ ਰਹੇ ਹਨ। ਉਨਾਂ ਸਲਾਹ ਦਿੱਤੀ ਹੈ ਕਿ ਰੋ ਖੰਨਾ ਨੂੰ ਪਾਕਿਸਤਾਨ ਕਾਕਸ ਤੋਂ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ।

ਦੂਜੇ ਪਾਸੇ ਰੋ ਖੰਨਾ ਦਾ ਕਹਿਣਾ ਹੈ ਕਿ ਉਨਾਂ ਦੇ ਪਾਕਿਸਤਾਨ ਕਾਕਸ ਦੇ ਮੈਂਬਰ ਬਣਨ ਨਾਲ ਉਹ ਦੱਖਣੀ ਏਸ਼ੀਆਈ ਖਿੱਤੇ ਵਿਚ ਸ਼ਾਂਤੀ ਕਾਇਮ ਕਰਨ ਵਿਚ ਅਹਿਮ ਭੂਮਿਕਾ ਨਿਭਾਅ ਸਕਦੇ ਹਨ।

ਡਾ. ਰਮੇਸ਼ ਰਾਓ ਦਾ ਕਹਿਣਾ ਹੈ ਕਿ ਪਾਕਿਸਤਾਨ ਸ੍ਰੀ ਮੋਦੀ ਦੇ ਨਿਜ਼ਾਮ ਨੂੰ ਨਾਜ਼ੀ ਪ੍ਰਬੰਧ ਕਹਿ ਰਿਹਾ ਹੈ ਅਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨੇ ਭਾਰਤ ਵਿਰੋਧੀ ਸਟੈਂਡ ਦੁਹਰਾਇਆ ਕੌਮਾਂਤਰੀ ਮੰਚਾਂ ਉਪਰ ਕਸ਼ਮੀਰ ਦਾ ਮੁੱਦਾ ਉਠਾਇਆ ਹੈ ਇਸ ਲਈ 230 ਭਾਰਤੀ ਅਮਰੀਕੀ ਸੰਗਠਨਾਂ ਨੇ ਰੋ ਖੰਨਾ ਨੂੰ ਅਪੀਲ ਕੀਤੀ ਹੈ ਕਿ ਉਨਾਂ ਨੂੰ ਪਾਕਿਸਤਾਨ ਕਾਕਸ ਛੱਡ ਦੇਣਾ ਚਾਹੀਦਾ ਹੈ। ਉਨਾਂ ਕਿਹਾ ਕਿ ਰੋ ਖੰਨਾ 2016 ਦੀਆਂ ਅਮਰੀਕੀ ਕਾਂਗਰਸ ਚੋਣਾਂ ਵਿਚ ਹਿੰਦੂ ਭਾਈਚਾਰੇ ਦੀ ਹਮਾਇਤ ਨਾਲ ਜਿੱਤੇ ਹਨ, ਇਸ ਲਈ ਉਨਾਂ ਨੂੰ ਹੁਣ ਆਪਣਾ ਸਟੈਂਡ ਨਹੀਂ ਬਦਲਣਾ ਚਾਹੀਦਾ।

# ਕੋਰੋਨਾਵਾਇਰਸ: ਬਿਮਾਰੀ ਜਾਂ ਜੈਵਿਕ ਹਥਿਆਰ ?



**- ਸੁਖਵਿੰਦਰ ਸਿੰਘ**

ਕੋਰੋਨਾਵਾਇਰਸ ਦੇ ਪ੍ਰਕੋਪ ਨਾਲ ਸਾਰੀ ਦੁਨੀਆ ਦਹਿਸ਼ਤ ਵਿਚ ਜੀਅ ਰਹੀ ਹੈ। ਜਿੱਥੇ ਇਕ ਪਾਸੇ ਇਸ ਦਾ ਇਲਾਜ ਭਾਲਣ ਲਈ ਵਿਗਿਆਨਕ ਚਾਰਾਜ਼ੋਈ ਕੀਤੀ ਜਾ ਰਹੀ ਹੈ ਉੱਥੇ ਨਾਲ ਹੀ ਇਹ ਚਰਚਾ ਵੀ ਮਘੀ ਹੋਈ ਹੈ ਕਿ ਇਹ ਵਾਇਰਸ ਕੁਦਰਤੀ ਉਪਜਿਆ ਅਤੇ ਫੈਲਿਆ ਹੈ ਜਾਂ ਮਨੁੱਖ ਵੱਲੋਂ ਰਾਜਸੀ ਲਾਹੇ ਲਈ ਇਸ ਨੂੰ ਇਕ ਹਥਿਆਰ ਵਜੋਂ ਵਿਕਸਤ ਕੀਤਾ ਗਿਆ ਹੈ।

### ਜੈਵਿਕ ਹਥਿਆਰ

ਅੱਜ ਦੇ ਮਨੁੱਖੀ ਮੰਡਲ ਵਿਚ ਅਮਰੀਕਾ ਅਤੇ ਚੀਨ ਦਰਮਿਆਨ 'ਸਭ ਤੋਂ ਤਾਕਤਵਰ' ਬਣਨ ਦਾ ਸੀਤ ਯੁੱਧ ਲੱਗਿਆ ਹੋਇਆ ਹੈ। ਜਿੱਥੇ ਅਮਰੀਕਾ ਆਪਣੀ ਇਸ ਥਾਂ 'ਤੇ ਬਣੇ ਰਹਿਣ ਲਈ ਪੂਰਾ ਜ਼ੋਰ ਲਾ ਰਿਹਾ ਹੈ ਉੱਥੇ ਨਵੀਂ ਉੱਭਰੀ ਤਾਕਤ ਚੀਨ ਅਮਰੀਕਾ ਤੋਂ ਇਹ ਥਾਂ ਖੋਹਣ ਲਈ ਹਰ ਹੀਲਾ ਵਰਤਣ ਨੂੰ ਤਿਆਰ ਹੈ। ਸਭ ਤੋਂ ਤਾਕਤਵਰ ਬਣਨ ਦੀ ਗੈਰ-ਇਖਲਾਕੀ ਅਤੇ ਕੁਦਰਤ ਵਿਰੋਧੀ ਇਸ ਦੌੜ ਵਿਚ ਲੱਗੇ ਚੌਧਰੀ (ਸਿਆਸੀ, ਵਿਗਿਆਨਕ ਲੋਕ) ਮਨੁੱਖਤਾ ਦੇ ਸਭ ਤੋਂ ਵੱਡੇ ਦੁਸ਼ਮਣ ਬਣ ਰਹੇ ਹਨ। ਇਹ ਬੇਅਸੂਲੀ ਜੰਗ ਵਿਗਿਆਨ ਵੱਲੋਂ ਦਿੱਤੇ ਪ੍ਰਮਾਣੂ ਬੰਬ ਵਰਗੇ ਵੱਡੇ ਮਾਰੂ ਹਥਿਆਰਾਂ ਤੋਂ ਹੁਣ ਇਕ ਛੋਟੇ ਜਿਹੇ ਜੀਵਾਣੂ ਰੂਪੀ ਮਾਰੂ ਹਥਿਆਰ ਤੱਕ ਪਹੁੰਚ ਚੁੱਕੀ ਹੈ ਜੋ ਪ੍ਰਮਾਣੂ ਬੰਬ ਤੋਂ ਵੀ ਵਧ ਖਤਰਨਾਕ ਹੈ ਅਤੇ ਸਮੁੱਚੀ ਮਨੁੱਖਤਾ ਦਾ ਨਾਸ਼ ਕੁੱਝ ਦਿਨਾਂ ਵਿਚ ਕਰਨ ਦੀ ਸਮਰੱਥਾ ਰੱਖਦਾ ਹੈ।

ਜੈਵਿਕ ਹਥਿਆਰਾਂ ਦੀ ਜੰਗ ਵਿਚ ਵਰਤੋਂ ਭਾਵੇਂ ਕਿ ਕੋਈ ਨਵੀਂ ਨਹੀਂ ਹੈ। ਇਸ ਦਾ ਇਤਿਹਾਸ 600 ਈਸਾ ਪੂਰਬ ਤੱਕ ਦਾ ਪੁਰਾਣਾ ਹੈ। ਜਦੋਂ ਦੁਸ਼ਮਣ ਨੂੰ ਕਮਜ਼ੋਰ ਕਰਨ ਲਈ ਜਾਂ ਖਤਮ ਕਰਨ ਲਈ ਜੰਗ ਦੇ ਅਸੂਲਾਂ ਖਿਲਾਫ ਜਾਂਦਿਆਂ ਜੀਵਾਣੂਆਂ ਦੀ ਵਰਤੋਂ ਕੀਤੀ ਜਾਂਦੀ ਸੀ, ਜਿਵੇਂ ਵਿਰੋਧੀ ਨਗਰ ਜਾਂ ਪਿੰਡ ਜਾਂ ਕਬੀਲੇ ਦੇ ਪਾਣੀ ਪੀਣ ਵਾਲੇ ਸਰੋਤਾਂ ਵਿਚ ਡਾਇਰੀਆ ਦੇ ਜੀਵਾਣੂ ਮਿਲਾਉਣਾ ਜਾਂ ਵਿਰੋਧੀ ਕਬੀਲੇ ਵਿਚ ਪਲੇਗ ਵਰਗੀਆਂ ਬਿਮਾਰੀਆਂ ਫੈਲਾਉਣਾ।

ਦੁਨੀਆ ਵਿਚ ਖੁਦ ਨੂੰ ਵੱਧ ਸੱਭਿਅਕ ਐਲਾਨਣ ਵਾਲੇ ਪੱਛਮੀ ਮੁਲਕ ਇਸ ਹਥਿਆਰ ਨੂੰ ਪਹਿਲੇ ਅਤੇ ਦੂਜੇ ਵਿਸ਼ਵ ਯੁੱਧਾਂ ਵਿਚ ਵਰਤਣ ਦੇ ਦੋਸ਼ੀ ਹਨ। ਵਿਸ਼ਵ ਯੁੱਧਾਂ ਤੋਂ ਬਾਅਦ ਵੀ ਦੁਨੀਆ ਦੇ ਵੱਧ ਸੱਭਿਅਕ ਅਖਵਾਉਣ ਵਾਲੇ ਮੁਲਕ ਅਮਰੀਕਾ, ਬਰਤਾਨੀਆ ਅਤੇ ਰਸ਼ੀਆ ਇਹਨਾਂ ਹਥਿਆਰਾਂ ਨੂੰ ਬਣਾਉਣ ਲਈ ਬੇਹਿਸਾਬ ਡਾਲਰ ਖਰਚਦੇ ਰਹੇ।

ਫੇਰ ਸਾਲ 1972 ਵਿਚ ਇਹਨਾਂ ਮੁਲਕਾਂ ਨੇ ਬਾਇਓਲੋਜੀਕਲ ਐਂਡ ਟੌਕਸਿਨ ਵੈਪਨਸ ਕਨਵੈਂਸ਼ਨ 'ਤੇ ਦਸਤਖਤ ਕਰਕੇ ਜੈਵਿਕ ਹਥਿਆਰ ਬਣਾਉਣ ਦਾ ਕੰਮ ਰੋਕਣ ਦਾ ਵਾਅਦਾ ਕੀਤਾ। ਸਾਲ 2011 ਤੱਕ 165 ਮੁਲਕ ਇਸ ਕਨਵੈਂਸ਼ਨ 'ਤੇ ਦਸਤਖਤ ਕਰ ਚੁੱਕੇ ਹਨ, ਪਰ ਸਿਆਣਿਆਂ ਦਾ ਕਹਿਣਾ ਹੈ ਕਿ ਗੁਪਤ ਤੌਰ 'ਤੇ ਬਹੁਤੇ ਤਕੜੇ ਮੁਲਕਾਂ ਵਿਚ ਇਹਨਾਂ ਮਨੁੱਖਤਾ ਵਿਰੋਧੀ ਹਥਿਆਰਾਂ ਦਾ ਨਿਰਮਾਣ ਕਾਰਜ ਜਾਰੀ ਹੈ।

### ਕੋਰੋਨਾਵਾਇਰਸ ਬਾਰੇ ਸ਼ੰਕੇ

ਚੀਨ ਦੇ ਸ਼ਹਿਰ ਵੂਹਾਨ ਵਿਚ ਸ਼ੁਰੂ ਹੋਇਆ ਕੋਰੋਨਾਵਾਇਰਸ ਦਾ ਕਹਿਰ ਸਾਰੀ ਦੁਨੀਆ ਵਿਚ ਪਹੁੰਚ ਚੁੱਕਿਆ ਹੈ। ਇਸ ਬਾਰੇ ਗੱਲਾਂ ਉੱਠ ਰਹੀਆਂ ਹਨ ਕਿ ਇਹ ਵੀ ਕੋਈ ਜੈਵਿਕ ਹਥਿਆਰ ਹੋ ਸਕਦਾ ਹੈ। ਚੀਨ ਅਤੇ ਅਮਰੀਕਾ ਇਸ 'ਤੇ ਮਿਹਣੋ ਮਿਹਣੀ ਹੋਣੇ ਸ਼ੁਰੂ ਹੋ ਗਏ ਹਨ। ਰੂਸ ਅਤੇ ਈਰਾਨ ਦੇ ਸਰਕਾਰੀ ਮੀਡੀਆ ਨੇ ਅਮਰੀਕਾ ਨੂੰ ਇਸ ਲਈ ਨਿੰਦਣਾ ਸ਼ੁਰੂ ਕਰ ਦਿੱਤਾ ਹੈ।

ਚੀਨ ਦੇ ਵਿਦੇਸ਼ ਮਾਮਲਿਆਂ ਬਾਰੇ ਮਹਿਕਮੇ ਦੇ ਬੁਲਾਰੇ ਸ਼ੁਆਂਗ ਨੇ ਅਮਰੀਕਾ 'ਤੇ ਸਿੱਧਾ ਦੋਸ਼ ਲਾਉਂਦਿਆਂ ਕਹਿ ਦਿੱਤਾ ਹੈ ਕਿ ਚੀਨ ਵਿਚ ਇਹ ਵਾਇਰਸ ਅਮਰੀਕਾ ਤੋਂ ਆਇਆ ਹੈ। ਉਹਨਾਂ ਕਿਹਾ ਕਿ ਅਮਰੀਕੀ ਫੌਜ ਕੋਰੋਨਾਵਾਇਰਸ ਨੂੰ ਚੀਨ ਲੈ ਕੇ ਆਈ।

ਵਿਸ਼ਵੀਕਰਨ ਦੇ ਅੱਜ ਦੇ ਦੌਰ ਵਿਚ ਵਿਸ਼ਵ ਤਾਕਤ ਬਣਨ ਲਈ ਸਭ ਤੋਂ ਵੱਡਾ ਪਹਿਲੂ ਵਪਾਰ ਹੈ ਤੇ ਕੋਰੋਨਾਵਾਇਰਸ ਨਾਲ ਵਿਸ਼ਵ ਵਪਾਰ ਨੂੰ ਵੱਡਾ ਧੱਕਾ ਲੱਗਿਆ ਹੈ। ਚੀਨ ਦੇ ਉਦਯੋਗ ਲਗਭਗ ਠੱਪ ਹੋ ਗਏ ਹਨ। ਇਹਨਾਂ ਸਾਰੇ ਪ੍ਰਤੀਕਰਮਾਂ ਨੂੰ ਦੇਖਦਿਆਂ ਵਿਸ਼ਵ ਸਿਆਸਤ ਦੇ ਮਾਹਿਰ ਟਿੱਪਣੀਆਂ ਕਰ ਰਹੇ ਹਨ ਕਿ ਅਮਰੀਕਾ ਅਤੇ ਚੀਨ ਦਰਮਿਆਨ ਜਿਸ ਵੱਡੇ ਯੁੱਧ ਦੀਆਂ ਅਟਕਲਾਂ ਲਾਈਆਂ ਜਾ ਰਹੀਆਂ ਸਨ ਉਸ ਨੂੰ ਇਹ ਕੋਰੋਨਾਵਾਇਰਸ ਵੱਡਾ ਅਧਾਰ ਮੁਹੱਈਆ ਕਰਵਾਉਣ ਦੀ ਤਾਕਤ ਰੱਖਦਾ ਹੈ।

# ਦਿੱਲੀ ਰਾਹਤ ਕੈਂਪਾਂ 'ਚ ਹਿੰਸਾ ਪੀੜਤ ਮੁਸਲਮਾਨ ਭਾਈਚਾਰੇ ਦੀ ਸਾਰ ਨਹੀਂ ਲਈ ਜਾ ਰਹੀ

**- ਪ੍ਰੋ. ਬਲਵਿੰਦਰਪਾਲ ਸਿੰਘ**
ਮੋਬ. 9815700916

ਮੀਡੀਆ ਤੇ ਸਿਆਸਤਦਾਨਾਂ ਵਲੋਂ 84 ਦੇ ਕਤਲੇਆਮ ਲਈ ਦੰਗਿਆਂ ਦੀ ਵਰਤੋਂ ਕੀਤੀ ਜਾ ਰਹੀ ਹੈ, ਇਸੇ ਤਰਾਂ ਮੌਜੂਦਾ 2020 ਹਿੰਸਾ ਜਿਸ ਵਿਚ ਮੁਸਲਮਾਨ ਭਾਈਚਾਰਾ ਬੁਰੀ ਤਰਾਂ ਬਰਬਾਦ ਹੋਇਆ, ਲਈ ਵੀ ਦੰਗਿਆਂ ਦੀ ਵਰਤੋਂ ਕੀਤੀ ਜਾ ਰਹੀ ਹੈ। ਦੋਵਾਂ ਮਾਮਲਿਆਂ ਵਿਚ ਹਮਲਾਵਰ ਹਿੰਸਕ ਟੋਲੇ ਦੇਸ਼ ਦੀ ਵੱਡੀ ਬਹੁਗਿਣਤੀ ਵਾਲੇ ਭਾਈਚਾਰੇ ਨਾਲ ਸਬੰਧਿਤ ਸਨ, ਜੋ ਕਿ ਸੱਤਾਧਾਰੀ ਧਿਰਾਂ ਦੇ ਨੇਤਾਵਾਂ ਵਲੋਂ ਕਰਵਾਏ ਦੱਸੇ ਜਾਂਦੇ ਹਨ। ਇਹ ਠੀਕ ਹੈ ਕਿ ਅਜੋਕੀ ਹਿੰਸਾ ਵਿਚ ਬਹੁਗਿਣਤੀ ਭਾਈਚਾਰੇ ਅਤੇ ਵੱਡੀ ਘੱਟਗਿਣਤੀ ਦੇ ਧੜਿਆਂ ਦੌਰਾਨ ਕੁਝ ਝੜਪਾਂ ਹੋਣ ਦੀਆਂ ਰਿਪੋਰਟਾਂ ਮਿਲੀਆਂ ਹਨ। ਪਰ ਇਨਾਂ ਝੜਪਾਂ ਦੌਰਾਨ ਵੀ ਜੇ ਵੱਡੀ ਘੱਟਗਿਣਤੀ ਦਾ ਕੋਈ ਗਰੁੱਪ ਜਥੇਬੰਦ ਹੋ ਕੇ ਦੂਜੇ ਇਲਾਕਿਆਂ ਵਿਚ ਨਹੀਂ ਗਿਆ, ਬਲਕਿ ਆਪਣੀ ਸੁਰੱਖਿਆ ਵਿਚ ਕਾਰਵਾਈ ਕੀਤੀ ਹੈ। ਹਾਲਾਂ ਕਿ ਬਹੁਤ ਸਾਰੀਆਂ ਵੀਡੀਓ ਫਿਲਮਾਂ ਸ਼ੋਸ਼ਲ ਮੀਡੀਆ ਵਿਚ ਮਿਲ ਰਹੀਆਂ ਹਨ ਕਿ ਪੁਲੀਸ ਦੀ ਹਾਜ਼ਰੀ ਵਿਚ ਇਹ ਹਿੰਸਾ ਹੋਈ। ਕਈ ਥਾਂ 'ਤੇ ਪੁਲੀਸ ਦੀ ਵਰਦੀ ਵਿਚ ਕੁਝ ਲੋਕ ਹਿੰਸਾ ਕਰਦੇ ਦਿਖਾਈ ਦੇ ਰਹੇ ਹਨ। ਦਿੱਲੀ ਸਿੱਖ ਕਤਲੇਆਮ ਵਾਂਗ ਇਹ ਵੀ ਹਿੰਸਾ ਧਾਰਮਿਕ ਘੱਟਗਿਣਤੀਆਂ ਖ਼ਿਲਾਫ਼ ਗਿਣ-ਮਿਥ ਕੇ ਜਥੇਬੰਦਕ ਢੰਗ ਨਾਲ ਕੀਤੀ ਗਈ। ਨਫਰਤ ਦਾ ਮਾਹੌਲ ਸੱਤਾਧਾਰੀ ਧਿਰ ਦੇ ਕੁਝ ਨੇਤਾਵਾਂ ਵਲੋਂ ਸਿਰਜਿਆ ਗਿਆ ਤੇ ਨਫ਼ਰਤ ਭਰਪੂਰ ਨਾਅਰੇ ਲਗਾਏ ਗਏ। ਦਿੱਲੀ ਵਿਚ ਹੋਈ ਹਿੰਸਾ ਦੌਰਾਨ ਬਹੁਤ ਸਾਰੇ ਲੋਕ ਬੰਦੂਕਾਂ ਦੀਆਂ ਗੋਲੀਆਂ ਤੇ ਤੇਜ਼ਾਬੀ ਬੰਬਾਂ ਨਾਲ ਜ਼ਖ਼ਮੀ ਕੀਤੇ ਗਏ।

ਇਸ ਹਿੰਸਾ ਵਿਚ ਇਕ ਪੁਲੀਸ ਕਰਮਚਾਰੀ ਦੂਸਰਾ ਆਈਬੀ ਦਾ ਵਿਅਕਤੀ ਮਾਰਿਆ ਗਿਆ, ਜੋ ਕਿ ਹਿੰਦੂ ਭਾਈਚਾਰੇ ਨਾਲ ਸੰਬੰਧਿਤ ਸੀ, ਪਰ ਇਸ ਦੇ ਬਾਵਜੂਦ ਇਸ ਨੂੰ ਦੋ ਤਰਫਾ ਹਿੰਸਾ ਨਹੀਂ ਕਿਹਾ ਜਾ ਸਕਦਾ। ਜੇਕਰ ਅਸੀਂ ਇਸ ਨੂੰ ਦੰਗੇ ਕਹਿੰਦੇ ਹਾਂ ਤਾਂ ਅਸੀਂ ਮੁਸਲਮਾਨ ਭਾਈਚਾਰੇ ਤੇ ਘੱਟ ਗਿਣਤੀਆਂ ਨਾਲ ਬੇਇਨਸਾਫੀ ਕਰ ਰਹੇ ਹਾਂ। ਇੱਥੋਂ ਤੱਕ ਸਰਕਾਰੀ ਹਸਪਤਾਲਾਂ ਵਿਚ ਮੁਸਲਮਾਨ ਭਾਈਚਾਰੇ ਨਾਲ ਵਿਤਕਰਾ ਕੀਤਾ ਗਿਆ ਤੇ ਉਨਾਂ ਦਾ ਇਲਾਜ ਵੀ ਠੀਕ ਤਰਾਂ ਨਾ ਕੀਤਾ ਗਿਆ। ਇਹ ਸ਼ਿਕਾਇਤਾਂ ਉਸ ਸਮੇਂ ਮਿਲੀਆਂ, ਜਦੋਂ ਮੈਂ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੀ ਟੀਮ ਦੇ ਨਾਲ ਦਿੱਲੀ ਵਿਖੇ ਗਿਆ। ਸ. ਰਜਿੰਦਰ ਸਿੰਘ ਪੁਰੇਵਾਲ ਚੇਅਰਮੈਨ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ, ਪਰਮਿੰਦਰਪਾਲ ਸਿੰਘ ਖਾਲਸਾ, ਸੁਰਿੰਦਰਪਾਲ ਸਿੰਘ ਗੋਲਡੀ, ਸਾਹਿਬ ਸਿੰਘ, ਦਿੱਲੀ ਦੇ ਕੋਆਰਡੀਨੇਟਰ ਮਨਪ੍ਰੀਤ ਸਿੰਘ ਸ਼ਾਮਲ ਸਨ।

ਜਿੱਥੋਂ ਤੱਕ ਰਾਹਤ ਕੈਂਪਾਂ ਦਾ ਸੁਆਲ ਹੈ ਮੈਂ ਈਦਗਾਹ ਮੁਸਤਫਾਪੁਰ ਵਾਲੇ ਇਲਾਕੇ ਵਿਚ ਗਿਆ ਸਾਂ, ਇੱਥੇ ਹਜ਼ਾਰ ਲੋਕਾਂ ਦਾ ਰਾਹਤ ਕੈਂਪ ਲੱਗਾ ਹੋਇਆ ਹੈ, ਬਹੁਗਿਣਤੀ ਔਰਤਾਂ ਸ਼ਾਮਲ ਹਨ। ਇੱਥੇ ਰਹਿਣ, ਖਾਣ, ਪਾਣੀ, ਕੱਪੜਿਆਂ, ਦਵਾਈਆਂ ਤੇ ਦੇਖਭਾਲ ਦੀ ਘਾਟ ਮਹਿਸੂਸ ਹੋਈ। ਇਨਾਂ ਲੋਕਾਂ ਤੋਂ ਪਤਾ ਲੱਗਿਆ ਕਿ ਪੀੜਤਾਂ ਨੇ ਆਪਣੇ ਰਿਸ਼ਤੇਦਾਰਾਂ ਕੋਲ ਪਿੰਡਾਂ ਵਿਚ ਸ਼ਰਨ ਲਈ ਹੋਈ ਹੈ। ਪੀੜਤਾਂ ਦੀ ਮਦਦ ਜ਼ਿਆਦਾਤਰ ਸਿੱਖ ਭਾਈਚਾਰਾ ਕਰ ਰਿਹਾ ਹੈ। 20 ਤੋਂ 50 ਲੋਕ ਮਿਲ ਕੇ ਪੀੜਤ ਲੋਕਾਂ ਦੇ ਰਹਿਣ ਤੇ ਖਾਣ ਪੀਣ ਦਾ ਇੰਤਜ਼ਾਮ ਕਰ ਰਹੇ ਹਨ। ਗੁਰਦੁਆਰਾ ਖਾਲਸਾ ਏਡ ਦੇ ਵਲੰਟੀਅਰਾਂ ਨੇ ਵੀ ਪੀੜਤਾਂ ਦੇ ਖਾਣੇ ਦਾ ਇੰਤਜ਼ਾਮ ਕੀਤਾ ਹੋਇਆ ਹੈ। ਸਰਕਾਰ ਨੂੰ ਚਾਹੀਦਾ ਸੀ ਕਿ ਇਨਾਂ ਦੀ ਸਨਮਾਨਜਨਕ ਢੰਗ ਨਾਲ ਮਦਦ ਕਰਦੀ ਪਰ ਉਨਾਂ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ। ਪੁਲੀਸ ਦਾ ਵਰਤਾਰਾ ਵੀ ਉਨਾਂ ਪ੍ਰਤੀ ਠੀਕ ਨਹੀਂ।



ਜਦੋਂ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਟਰੱਕ ਰਾਹੀਂ ਰਾਸ਼ਨ ਵੰਡ ਰਹੀ ਸੀ ਤਾਂ ਇਕ ਪੁਲੀਸ ਦੀ ਗੱਡੀ ਆਈ ਤਾਂ ਪੁਲੀਸ ਦੀ ਗੱਡੀ ਵਿਚ ਉੱਚੀ ਉੱਚੀ ਹੂਟਰ ਵੱਜਣ ਲੱਗ ਪਏ ਤੇ ਇਥੋਂ ਟਰੱਕ ਪਰੇ ਕਰ ਲਿਆ ਜਾਵੇ। ਮੈਂ ਉਸ ਸਮੇਂ ਆਪਣੇ ਪੱਤਰਕਾਰੀ ਦਾ ਕਾਰਡ ਦਿਖਾਇਆ ਤੇ ਪੁੱਛਿਆ ਕਿ ਰਸਤਾ ਤੇ ਲੰਘਣਯੋਗ ਹੈ, ਤੁਸੀਂ ਲੰਘ ਕਿਉਂ ਨਹੀਂ ਜਾਂਦੇ ? ਇਹ ਤਾਂ ਪੀੜਤ ਲੋਕਾਂ ਦੀ ਮਦਦ ਕਰ ਰਹੇ ਹਨ। ਸਰਕਾਰ ਵਾਲਾ ਕੰਮ ਕਰ ਰਹੇ ਹਨ। ਤੁਸੀਂ ਅਜਿਹਾ ਕਿਉਂ ਕਰ ਰਹੇ ਹੋ ? ਪੁਲੀਸ ਵਾਲੇ ਉਸ ਸਮੇਂ ਝੱਟ ਹੀ ਕੋਈ ਜਵਾਬ ਦਿੱਤੇ ਬਿਨਾ ਚਲੇ ਗਏ। ਮੈਂ ਸਮਝਦਾ ਹਾਂ ਕਿ ਇਸ ਨਫਰਤ ਭਰਪੂਰ ਹਿੰਸਾ ਨੇ ਜੋ ਜਖ਼ਮ ਮੁਸਲਮਾਨ ਭਾਈਚਾਰੇ ਨੂੰ ਦਿੱਤੇ ਹਨ, ਉਨਾਂ ਨੂੰ ਸ਼ਾਇਦ ਹੀ ਕਦੇ ਭਰਿਆ ਜਾ ਸਕੇ। ਜੇਕਰ ਸਰਕਾਰ ਸੰਵੇਦਨਸ਼ੀਲਤਾ ਦਿਖਾਵੇ ਤਾਂ ਉਨਾਂ ਦੇ ਜਖਮਾਂ ਨੂੰ ਮਲਮ ਲੱਗ ਸਕਦੀ ਹੈ।

ਰਾਹਤ ਕੈਂਪਾਂ ਤੋਂ ਕੁਝ ਔਰਤਾਂ ਨਾਲ ਵੀ ਮੇਰੀ ਗੱਲ ਹੋਈ। ਔਰਤਾਂ ਨੇ ਦੱਸਿਆ ਕਿ ਕੁਝ ਛੇੜਛਾੜ ਯੌਨ ਸ਼ੋਸ਼ਣ ਦੀਆਂ ਘਟਨਾਵਾਂ ਵੀ ਵਾਪਰੀਆਂ ਹਨ। ਉਨਾਂ ਨੂੰ ਗਲਤ ਤਰੀਕੇ ਨਾਲ ਛੂਹਿਆ ਗਿਆ ਹੈ ਤੇ ਉਨਾਂ ਨਾਲ ਸਰੀਰਕ ਹਿੰਸਾ ਵੀ ਹੋਈ ਹੈ। ਚਾਂਦਬਾਗ ਵਿਚ ਜਦ ਮੁਸਲਮਾਨ ਹਿੰਸਕ ਲੋਕਾਂ ਦੀ ਭੀੜ ਤੋਂ ਜਾਨ ਬਚਾ ਰਹੇ ਸਨ ਤਦ ਇਹ ਔਰਤਾਂ ਆਪਣੀ ਜਾਨ ਦੇ ਨਾਲ ਆਪਣੀ ਇੱਜ਼ਤ ਬਚਾਉਣ ਦੀ ਕੋਸ਼ਿਸ਼ ਵਿਚ ਸਨ। ਇਹ ਔਰਤਾਂ ਡਰਦੀਆਂ ਹਨ ਕਿ ਸਮਾਜ ਵਿਚ ਉਨਾਂ ਦੀ ਬੇਇਜ਼ਤੀ ਹੋਵੇਗੀ ਤੇ ਪੁਲੀਸ ਉਨਾਂ ਨੂੰ ਹੋਰ ਧਮਕਾਏਗੀ, ਇਸ ਲਈ ਉਹ ਸਾਹਮਣੇ ਨਹੀਂ ਆਉਣਾ ਚਾਹੁੰਦੀਆਂ। ਮਨੁੱਖੀ ਅਧਿਕਾਰ ਸੰਗਠਨ ਵੀ ਇਨਾਂ ਦੀ ਮਦਦ 'ਤੇ ਨਹੀਂ ਆਏ ਤੇ ਨਾ ਹੀ ਕੋਈ ਵਕੀਲਾਂ ਦੀ ਜਥੇਬੰਦੀ ਇਨਾਂ ਦੀ ਮਦਦ 'ਤੇ ਪਹੁੰਚੀ ਹੈ।

ਇਸ ਕੈਂਪ ਦੇ ਦੌਰਾਨ ਹਿੰਸਕ ਲੋਕਾਂ ਦੀ ਹੈਵਾਨੀਅਤ ਦਾ ਸ਼ਿਕਾਰ ਹੋਈਆਂ ਇਹਨਾਂ ਪੀੜਤਾਂ ਵਿਚ ਕੋਈ ਮਾਂ ਹੈ, ਜਿਸ ਦੀਆਂ ਦੋ ਬੇਟੀਆਂ ਦਾ ਵਿਆਹ ਇਸੇ ਸਾਲ ਹੋਣਾ ਹੈ। ਕੋਈ ਉਧੇੜ ਉਮਰ ਦੀ ਵਿਧਵਾ ਹੈ, ਕੋਈ ਨਵ-ਵਿਆਹੀ ਔਰਤਾਂ ਹਨ। ਇਨਾਂ ਔਰਤਾਂ ਵਿਚ ਇਸ ਤਰਾਂ ਦਹਿਸ਼ਤ ਛਾਈ ਹੋਈ ਹੈ ਕਿ ਉਹ ਆਪਣੀ ਰਿਪੋਰਟ ਜਾਂ ਸ਼ਿਕਾਇਤ ਥਾਣੇ ਵਿਚ ਦਰਜ ਨਹੀਂ ਕਰਵਾਉਣਾ ਚਾਹੁੰਦੀਆਂ। ਉਨਾਂ ਨੂੰ ਪੁਲੀਸ ਤੋਂ ਵੀ ਡਰ ਲੱਗਦਾ ਹੈ। ਰਾਹਤ ਕੈਂਪ ਵਿਚ 26 ਸਾਲ ਦੀ ਬੁਰਕਾ ਪਾਈ ਆਫਰੀਨ ਮਿਲੀ, ਜੋ ਆਪਣੇ ਘਰ ਵਾਲੇ ਨਾਲ ਚਾਂਦ ਬਾਗ ਵਿਚ ਰਹਿੰਦੀ ਸੀ, ਉਸ ਦੇ ਵਿਆਹ ਡੇਢ ਸਾਲ ਹੋਇਆ ਸੀ। ਉਸ ਦੇ ਚਿਹਰੇ 'ਤੇ ਪੀੜਾ ਸਾਫ ਦਿਖਾਈ ਦੇ ਰਹੀ ਸੀ। ਉਸ ਨੇ ਦੱਸਿਆ ਕਿ 24 ਫਰਵਰੀ ਦੀ ਰਾਤ ਅਚਾਨਕ ਕੁਝ ਗੁੰਡੇ ਛੱਤ ਟੱਪ ਕੇ ਸਾਡੇ ਘਰ ਆ ਵੜੇ। ਸਾਡੇ ਘਰ ਦੇ ਨਾਲ ਇਕ ਖਾਲੀ ਪਲਾਟ ਹੈ, ਉਥੋਂ ਹੀ ਭੀੜ ਘਰ ਵਿਚ ਵੜੀ ਤੇ ਸਮਾਨ ਭੰਨਣ ਲੱਗ ਪਈ। ਮੈਂ ਤੇ ਮੇਰਾ ਘਰ ਵਾਲਾ ਮੇਨ ਗੇਟ ਵਲ ਭੱਜ ਪਏ, ਪਰ ਭੀੜ ਨੇ ਸਾਨੂੰ ਜਕੜ ਲਿਆ। ਮੈਨੂੰ ਗਾਲਾਂ ਕੱਢੀਆਂ ਤੇ ਮੇਰਾ ਬੁਰਕਾ ਖਿੱਚ ਕੇ ਪਾੜ ਦਿੱਤਾ। ਮੇਰੇ ਸ਼ੌਅਰ ਮੈਨੂੰ ਬਚਾਉਣ ਦੌੜੇ ਤਾਂ ਹਿੰਸਕ ਲੋਕਾਂ ਨੇ ਉਨਾਂ ਨੂੰ ਬੁਰੀ ਤਰਾਂ ਕੁੱਟਿਆ। ਗੁੰਡੇ ਮੇਰੇ ਨਾਲ ਛੇੜਾਖਾਨੀ ਕਰਨ ਲੱਗ ਪਏ। ਇਸ ਦੌਰਾਨ ਸ਼ੋਰ ਸ਼ਰਾਬਾ ਸੁਣ ਕੇ ਗੁਆਂਢ ਤੋਂ ਕੁਝ ਲੋਕ ਆਏ ਤੇ ਉਨਾਂ ਨੇ ਸਾਨੂੰ ਬਚਾਇਆ। ਅਸੀਂ ਗੁਆਂਢੀ ਹਿੰਦੂਆਂ ਦੇ ਘਰ ਆਪਣੀ ਰਾਤ ਗੁਜਾਰੀ ਤੇ ਹੁਣ ਅਸੀਂ ਕੈਂਪ ਵਿਚ ਹਾਂ। ਆਫਰੀਨ ਦੀਆਂ ਅੱਖਾਂ ਵਿਚ ਹੰਝੂ ਸਨ ਤੇ ਕਿਹਾ ਕਿ ਮੈਨੂੰ ਬੁਰੀ ਤਰਾਂ ਨੋਚਿਆ ਗਿਆ, ਪਰ ਮੇਰੀ ਇੱਜ਼ਤ ਬਚ ਗਈ। ਸਾਡਾ ਘਰ ਬੁਰੀ ਤਰਾਂ ਬਰਬਾਦ ਹੋ ਗਿਆ। ਹੁਣ ਅਸੀਂ ਇਸ ਰਾਹਤ ਕੈਂਪ ਵਿਚ ਹਾਂ। ਸਾਡੀ ਸਿੱਖ ਭਾਈਚਾਰਾ ਮਦਦ ਕਰ ਰਿਹਾ ਹੈ।

ਉੱਥੇ ਇਕ ਹੋਰ ਲੜਕੀ ਰੇਸ਼ਮਾ ਮਿਲੀ ਜੋ ਤਲਾਕਸ਼ੁਧਾ ਹੈ ਤੇ ਆਪਣੇ ਮਾਤਾ-ਪਿਤਾ ਕੋਲ ਦੋ ਬੱਚਿਆਂ ਨਾਲ ਚਾਂਦ ਬਾਗ ਰਹਿੰਦੀ ਸੀ। ਰੇਸ਼ਮਾ ਦਸਦੀ ਹੈ ਕਿ 24 ਫਰਵਰੀ ਦੀ ਰਾਤ ਨੂੰ ਮੁਹੱਲੇ 'ਤੇ ਹਮਲਾ ਹੋਇਆ। ਸਵੇਰੇ ਖਬਰਾਂ ਮਿਲ ਰਹੀਆਂ ਸਨ ਕਿ ਘਰ ਫੂਕੇ ਜਾ ਰਹੇ, ਲੁੱਟੇ ਜਾ ਰਹੇ ਹਨ। ਕੁਝ ਸਮੇਂ ਵਿਚ ਹਿੰਸਕ ਲੋਕ ਉੱਥੇ ਆ ਪਹੁੰਚੇ ਜੋ ਪੈਟਰੋਲ ਬੰਬ ਸੁੱਟ ਰਹੇ ਸਨ। ਸਾਡੇ ਘਰ ਦਾ ਇਕ ਹਿੱਸਾ ਅੱਗ ਨਾਲ ਸੜ ਚੁੱਕਾ ਸੀ। ਘਰ ਕੱਚਾ ਸੀ ਢਹਿ ਢੇਰੀ ਹੋਣ ਲੱਗਾ ਅਸੀਂ ਭੱਜ ਕੇ ਬਾਹਰ ਨਿਕਲੇ। ਰਸਤੇ ਵਿਚ ਹਿੰਸਕ ਗੁੰਡਿਆਂ ਨੇ ਮੈਨੂੰ ਜਕੜ ਲਿਆ ਤੇ ਮੇਰੇ ਕੱਪੜੇ ਪਾੜ ਦਿੱਤੇ ਤੇ ਮੇਰੇ ਨਾਲ ਛੇੜਾਖਾਨੀ ਕੀਤੀ। ਮੇਰੇ ਗਲੇ 'ਤੇ ਅਜੇ ਵੀ ਵਹਿਸ਼ੀ ਦੇ ਦੰਦ ਦੇ ਨਿਸ਼ਾਨ ਹਨ। ਹਿੰਸਕ ਲੋਕਾਂ ਦੇ ਲਈ ਤਾਂ ਔਰਤਾਂ ਖਿਡੌਣਾ ਹੁੰਦੀਆਂ ਹਨ।

ਉੱਥੇ ਤਰੁਨਮ ਨਾਮ ਦੀ ਔਰਤ ਮਿਲੀ, ਜਿਸ ਪਤੀ ਤੇ ਦੋ ਜਵਾਨ ਬੇਟੀਆਂ ਨਾਲ ਸਨ। ਤਰੁਨਮ ਨੇ ਮੈਨੂੰ ਦੱਸਿਆ ਕਿ ਜੀ ਕੇ ਕੀ ਕਰਾਂਗੇ ਸਾਡਾ ਤਾਂ ਕੁਝ ਨਹੀਂ ਬਚਿਆ। ਨਾ ਪੈਸਾ ਨਾ ਘਰ ਨੇ ਇੱਜ਼ਤ। ਉਸ ਦੀਆਂ ਦੋ ਬੇਟੀਆਂ ਦਾ ਇਸੇ ਸਾਲ ਨਿਕਾਹ ਹੋਣਾ ਹੈ। ਤਰੁਨਮ ਕਹਿੰਦੀ ਹੈ ਕਿ ਬਲਾਤਕਾਰ ਕਿਸ ਨੂੰ ਕਹਿੰਦੇ ਹਨ, ਇਨਾਂ ਕੁੱਤਿਆਂ ਨੇ ਮੇਰਾ ਸਰੀਰ ਨੋਚ ਦਿੱਤਾ, ਲਿਹਾਜ਼ ਹੀ ਨਹੀਂ ਕੀਤਾ ਉਹ ਸਾਰ 20-21 ਸਾਲ ਦੇ ਲੜਕੇ ਸਨ।

ਉੱਥੇ ਇਕ ਔਰਤ ਸ਼ਬਾਨਾ ਮਿਲੀ। ਉਸ ਦੇ ਪਤੀ ਦੇ ਪੰਜ ਸਾਲ ਪਹਿਲਾਂ ਦਿਹਾਂਤ ਹੋ ਚੁੱਕਾ ਹੈ, ਉਸ ਦਾ ਕੋਈ ਬੱਚਾ ਨਹੀਂ ਹੈ। ਉਹ ਪੰਜ ਸਾਲ ਤੋਂ ਚਾਂਦ ਬਾਗ ਦੇ ਇਕ ਕਮਰੇ ਵਿਚ ਇਕੱਲੀ ਰਹਿ ਰਹੀ ਸੀ ਤੇ ਸਿਲਾਈ ਕਢਾਈ ਨਾਲ ਆਪਣਾ ਘਰ ਚਲਾਉਂਦੀ ਸੀ। 25 ਫਰਵਰੀ ਨੂੰ ਜਦ ਹਿੰਸਕ ਗੁੰਡੇ ਮੁਹੱਲੇ ਪਹੁੰਚੇ ਤਾਂ ਮੈਨੂੰ ਇੰਝ ਲੱਗਿਆ ਕਿ ਅਸੀਂ ਕਿਸੇ ਹੋਰ ਦੇਸ ਵਿਚ ਹਾਂ। ਉਨਾਂ ਨੇ ਸਾਡੇ 'ਤੇ ਹਮਲਾ ਕਰ ਦਿੱਤਾ ਤੇ ਸਾਡਾ ਸਾਰਾ ਸਮਾਨ ਭੰਨ ਦਿੱਤਾ।

ਬਾਕੀ ਸਫ਼ਾ 31 'ਤੇ

# ਅਫਗਾਨੀ ਸਿੱਖ ਬੀਬੀ ਨੂੰ ਇੰਗਲਿਸ਼ ਬਾਰ 'ਚ ਬੁਲਾਇਆ

**-ਸੁਰਿੰਦਰਪਾਲ ਸਿੰਘ ਗੋਲਡੀ**

ਮੈਂ ਮੀਨੂ ਕੌਰ ਚਾਵਲਾ ਅਫਗਾਨਿਸਤਾਨ ਤੋਂ ਇੰਗਲੈਂਡ ਪਰਵਾਸੀ ਬਣ ਕੇ 1995 ਵਿਚ ਆਈ ਸੀ। ਅਫਗਾਨਿਸਤਾਨ ਵਿਚ 1989 ਦੇ ਘਰੇਲੂ ਯੁੱਧ ਨੇ ਸਾਰੇ ਦੇਸ਼ ਵਿਚ ਬਹੁਤ ਖਤਰਨਾਕ ਪ੍ਰਭਾਵ ਪਾਇਆ, ਪਰ ਖ਼ਾਸਕਰ ਧਾਰਮਿਕ ਘੱਟਗਿਣਤੀਆਂ ਲਈ ਇਹ ਬਹੁਤ ਮਾੜਾ ਸਾਬਿਤ ਹੋਇਆ। ਅਫਗਾਨਿਸਤਾਨ ਵਿਚ ਅਫ਼ਗਾਨ ਸਿੱਖ ਭਾਈਚਾਰੇ ਬਹੁਤ ਪ੍ਰਫੁੱਲਤ ਸੀ ਪਰ ਲਗਾਤਾਰ ਭੇਦਭਾਵ ਹੋਣ ਕਾਰਨ ਬਹੁਤ ਸਾਰੇ ਸਿੱਖ ਇਥੋਂ ਚਲੇ ਗਏ। ਮੇਰੇ ਮਾਪਿਆਂ ਦੇ ਨਾਲ ਬਹੁਤ ਸਾਰੇ ਅਫਗਾਨ ਸਿੱਖਾਂ ਨੇ ਵਧੀਆ ਜ਼ਿੰਦਗੀ ਬਤੀਤ ਕਰਨ ਲਈ ਇਥੋਂ ਪਰਵਾਸ ਕਰਨਾ ਬਿਹਤਰ ਸਮਝਿਆ। ਜੋ ਲੋਕ ਅਫਗਾਨਿਸਤਾਨ ਵਿੱਚ ਰਹਿੰਦੇ ਹਨ ਉਹ ਨਿਰੰਤਰ ਇੱਕਲੇਪਣ ਅਤੇ ਡਰ ਦਾ ਸਾਹਮਣਾ ਕਰਦੇ ਰਹਿੰਦੇ ਹਨ।

ਅਫ਼ਗਾਨ ਸਿੱਖ ਕਮਿਉਨਿਟੀ ਦੀਆਂ ਔਰਤਾਂ ਰਵਾਇਤੀ ਤੌਰ 'ਤੇ ਘਰਾਂ ਦੇ ਕੰਮ ਹੀ ਕਰਦੀਆਂ ਹਨ। ਅਫਗਾਨਿਸਤਾਨ ਵਿਚ ਲੜਕੀਆਂ ਲਈ ਵਿਦਿਅਕ ਅਤੇ ਨੌਕਰੀਆਂ ਦੇ ਮੌਕਿਆਂ ਦੀ ਘਾਟ ਸੀ। ਜਿਥੋਂ ਤੱਕ ਧਾਰਮਿਕ ਘੱਟ ਗਿਣਤੀਆਂ ਦੀ ਗੱਲ ਹੈ, ਉਹ ਵੀ ਮੌਕਿਆਂ ਦੀ ਘਾਟ ਨਾਲ ਜੂਝਦੇ ਸਨ। ਮੈ ਆਪਣੇ ਮਾਂ, ਬਾਪ ਨਾਲ ਰਹਿੰਦੀ ਹਨ। ਉਨਾਂ ਦੀਆਂ ਚਾਰ ਧੀਆਂ ਹਨ। ਮੈਂ ਸਭ ਤੋਂ ਛੋਟੀ ਹਾਂ ਅਤੇ ਮੇਰੇ ਜਨਮ ਸਮੇਂ ਸਿੱਖ ਭਾਈਚਾਰੇ ਦੁਆਰਾ ਗਲਤ ਪ੍ਰਤੀਕਰਮ ਆਏ ਸਨ ਕਿਉਂਕਿ ਪੁੱਤਰਾਂ ਨੂੰ ਪਰਿਵਾਰ ਦੇ ਵਾਰਿਸ ਮੰਨਿਆ ਜਾਂਦਾ ਹੈ। ਹਾਲਾਂਕਿ, ਮੇਰੇ ਮਾਪੇ ਮੇਰੀ ਪੜ੍ਹਾਈ ਅਤੇ ਜੀਵਨ ਦੀਆਂ ਚੋਣਾਂ ਨਾਲ ਬਹੁਤ ਸਹਾਇਤਾ ਕਰਦੇ ਹਨ; ਉਨਾਂ ਨੇ ਮੈਨੂੰ ਵਕਾਲਤ ਸੰਬੰਧੀ ਕੈਰੀਅਰ ਬਣਾਉਣ ਲਈ ਉਤਸ਼ਾਹਿਤ ਕੀਤਾ ਹੈ। ਮੇਰੀ ਮਾਂ ਇਕ ਫੈਬਰਿਕ ਦੀ ਦੁਕਾਨ ਵਿਚ ਕੰਮ ਕਰਦੀ ਹੈ। ਉਸ ਨੇ ਮੇਰਾ ਹੌਂਸਲਾ ਬੁਲੰਦ ਕੀਤਾ। ਮੈਂ ਕਨੂੰਨ ਵਿਚ ਆਪਣਾ ਕੈਰੀਅਰ ਚੁਣਿਆ ਕਿਉਂਕਿ ਮੈਂ ਕੰਮ ਵਿਚ ਸ਼ਾਮਲ ਹੋਣ ਲਈ ਵਕਾਲਤ ਦੀ ਵਰਤੋਂ ਕਰਨਾ ਚਾਹੁੰਦੀ ਸੀ। ਮਨੁੱਖੀ ਅਧਿਕਾਰਾਂ ਲਈ ਜੂਝਣਾ ਚਾਹੁੰਦੀ ਸੀ। ਇਹ ਕਿੱਤਾ ਲੋਕਾਂ ਦੇ ਬੁਨਿਆਦੀ ਅਧਿਕਾਰਾਂ ਦੀ ਰੱਖਿਆ ਕਰਨ ਵਾਲਾ ਮੈਨੂੰ ਜਾਪਦਾ ਸੀ।



ਮੈਨੂੰ ਸਕੂਲ ਵਿਚ ਪੜ੍ਹਾਈ ਵਿਚ ਵਧੀਆ ਨਹੀਂ ਮੰਨਿਆ ਜਾਂਦਾ ਸੀ ਅਤੇ ਇਕ ਅਧਿਆਪਕ ਨੇ ਮੈਨੂੰ ਕਿਹਾ ਸੀ ਕਿ ਮੈਨੂੰ 'ਕਾਨੂੰਨ ਵਿਚ ਕਰੀਅਰ ਬਾਰੇ ਮੁੜ ਵਿਚਾਰ ਕਰਨਾ ਚਾਹੀਦਾ ਹੈ, ਕਿਉਂਕਿ ਮੈਂ ਬਾਹਲੀ ਚਲਾਕ ਨਹੀਂ ਸੀ,' ਪਰ ਮੈਂ ਇਸ ਨੂੰ ਸਕੂਲ ਵਿਚ ਵਧੀਆ ਪ੍ਰਦਰਸ਼ਨ ਕਰਨ ਲਈ ਪ੍ਰੇਰਣਾ ਵਜੋਂ ਵਰਤਿਆ ਹੈ। ਗਰਮੀਆਂ ਦੀਆਂ ਛੁੱਟੀਆਂ ਦੌਰਾਨ ਮੈਂ ਦੋ ਲਾਅ ਫਰਮਾਂ 'ਤੇ ਕੰਮ ਦਾ ਤਜਰਬਾ ਹਾਸਿਲ ਕੀਤਾ। ਮੈਂ ਯੂਨੀਵਰਸਿਟੀ ਵਿਚ ਕ੍ਰਿਮੀਨੋਲੋਜੀ ਨਾਲ ਲਾਅ ਦੀ ਪੜ੍ਹਾਈ ਕੀਤੀ। ਮੈਂ ਨੈਟਵਰਕਿੰਗ ਦੇ ਸਮਾਗਮਾਂ ਵਿੱਚ ਗਈ ਅਤੇ ਪੇਸ਼ਿਆਂ ਦੀ ਬਿਹਤਰ ਸਮਝ ਪ੍ਰਾਪਤ ਕਰਨ ਲਈ ਅਦਾਲਤਾਂ ਅਤੇ ਮਿੰਨੀ ਸਿੱਖਿਆਰਥੀਆਂ ਵਿੱਚ ਕੰਮ ਦਾ ਤਜਰਬਾ ਹਾਸਿਲ ਕੀਤਾ। ਮੈਂ ਯੂਨੀਵਰਸਿਟੀ ਵਿਚ ਇਨੋਸੈਂਸ ਪ੍ਰੋਜੈਕਟ ਦੀ ਕੇਸ ਮੈਨੇਜਰ ਸੀ। ਮੈਂ ਦੋ ਸਾਲਾਂ ਤੋਂ ਇੱਕ ਅਜਿਹੇ ਕੇਸ ਉੱਤੇ ਕੰਮ ਕੀਤਾ ਜੋ ਸੰਭਾਵਤ ਰੂਪ ਵਿੱਚ ਨਿਆਂ ਨਾਲ ਜੁੜਿਆ ਹੋਇਆ ਸੀ। ਇਹ ਤਜ਼ਰਬਾ ਮੇਰੇ ਲਈ ਨਵਾਂ ਮੋੜ ਸੀ, ਜਿਥੇ ਮੈਂ ਫੈਸਲਾ ਕੀਤਾ ਕਿ ਮੈਂ ਬੈਰਿਸਟਰ ਬਣਨਾ ਅਤੇ ਉਨਾਂ ਦੱਬੇ ਕੁਚਲਿਆਂ ਦੀ ਆਵਾਜ਼ ਬਣਨਾ ਹੈ, ਜਿਨਾਂ ਕੋਲ ਕੋਈ ਕਾਨੂੰਨੀ ਸਮਝ ਨਹੀਂ ਹੁੰਦੀ।

ਗਰੈਜੂਏਸ਼ਨ ਤੋਂ ਬਾਅਦ, ਮੈਂ ਇੱਕ ਕੰਮ ਲਈ ਵਲੰਟੀਅਰ ਬਣਨ ਦਾ ਫੈਸਲਾ ਲਿਆ, ਜਿਸ ਨਾਲ ਲੋਕਾਂ ਦੀ ਕਾਨੂੰਨੀ ਸਹਾਇਤਾ ਕੀਤੀ। ਬਾਅਦ ਵਿਚ, ਮੈਂ ਕ੍ਰਾਉਨ ਪ੍ਰੌਸੀਕਿਉਸ਼ਨ ਸਰਵਿਸ ਵਿਚ ਸ਼ਾਮਲ ਹੋ ਗਈ। ਮੈਂ ਉਨਾਂ ਦੇ ਕੇਸਾਂ ਦੀ ਤਿਆਰੀ ਕਰਨ ਵਿਚ ਇਸਤਗਾਸਾ ਪੱਖ ਦੇ ਬੈਰੀਸਟਰਾਂ ਨਾਲ ਮਿਲ ਕੇ ਕੰਮ ਕਰਦੀ ਹਾਂ ਅਤੇ ਅਦਾਲਤ ਵਿਚ ਉਹਨਾਂ ਦੀ ਸਹਾਇਤਾ ਕਰਦੀ ਹਾਂ। ਮੇਰੇ ਕੰਮ ਨੇ ਮੈਨੂੰ ਸਿਖਾਇਆ ਕਿ ਅਪਰਾਧਿਕ ਨਿਆਂ ਪ੍ਰਣਾਲੀ ਵਿਚ ਕਿਵੇਂ ਕੰਮ ਕਰੀਦਾ ਹੈ। ਸੀ ਪੀ ਐਸ ਵਿਖੇ ਕੰਮ ਕਰਦੇ ਸਮੇਂ, ਮੈਂ ਬਾਰ ਪ੍ਰੋਫੈਸ਼ਨਲ ਟ੍ਰੇਨਿੰਗ ਕੋਰਸ ਦਾ ਪਾਰਟ-ਟਾਈਮ ਪੜ ਰਹੀ ਸੀ। ਮੈਂ ਕੋਰਸ ਦਾ ਪਾਰਟ-ਟਾਈਮ ਅਧਿਐਨ ਕਰਨ ਦਾ ਫੈਸਲਾ ਕੀਤਾ ਕਿਉਂਕਿ ਮਿਡਲ ਟੈਂਪਲ ਤੋਂ ਸਕਾਲਰਸ਼ਿਪ ਦੇ ਬਾਵਜੂਦ ਮੈਂ ਪੂਰੇ ਸਮੇਂ ਦੀ ਫੀਸ ਦਾ ਭੁਗਤਾਨ ਨਹੀਂ ਕਰ ਸਕਦੀ ਸੀ। ਦੇਰ ਰਾਤ ਮੈਂ ਪੜਦੀ ਰਹਿੰਦੀ ਸੀ ਤੇ ਇਸ ਮਿਹਨਤ ਸਦਕਾ ਮੈਂ ਸਫਲਤਾ ਪ੍ਰਾਪਤ ਕੀਤੀ।

ਅਕਤੂਬਰ 2019 ਵਿਚ ਮੈਨੂੰ ਬਾਰ ਆਫ ਇੰਗਲੈਂਡ ਅਤੇ ਵੇਲਜ਼ ਵਿਚ ਪਹਿਲੇ ਅਫਗਾਨ ਸਿੱਖ ਵਜੋਂ ਬੁਲਾਇਆ ਗਿਆ ਸੀ। ਇਹ ਮੇਰੇ ਲਈ, ਮੇਰੇ ਪਰਿਵਾਰ ਅਤੇ ਮੇਰੇ ਸਿੱਖ ਭਾਈਚਾਰੇ ਲਈ ਮਾਣ ਵਾਲੀ ਗੱਲ ਸੀ। ਮੈਂ ਪ੍ਰਸ਼ਨ ਕਰਦੀ ਸੀ ਕਿ ਕੀ ਮੈਂ ਇਸ ਵਿਚ ਫਿੱਟ ਬੈਠਾਂਗੀ ਅਤੇ ਜਲਦੀ ਹੀ ਅਹਿਸਾਸ ਹੋ ਗਿਆ ਕਿ ਮੇਰਾ ਪਿਛੋਕੜ ਹਮੇਸ਼ਾਂ ਮੇਰੀ ਤਾਕਤ ਰਹੇਗੀ। ਵਾਹਿਗੁਰੂ ਮੇਰੇ ਅੰਗ ਸੰਗ ਹੈ ਤੇ ਮੈਂ ਖਾਲਸਾ ਪੰਥ ਦਾ ਨਾਮ ਰੌਸ਼ਨ ਕਰਾਂਗੀ ਤੇ ਲੋਕ ਹਿੱਤਾਂ ਲਈ ਜੂਝਦੀ ਰਹਾਂਗੀ।

# ਸਰਦਾਰ ਜਗਤ ਸਿੰਘ ਸੰਧੂ ਬਨਾਮ ਜੱਗਾ ਜੱਟ

## - ਗੁਰਸੇਵਕ ਸਿੰਘ

ਮੁਕਤਸਰ ਸਾਹਿਬ ਤੋਂ 54 ਕਿਲੋਮੀਟਰ ਪੂਰਬ ਮਲੋਟ-ਡੱਬਵਾਲੀ ਮਾਰਗ ਉਪਰ ਪਿੰਡ ਬਨਵਾਲਾ ਅਨੂ ( ਮਾਲ ਰਿਕਾਰਡ ਅਨੁਸਾਰ ਵਨਵਾਲਾ ਅਨੂ ) ਸਥਿਤ ਹੈ। ਵਿਧਾਨ ਸਭਾ ਹਲਕਾ ਲੰਬੀ ਹੈ। ਮਲਵਈ ਦਿੱਖ ਵਾਲੇ ਇਸ ਪਿੰਡ ਦੀ ਚੰਗੀ ਉਪਜਾਊ ਜ਼ਮੀਨ ਹੈ। ਆਰਥਿਕ ਪੱਖੋਂ ਲੋਕ ਖ਼ੁਸ਼ਹਾਲ ਹਨ। ਕਹਿੰਦੇ ਹਨ ਕਿ ਪਿੰਡ ਦੀ ਮੋਹੜੀ ਅਨੂ ਮੁਹੰਮਦ ਨਾਂ ਦੇ ਮੁਸਲਮਾਨ ਜਾਗੀਰਦਾਰ ਨੇ ਗੱਡੀ ਸੀ। ਉਸਦੇ ਦੋ ਪੁੱਤਰ ਸਨ। ਬਾਅਦ ਵਿੱਚ ਵੱਡੇ ਮੁੰਡੇ ਦੇ ਹਿੱਸੇ ਦੀ ਅੱਧੀ ਜ਼ਮੀਨ 'ਭਗਤਾ ਭਾਈਕਾ' ਦਿਆਂ ਨੇ ਮੁੱਲ ਲੈ ਲਈ। ਇਸ ਤਰ੍ਹਾਂ ਪਿੰਡ ਵਿੱਚ ਸਿੱਧੂ ਗੋਤੀ ਰਹਿਣ ਲੱਗ ਪਏ। ਬਾਕੀ ਬਚਦੀ ਜ਼ਮੀਨ ਪਾਕਿਸਤਾਨ ਤੋਂ ਆਏ ਲੋਕਾਂ ਨੂੰ ਅਲਾਟ ਕਰ ਦਿੱਤੀ ਗਈ।

ਸਰਦੀਆਂ ਦੀਆਂ ਦੁਪਹਿਰ ਦਾ ਵੇਲਾ ਹੈ। ਪਿੰਡ ਦੇ ਵਿਚਕਾਰ ਇੱਕ ਖੁੱਲ੍ਹੇ-ਡੁੱਲ੍ਹੇ ਮਕਾਨ ਦੇ ਵਿਹੜੇ 'ਚ ਬੈਠੀ ਇੱਕ ਬਜ਼ੁਰਗ ਔਰਤ ਧੁੱਪ ਸੇਕਦੀ ਹੋਈ ਮੰਜੇ ਕੋਲ ਪਿਆ ਪੰਘੂੜਾ ਵੀ ਹਿਲਾ ਰਹੀ ਹੈ। ਇਹ ਔਰਤ ਪੰਜਾਬੀ ਗਾਇਕੀ ਤੇ ਭੰਗੜਾ ਬੋਲੀਆਂ ਦੇ ਸ਼ਿੰਗਾਰ 'ਜੱਗਾ ਜੱਟ' ਦੀ ਧੀ ਹੈ। ਉਸਦਾ ਨਾਂ ਗੁਲਾਬ ਕੌਰ ਉਰਫ ਗਾਬੋ ਉਰਫ ਗੱਭੋ ਤੇ ਹੁਣ ਰੇਸ਼ਮ ਕੌਰ ਹੈ। ਉਸ ਦਾ ਪੇਕਿਆਂ ਦਾ ਨਾਂ ਗੁਲਾਬ ਕੌਰ ਸੀ, ਲਾਡ ਨਾਲ ਸਾਰੇ ਗਾਬੋ ਤੇ ਗੱਭੋ ਕਹਿੰਦੇ ਸੀ। ਸਹੁਰੇ ਘਰ ਆਈ ਤਾਂ ਨਾਂ ਰੇਸ਼ਮ ਕੌਰ ਰੱਖਿਆ ਗਿਆ। ਉਮਰ ਕਰੀਬ 86 ਸਾਲ। ਸਿਹਤ ਚੰਗੀ ਹੈ, ਨਿਗ੍ਹਾ ਠੀਕ ਹੈ। ਥੋੜ੍ਹਾ ਉੱਚਾ ਸੁਣਦਾ ਹੈ। ਯਾਦਦਾਸ਼ਤ ਕਮਾਲ ਦੀ ਹੈ। ਬਚਪਨ ਦੀਆਂ ਗੱਲਾਂ ਹੂਬਹੂ ਯਾਦ ਨੇ। ਆਪਣੇ ਬਾਪ ਭਾਵ ਜੱਗਾ ਡਾਕੂ ਦੇ ਸਾਥੀਆਂ ਦੇ ਨਾਂ, ਉਨ੍ਹਾਂ ਦੇ ਪਿੰਡ, ਉਸ ਵੇਲੇ ਦੇ ਹਾਕਮ, ਜਗੀਰਦਾਰ ਤੇ ਘਟਨਾਵਾਂ ਬਿਨਾਂ ਅਟਕੇ ਲਗਾਤਾਰ ਘੰਟਿਆਂ ਬੱਧੀ ਸੁਣਾਈ ਜਾਂਦੇ ਹਨ। ਮਾਤਾ ਜੀ ਨਿੱਤਨੇਮੀ ਹਨ। ਅਖ਼ਬਾਰ ਪੜ੍ਹਦੇ ਹਨ ਤੇ ਆਪਣੇ ਬਾਪ ਜੱਗੇ ਡਾਕੂ ਨਾਲ ਸਬੰਧਤ ਫਿਲਮਾਂ ਵੀ ਵੇਖੀਆਂ ਹਨ। ਉਨ੍ਹਾਂ ਨੇ ਕੋਈ ਸਕੂਲੀ ਵਿੱਦਿਆ ਹਾਸਲ ਨਹੀਂ ਕੀਤੀ, ਕਿਉਂਕਿ ਇੱਕ ਤਾਂ ਸਕੂਲ ਨਹੀਂ ਸੀ, ਦੂਜਾ ਬਾਪ ਡਾਕੂ ਬਣ ਗਿਆ, ਪੜ੍ਹਾਉਂਦਾ ਕੌਣ ? ਮਾਤਾ ਜੀ ਨੇ ਪੜ੍ਹਨਾ ਆਪਣੀ ਚਾਚੀ ਬਲਵੰਤ ਕੌਰ ਤੋਂ ਸਿੱਖਿਆ ਸੀ। ਬਲਵੰਤ ਕੌਰ ਨੇ ਅੱਖਰ ਉਠਾਉਣੇ ਪਿੰਡ ਦੇ ਪਟਵਾਰੀ ਦੀ ਘਰਵਾਲੀ 'ਪਟਵਾਰਨ' ਕੋਲੋਂ ਸਿੱਖੇ ਸਨ। ਉਹ ਪਹਿਲਾਂ ਤਾਂ ਸ੍ਰੀ ਸੁਖਮਨੀ ਸਾਹਿਬ ਦਾ ਸਾਰਾ ਪਾਠ ਨਿੱਤ ਕਰਦੇ ਸੀ ਪਰ ਹੁਣ ਨਿਗ੍ਹਾ ਕਮਜ਼ੋਰ ਹੋਣ ਕਰਕੇ ਹਰ ਰੋਜ਼ ਥੋੜ੍ਹਾ-ਥੋੜ੍ਹਾ ਪੜ੍ਹਦੇ ਹਨ। ਜਪੁਜੀ ਸਾਹਿਬ ਤੇ ਕੀਰਤਨ ਸੋਹਿਲਾ ਮੂੰਹ ਜ਼ੁਬਾਨੀ ਪੜ੍ਹ ਲੈਂਦੇ ਹਨ। ਮਾਤਾ ਨੇ ਮਾਪਿਆਂ ਵੱਲੋਂ ਦਾਜ 'ਚ ਦਿੱਤੀ ਦੋਹਰ (ਘਰ ਦੇ ਕੱਤੇ ਸੂਤ ਦੀ ਬਣਾਈ ਚਾਦਰ ਜਿਸਨੂੰ ਦੂਹਰੀ ਕਰਕੇ ਅੱਠ ਵਾਰ ਵਿਛਾਇਆ ਜਾਂਦਾ ਸੀ) ਅਤੇ ਬਾਪੂ ਜੱਗੇ ਨੂੰ ਨਾਨਕਿਆਂ ਵੱਲੋਂ ਦਿੱਤੀ ਦੁੱਧ ਪੀਣ ਵਾਲੀ ਪਿੱਤਲ ਦੀ ਗਿਲਾਸੀ ਅਜੇ ਵੀ ਸੰਭਾਲ ਕੇ ਰੱਖੀ ਹੋਈ ਹੈ। ਇੱਕ ਗੜਵੀ ਸੀ ਜਿਹੜੀ ਕੋਈ ਰਿਸ਼ਤੇਦਾਰ ਲੈ ਗਿਆ।

ਜੱਗੇ ਡਾਕੂ ਦਾ ਜਨਮ 1903 ਦੇ ਨੇੜ-ਤੇੜ ਦਾ ਹੋ ਸਕਦਾ ਹੈ ਕਿਉਂਕੇ ਉਸਦੀ ਧੀ ਰੇਸ਼ਮ ਕੌਰ ਦੀ ਇਸ ਵੇਲੇ ਉਮਰ 86 ਸਾਲ ਹੈ। ਜਦੋਂ ਜੱਗੇ ਡਾਕੂ ਦੀ ਮੌਤ ਹੋਈ ਉਦੋਂ ਉਸਦੀ ਉਮਰ 9 ਸਾਲ ਸੀ ਤੇ ਕਰੀਬ 30 ਕੁ ਸਾਲ ਦੀ ਉਮਰ 'ਚ ਜੱਗੇ ਦੀ ਮੌਤ ਹੋਈ ਸੀ। ਇਸੇ ਦੌਰਾਨ 1959 'ਚ ਗੀਤਾ ਦੱਤ ਤੇ ਮੰਨਾ ਡੇਅ ਵੱਲੋਂ 1959 'ਚ ਬਣੀ ਫਿਲਮ 'ਜੱਗਾ ਡਾਕੂ' ਦਾ ਗਾਣਾ 'ਤੂੰ ਰੂਪ ਕੀ ਨਗਰੀ ਕਾ ਰਾਜਾ' ਸੀ। ਉਦੋਂ ਤੋਂ ਲੈ ਕੇ ਹੁਣ ਤੱਕ ਪਾਕਿਸਤਾਨ ਤੇ ਭਾਰਤ 'ਚ ਜੱਗੇ ਡਾਕੂ ਉਪਰ ਕਈ ਫਿਲਮਾਂ ਬਣ ਚੁੱਕੀਆਂ ਹਨ। ਭਾਰਤੀ ਪੰਜਾਬ 'ਚ ਜੱਗੇ ਡਾਕੂ ਉਪਰ ਆਖ਼ਰੀ ਫਿਲਮ 1991 'ਚ ਬਣੀ ਸੀ ਜਿਸ 'ਚ ਯੋਗਰਾਜ, ਦਲਜੀਤ ਕੌਰ ਅਤੇ ਸਰਦੂਲ ਸਿਕੰਦਰ ਨੇ ਅਦਾਕਾਰੀ ਕੀਤੀ ਸੀ। 'ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ' ਨੇ ਵੀ ਜੱਗੇ ਨੂੰ ਰੂਹ ਨਾਲ ਗਾਇਆ।

ਬੇਬੇ ਰੇਸ਼ਮ ਕੌਰ ਨਾਲ ਗੱਲ ਕਰਨ ਤੋਂ ਇੱਕ ਗੱਲ ਸਪੱਸ਼ਟ ਜਾਪਦੀ ਹੈ ਕਿ ਜੱਗਾ ਚੜ੍ਹਦੀ ਉਮਰੇ ਹੀ ਤੋਰੇ ਫੇਰੇ 'ਚ ਪੈ ਗਿਆ। ਕੰਮ ਦਾ ਕੋਈ ਫ਼ਿਕਰ ਨਹੀਂ ਸੀ। ਚੰਗਾ ਖਾਣਾ ਪੀਣਾ ਸੀ। ਜ਼ੋਰਾਵਰ ਸਰੀਰ ਤੇ ਅਣਖੀਲੇ ਸੁਭਾਅ ਕਾਰਨ ਉਹ ਕਿਸੇ ਦੀ ਟੈਂ ਨਹੀਂ ਸੀ ਮੰਨਦਾ। ਉਸ ਸਮੇਂ ਸਮਾਜਿਕ ਤੌਰ 'ਤੇ ਜ਼ੈਲਦਾਰ, ਪਟਵਾਰੀ ਤੇ ਥਾਣੇਦਾਰ ਬਹੁਤ ਤਾਕਤ ਰੱਖਦੇ ਸੀ ਤੇ ਅਕਸਰ ਲੋਕਾਂ 'ਤੇ ਜ਼ੁਲਮ ਕਰਦੇ ਸੀ। ਉਹ ਅੰਗਰੇਜ਼ਾਂ ਦੀ ਹਕੂਮਤ ਨਾ ਮੰਨਣ ਵਾਲੇ ਦੇ ਦੋਖੀ ਹੁੰਦੇ ਸੀ। ਜੱਗੇ ਦਾ ਇਨ੍ਹਾਂ ਨਾਲ ਪੂਰਾ ਆਢਾ ਰਹਿੰਦਾ ਸੀ। ਇਸ ਲਈ ਉਸ ਨੇ ਸਰੀਰਕ ਅਤੇ ਮਾਨਸਿਕ ਤੌਰ 'ਤੇ ਆਪਣੇ ਆਪ ਨੂੰ ਪੁਲੀਸ ਨਾਲ ਦਸਤਪੰਜਾ ਲੈਣ ਲਈ ਤਿਆਰ ਕਰ ਲਿਆ। ਕੁਝ ਹਾਲਾਤ ਇਸ ਤਰ੍ਹਾਂ ਦੇ ਬਣੇ ਕਿ ਉਹ ਡਾਕੂ ਬਣ ਗਿਆ। ਮਾਤਾ ਰੇਸ਼ਮ ਕੌਰ ਨੇ ਦੱਸਿਆ ਕਿ ਜੱਗੇ ਦੇ ਗਲੇ 'ਚ ਗੌਣਾ (ਮੂੰਹ 'ਚ ਪੈਸੇ ਲੁਕਾਉਣ ਵਾਸਤੇ ਬਣਾਈ ਗੁਪਤ ਜਗ੍ਹਾ) ਸੀ। ਮਾਤਾ ਨੇ ਦੱਸਿਆ ਕਿ ਗੌਣ ਬਣਾਉਣ ਲਈ ਮੂੰਹ ਵਿੱਚ ਗਲੇ ਕੋਲ ਮਾਸ ਟੁੱਕ ਕੇ ਵਿੱਚ ਸਿੱਕੇ ਦੀ ਗੋਲੀ ਪਾ ਦਿੱਤੀ ਜਾਂਦੀ ਸੀ। ਫਿਰ ਹੌਲੀ ਹੌਲੀ ਸਿੱਕੇ ਵਾਲੀ ਥਾਂ ਪੱਕੀ ਮੋਰੀ ਬਣ ਜਾਂਦੀ ਤਾਂ ਸਿੱਕੇ ਨੂੰ ਕੱਢ ਦਿੱਤਾ ਜਾਂਦਾ। ਜੱਗਾ ਉਸ ਗੌਣੇ ਵਿੱਚ ਸੋਨੇ ਦੇ ਪੈਸੇ ਪਾ ਕੇ ਰੱਖਦਾ ਸੀ ਤਾਂ ਕਿ ਜੇਲ੍ਹ ਜਾਂ ਹੋਰ ਬਿਪਤਾ ਵੇਲੇ ਕੰਮ ਆ ਸਕਣ। ਉਸ ਸਮੇਂ ਇਹ ਗੁਪਤ ਖਜ਼ਾਨਾ ਹੁੰਦਾ ਸੀ। ਗੌਣ ਬਣਾਉਣ ਲਈ ਜੱਗੇ ਨੇ ਦੋ ਮਹੀਨੇ ਰੋਟੀ ਨੀਂ ਖਾਧੀ। ਸਿਰਫ ਦੁੱਧ ਪੀਤਾ ਤੇ ਖੀਰ ਖਾਧੀ। ਬਹੁਤ ਤਕਲੀਫ ਸਹੀ। ਇਸੇ ਤਰ੍ਹਾਂ ਉਸਨੇ ਆਪਣੀ ਛੇ ਕੁ ਸਾਲਾਂ ਦੀ ਧੀ ਦਾ ਰਿਸ਼ਤਾ ਵੀ ਪੱਕਾ ਕਰ ਦਿੱਤਾ ਸੀ ਕਿਉਂਕਿ ਉਸਨੂੰ ਪਤਾ ਸੀ ਡਾਕੂਆਂ ਦੀ ਉਮਰ ਥੋੜ੍ਹੀ ਹੁੰਦੀ ਹੈ।



"ਅਖ਼ਬਾਰਾਂ ਵਾਲਿਆਂ ਤਾਂ ਬਥੇਰਾ ਕਰ 'ਤਾ ਹੁਣ ਸਰਕਾਰ ਜੱਗੇ ਦੀ ਯਾਦਗਾਰ ਬਣਾਵੇ"

ਮੈਂ ਰੇਸ਼ਮ ਕੌਰ ਬੋਲਦੀ ਹਾਂ ਸਰਦਾਰ ਜਗਤ ਸਿੰਘ ਸੰਧੂ ਦੀ ਧੀ। ਜਗਤ ਸਿੰਘ ਜਿਸਨੂੰ ਸਾਰੇ ਜੱਗਾ ਡਾਕੂ ਕਹਿੰਦੇ ਨੇ। ਪਰ ਮੇਰਾ ਬਾਪ ਉਹ ਡਾਕੂ ਨ੍ਹੀ ਸੀ ਜਿਹੜੇ ਆਪਣੀ ਐਸ਼ ਲਈ ਲੁੱਟਦੇ ਨੇ ਉਹ ਤਾਂ ਲੋਕਾਂ ਦਾ ਰਾਖਾ ਸੀ। ਅਮੀਰਾਂ ਨੂੰ ਲੁੱਟ ਕੇ ਗਰੀਬਾਂ ਨੂੰ ਵੰਡ ਦਿੰਦਾ ਸੀ। ਡਾਕੂ ਬਣਨ ਤੋਂ ਬਾਅਦ ਘਰ ਨਹੀਂ ਆਇਆ ਬੱਸ ਮੇਰੇ ਕੋਲ ਤਾਂ ਉਹਦੀ ਯਾਦ ਈ ਆ। ਹੁਣ ਤਾਂ ਭਾਈ ਮੇਰਾ ਪਿੰਡ ਵਨਵਾਲਾ ਅਨੂ ਈ ਆ। ਮੈਨੂੰ ਬਾਪ ਦਾ ਅਜੇ ਵੀ ਬਹੁਤ ਵਿਯੋਗ ਆ। ਇਕੱਲੀਓ ਈ ਹਾਂ ਮੈਂ। ਕੋਈ ਭੈਣ ਭਾਈ ਨ੍ਹੀ। ਜਦੋਂ ਕੋਈ ਅਖ਼ਬਾਰ ਵਾਲਾ ਬਾਪੂ ਬਾਰੇ ਪੁੱਛਦੈ ਤਾਂ ਦੁੱਖ ਹਰਾ ਹੋ ਜਾਂਦੈ, ਫਿਰ ਕਈ ਦਿਨ ਮੈਂ ਰੋਂਦੀ ਰਹਿਨੀ ਆਂ। ਬਾਪੂ ਨੂੰ ਕੋਈ ਡਾਕੂ ਕਹਿੰਦੈ ਕੋਈ ਦੇਵਤਾ, ਪਰ ਭਾਈ ਮੇਰਾ ਤਾਂ ਉਹ ਪਿਓ ਸੀ। ਮੈਂ ਪਿਓ ਦਾ ਸੁੱਖ ਨੀਂ ਭੋਗਿਆ। ਹੁਣ ਬਥੇਰਾ ਲਾਣਾ ਮੇਰਾ, ਚਾਰ ਪੁੱਤਰ ਆ, ਅਜੀਤ ਸਿੰਘ ਸੁੱਖ ਨਾਲ ਸੱਤਰ ਸਾਲਾਂ ਦਾ ਉਸਤੋਂ ਛੋਟਾ ਬਗੀਚਾ ਸਿੰਘ, ਅਮਰੀਕ ਸਿੰਘ ਤੇ ਸੂਬਾ ਸਿੰਘ। ਅਜੀਤ ਸਿੰਘ ਦੇ ਸੁੱਖ ਨਾਲ ਚਾਰ ਬੱਚੇ ਹਨ ਬਾਕੀਆਂ ਸਾਰਿਆਂ ਦੇ ਦੋ-ਦੋ। ਮੈਂ ਅਜੀਤ ਸਿੰਘ ਦੇ ਪੁੱਤਰ ਕੁਲਬੀਰ ਸਿੰਘ ਨਾਲ ਰਹਿਣੀ ਆਂ (ਮਾਤਾ ਨੇ ਆਪਣੀ ਤਿੰਨ ਕੁ ਮਹੀਨਿਆਂ ਦੀ ਪੜਪੋਤਰੀ ਜਸਕੀਰਤ ਕੌਰ ਦੇ ਝੂਲੇ ਨੂੰ ਹਿਲਾਉਂਦਿਆਂ ਗੱਲ ਜਾਰੀ ਰੱਖੀ ) ਪਰ ਪਿਓ ਵਾਲਾ ਖਾਨਾ ਖਾਲੀ ਆ।

ਮੇਰੇ ਬਾਪ ਬਾਰੇ ਲੋਕ ਬਹੁਤ ਕੁਝ ਕਹਿੰਦੇ ਨੇ। ਫਿਲਮਾਂ ਵੀ ਬਣੀਆਂ ਨੇ। ਪਰ ਇਸ ਸਭ ਕਾਸੇ 'ਚ ਬਹੁਤਾ ਮਨਘੜ੍ਹਤ ਆ। ਕੋਈ ਉਸਨੂੰ ਮੁਸਲਮਾਨ ਦੱਸਦੈ ਕੋਈ ਗੁੱਜਰ। ਮੈਂ ਦੱਸਦੀ ਹਾਂ ਸੱਚਾਈ ਕੀ ਆ। ਹਰਨੇਕ ਸਿੰਘ ਘੜੂੰਆਂ ਨੇ ਬਾਪੂ ਬਾਰੇ ਪਹਿਲਾਂ ਪਤਾ ਲਾਇਆ। ਮੇਰੇ ਕੋਲ ਪਿੰਡ ਵੀ ਆਇਆ। ਮੇਰਾ ਬਾਪ ਪਾਕਿਸਤਾਨੀ ਪੰਜਾਬ ਦੇ ਪਿੰਡ ਰਣ ਸਿੰਘ ਵਾਲਾ ਥਾਣਾ ਤੇ ਤਹਿਸੀਲ ਚੁਣੀਆਂ ਜ਼ਿਲ੍ਹਾ ਲਾਹੌਰ ਦਾ ਰਹਿਣ ਵਾਲਾ ਸੀ। ਉਹ ਭਰ ਜਵਾਨੀ 'ਚ ਚਲਾ ਗਿਆ। ਮਾਪਿਆਂ ਘਰ ਮੇਰਾ ਬਾਪ ਇਕੱਲਾ ਪੁੱਤਰ ਹੀ ਸੀ। ਇਸੇ ਲਈ ਕਿਸੇ ਨੇ ਗੀਤ ਬਣਾ 'ਤਾ "ਜੇ ਮੈਂ ਜਾਣਦੀ ਜੱਗੇ ਨੇ ਮਰ ਜਾਣਾ, ਇੱਕ ਦੀ ਥਾਂ ਦੋ ਜੰਮਦੀ।"

ਇਹ ਗਲਤ ਆ। ਅਸਲ 'ਚ ਉਸਦੇ ਇਕੱਲੇ ਹੋਣ ਦੀ ਵੀ ਗੱਲ ਹੋਰ ਆ, ਦੱਸਦੀ ਹਾਂ। ਮੇਰੀ ਦਾਦੀ ਦਾ ਨਾਂ ਭਾਗਣ ਸੀ। ਉਸਨੇ ਇੱਕ ਦੋ ਨਹੀਂ ਛੇ ਪੁੱਤ ਜੰਮੇ। ਪਰ ਹੋਣੀ ਰੱਬ ਦੀ ਕਿ ਹਰ ਨਿਆਣਾ ਅੱਠਮਾਹਾ ਮਰ ਜਾਂਦਾ ਸੀ। ਫੇਰ ਦਾਦੇ ਨੇ ਪਿੰਡ ਸੋਢੀਵਾਲਾ ਦੇ ਸੰਤ ਇੰਦਰ ਸਿੰਘ ਕੋਲੋਂ ਰੱਖ ਲਿਆਂਦੀ। ਸੰਤਾਂ ਨੇ ਕਿਹਾ ਕਿ ਬੱਚੇ ਦਾ ਹੱਥ ਲਵਾ ਕੇ, ਪਾਲ ਪੋਸ ਕੇ, ਪੀਰ ਦਾ ਬੱਕਰਾ ਛੱਡ ਦਿਓ, ਬੱਚਾ ਜਿਉਂਦਾ ਰਹੂਗਾ। ਮਾਪਿਆਂ ਨੇ ਬੱਚੇ (ਜੱਗੇ) ਦੇ ਜਨਮ ਤੋਂ ਪਹਿਲਾਂ ਇੱਕ ਬੱਕਰਾ ਖਰੀਦ ਲਿਆ ਤੇ ਬੱਚੇ ਦੇ ਜਨਮ ਤੋਂ ਬਾਅਦ ਉਸਦਾ ਹੱਥ ਲਵਾ ਕੇ ਘਰੇ ਬੰਨ੍ਹੀ ਰੱਖਿਆ। ਪਰ ਕੁਝ ਦਿਨਾਂ ਬਾਅਦ ਬੱਕਰੇ ਦੀਆਂ ਲੱਤਾਂ ਮਰ ਗਈਆਂ ਤੇ ਫਿਰ ਬੱਕਰਾ ਮਰ ਗਿਆ। ਫਿਰ ਇੰਦਰ ਸਾਂਈ ਦੇ ਕਹੇ ਹੋਰ ਬੱਕਰਾ ਖਰੀਦਿਆ ਉਸਦੇ ਹੱਥ ਲਵਾਇਆ, ਉਹ ਵੀ ਕੁਝ ਦਿਨਾਂ ਬਾਅਦ ਮਰ ਗਿਆ। ਇਸ ਤਰ੍ਹਾਂ ਬਾਰਾਂ ਮਹੀਨੇ ਬੱਕਰੇ ਮਰਦੇ ਰਹੇ। ਜਿਹੜਾ ਬੱਕਰਾ ਮਰਦਾ ਉਸਨੂੰ ਵਿਹੜੇ 'ਚ ਦੱਬ ਦਿੱਤਾ ਜਾਂਦਾ। ਮੇਰੇ ਵਿਆਹ ਵੇਲੇ ਜਦੋਂ ਹਲਵਾਈਆਂ ਨੇ ਚੁਰਾਂ (ਵੱਡੇ ਚੁੱਲ੍ਹੇ) ਪੱਟੀਆਂ ਤਾਂ ਜ਼ਮੀਂ 'ਚੋਂ ਕਰੰਗ ਨਿਕਲੇ ਸਨ। ਤੇਰਵਾਂ ਬੱਕਰਾ ਬਚਿਆ। ਉਹਨੂੰ ਛੱਡ ਦਿੱਤਾ। ਖੁੱਲ੍ਹੇ ਫਿਰਦੇ ਨੂੰ 'ਮੰਡੇ ਕਿਆਂ' ਦੇ ਤੇਲੀ ਨੇ ਫੜ੍ਹਕੇ ਵੱਢ ਲਿਆ, ਗੋਸ਼ਤ ਵੇਚ ਦਿੱਤਾ। ਬਾਅਦ 'ਚ ਉਹਦਾ ਬਹੁਤ ਨੁਕਸਾਨ ਹੋਇਆ ਤੇ ਉਹਨੇ ਬੱਕਰਾ ਲੈ ਕੇ ਛੱਡਿਆ ਤਾਂ ਜਾ ਕੇ ਉਹਦੀ ਬੰਦ ਖਲਾਸੀ ਹੋਇਆ। ਫਿਰ ਕਿਤੇ ਜਾ ਕੇ ਜੱਗਾ ਪੈਰਾਂ ਸਿਰ ਹੋਇਆ।

ਬਾਪੂ ਹੋਰੀਂ ਦੋ ਭੈਣਾਂ ਤੇ ਇੱਕ ਭਾਈ ਜਿਓਂਦੇ ਰਹੇ। ਭੂਆ ਜੀਵਾਂ, ਮੁਕਲਾਵੇ ਗਈ ਕੱਤੇ ਦੀ ਬਿਮਾਰੀ ਨਾਲ ਮਰ ਗਈ। ਉਹ ਰਾਈਆਂ ਛੋਟੀ ਉਰਫ ਰਾਏ ਵਿੰਡ ਪਾਕਿਸਤਾਨ ਵਿਆਹੀ ਸੀ। ਦੂਜੀ ਭੂਆ ਸਮੋ, ਸਰਹਾਲੀ ਭੁੱਲਰਾਂ ਨੇੜੇ ਕਸੂਰ ਲਲਿਆਣੀ (ਪਕਿਸਤਾਨ) ਵਿਖੇ ਵਿਆਹੀ ਸੀ। ਵੰਡ ਤੋਂ ਬਾਅਦ ਉਹਨੂੰ ਅੰਮ੍ਰਿਤਸਰ ਲਾਗੇ ਪਿੰਡ ਘਰਿਆਲੇ ਵਿਖੇ ਅਲਾਟਮੈਂਟ ਹੋਈ, ਫਿਰ ਕਈ ਥਾਂਈ ਉਜੜਦੇ-ਪੁੱਜੜਦੇ ਵਿਚਾਰੇ ਸਾਈਆਂ ਵਾਲਾ ਜ਼ਿਲ੍ਹਾ ਫਿਰੋਜ਼ਪੁਰ ਨੇੜੇ ਵੱਸ ਗਏ। ਮੇਰੀ ਮਾਂ ਇਕਲੌਤੀ ਸੀ। ਇਸ ਲਈ ਮੈਨੂੰ ਪਿੰਡ ਝੰਡੇ ਕਲਾਂ ਜ਼ਿਲ੍ਹਾ ਮਾਨਸਾ ਵਿਖੇ ਪੇਕਿਆਂ ਦੀ ਜ਼ਮੀਨ ਅਲਾਟ ਹੋਈ ਸੀ। ਸਹੁਰਿਆਂ ਦੀ ਜ਼ਮੀਨ ਇਸੇ ਪਿੰਡ ਬਨਵਾਲਾ ਅਨੂੰ ਅਲਾਟ ਹੋਈ। ਫਿਰ ਪੇਕਿਆਂ ਵਾਲੀ ਜ਼ਮੀਨ ਵੇਚ ਕੇ ਬਨਵਾਲਾ ਅਨੂੰ ਵਿਖੇ ਪੈਲੀ ਲੈ ਲਈ। ਹੁਣ ਇੱਥੇ 70 ਕੁ ਕਿਲੇ ਦੀ ਢੇਰੀ ਆ। ਮੇਰਾ ਪਤੀ ਜਥੇਦਾਰ ਅਵਤਾਰ ਸਿੰਘ ਵੀ 2005 'ਚ ਇਸੇ ਪਿੰਡ ਬਨਵਾਲਾ ਅਨੂ ਵਿਖੇ ਸਵਰਗਵਾਸ ਹੋਇਆ। ਮੇਰੀ ਮਾਂ ਇੰਦਰ ਕੌਰ ਵੀ 1983 'ਚ ਇਸੇ ਪਿੰਡ ਬਨਵਾਲਾ ਅਨੂ ਵਿਖੇ ਹੀ ਸਵਰਗਵਾਸ ਹੋਈ। ਮੇਰੇ ਪੇਕੇ ਜੱਟ ਸਿੱਖ ਸਿੱਧੂ ਆ ਤੇ ਸਹੁਰਿਆਂ ਦਾ ਗੋਤ ਸੰਧੂ ਆ। ਨੌਂ ਕੁ ਸਾਲ ਦੀ ਸਾਂ ਜਦੋਂ ਬਾਪੂ ਤੁਰ ਗਿਆ। ਪਰ ਉਸਦੇ ਨਕਸ਼ ਅਜੇ ਵੀ ਮੈਨੂੰ ਯਾਦ ਨੇ। ਉਹ ਮਹੁੰਮਦ ਸਦੀਕ ਵਾਂਗੂੰ ਦੋ ਤੁਰਲਿਆਂ ਵਾਲੀ ਪੱਗ ਬੰਨ੍ਹਦਾ ਸੀ। ਇੱਕ ਉਪਰ ਨੂੰ ਇੱਕ ਹੇਠਾਂ। ਪੱਗ ਅਕਸਰ ਚਿੱਟੇ ਰੰਗ ਦੀ ਹੁੰਦੀ ਸੀ। ਦੂਹਰੀਆਂ ਕੁੰਢੀਆਂ ਮੁੱਛਾਂ। ਧੂਹਵਾਂ ਚਾਦਰਾਂ। ਛਾਤੀ ਚੌੜੀ ਸੀ। ਘੁਲਣ ਦਾ ਸ਼ੌਕੀਨ ਸੀ। ਰੰਗ ਪੱਕਾ ਸੀ ਪਰ ਰੂਪ ਬਹੁਤ ਸੀ ਉਹਤੇ। ਨੱਕ ਜਿਵੇਂ ਕਾਗਜ਼ ਦਾ ਕੱਟ ਕੇ ਬਣਾਇਆ ਹੋਵੇ, ਤਿੱਖਾ। ਅੱਖ ਬਹੁਤ ਤੇਜ਼ ਸੀ। ਸਿੱਧੀ ਨਿਗ੍ਹਾ ਨਾਲ ਝਾਕ ਨਹੀਂ ਸੀ ਹੁੰਦਾ ਬਾਪੂ ਦੀ ਅੱਖ ਵੱਲ। ਖਵਰੇ ਚੜ੍ਹੇ ਪਹਿਰ ਸਰਾਬ ਪੀਣ ਕਰਕੇ ਸੀ। ਦਾਦੇ ਮੱਖਣ ਸਿੰਘ ਹੋਰਾਂ ਕੋਲੇ ਪੈਲੀ ਬਥੇਰੀ ਸੀ। ਪੈਂਹਟ ਕਿੱਲੇ ਪੈਲੀ 'ਤੇ ਤਾਂ ਖੇਤੀ ਕਰਦਾ ਸੀ, ਬਾਕੀ ਖਾਲੀ ਪਈ ਸੀ। ਮਾਮਲਾ ਨਹੀਂ ਸੀ ਭਰਿਆ ਜਾਂਦਾ। ਇਸੇ ਤਰ੍ਹਾਂ ਮੇਰਾ ਚਾਚਾ ਰੂਪ ਸਿੰਘ ਵੀ ਪੈਂਹਟ ਕਿੱਲੇ ਦਾ ਵਾਹੀਵਾਣ ਸੀ। ਬਾਪੂ ਛੋਟਾ ਸੀ ਜਦੋਂ ਦਾਦਾ ਤੁਰ ਗਿਆ। ਚਾਚੇ ਨੇ ਬਾਪੂ ਨੂੰ ਕੰਮ ਨਹੀਂ ਸੀ ਲਾਇਆ। ਕਹਿੰਦਾ ਲੋਕਾਂ ਨੇ ਕਹਿਣਾ ਪਿਓ ਸਿਰ 'ਤੇ ਹੈਣੀ ਤਾਂ ਮੁੰਡੇ ਨੂੰ ਕੰਮ 'ਤੇ ਡੱਕਿਆ ਹੋਇਆ। ਕੰਮ ਨਾ ਕਰਨ ਕਰਕੇ ਬਾਪੂ ਵਿਹਲਾ ਤੁਰਿਆ ਫਿਰਦਾ ਸੀ। ਚੰਗਾ ਖਾਣਾ ਚੰਗਾ ਪਹਿਨਣਾ, ਘੁਲਣਾ।

ਪਿੰਡ ਕਲਮੋਕਲ ਦਾ ਜ਼ੈਲਦਾਰ ਬਾਪੂ ਨਾਲ ਖਾਰ ਖਾਂਦਾ ਸੀ ਕਿਉਂਕਿ ਬਾਪੂ ਉਸਦੀ ਪਰਵਾਹ ਨਹੀਂ ਸੀ ਕਰਦਾ। ਜ਼ੈਲਦਾਰ ਨੇ ਝੂਠਾ ਕੇਸ ਪਵਾ ਕੇ ਬਾਪੂ ਨੂੰ ਚਾਰ ਸਾਲ ਦੀ ਕੈਦ ਕਰਵਾ 'ਤੀ। ਉਦੋਂ ਬਾਪੂ ਭਰ ਜੁਆਨ ਸੀ। ਉਧਰੋਂ ਨਨਕਾਣਾ ਸਾਹਿਬ ਵਾਲਾ ਸਾਕਾ ਹੋਇਆ। ਸਿੱਖ ਜੰਡਾਂ ਨਾਲ ਬੰਨ੍ਹ ਕੇ ਮਾਰੇ। ਸਾਕੇ ਤੋਂ ਬਾਅਦ ਸਿੱਖਾਂ ਨੇ ਗੁਰਦਵਾਰਾ ਸਾਹਿਬ ਨੂੰ ਛਡਾਉਣ ਲਈ ਜਥੇ ਭੇਜੇ ਤਾਂ ਮਹੰਤ ਨਰੈਣੂ ਨੇ ਸਿੱਖ ਸਾੜ ਦਿੱਤੇ। ਦੂਜੀ ਵਾਰ ਜਥੇ ਨਾਲ ਬਾਪੂ ਵੀ ਗਿਆ। ਬੱਸ ਉਦੋਂ ਤੋਂ ਹੀ ਅੰਗਰੇਜ਼ ਸਰਕਾਰ ਦੇ ਖਿਲਾਫ ਦਿਲ 'ਚ ਰੋਸ ਪੈਦਾ ਹੋ ਗਿਆ।

ਡਾਕੂ ਕਿਵੇਂ ਬਣਿਆ ? ਬਾਰੇ ਪੁੱਛੇ ਜਾਣ 'ਤੇ ਬੇਬੇ ਨੇ ਦੱਸਿਆ ਕਿ ਪੁਲੀਸ ਵਾਲੇ ਇੱਕ ਕੁੜੀ ਚੱਕ ਕੇ ਲੈ ਗਏ। ਬਾਪੂ ਨੇ ਛਡਾਉਣ ਦੀ ਕੋਸ਼ਿਸ਼ ਕੀਤੀ ਤਾਂ ਪੁਲੀਸ ਵੈਰ ਪੈ ਗਈ। ਪੁਲੀਸ ਦੇ ਖ਼ੌਫ਼ ਕਾਰਨ ਉਹ ਘਰੋਂ ਚਲਾ ਗਿਆ। ਪੁਲੀਸ ਦੇ ਰਵਈਏ ਤੋਂ ਅੱਕੇ ਨੇ ਕੰਗਣਪੁਰ ਪੁਲੀਸ ਦੇ ਇੱਕ ਸਿਪਾਹੀ ਤੋਂ ਬੰਦੂਕ ਖੋਹ ਲਈ। ਸਿਪਾਹੀ ਨੂੰ ਮਾਰ ਦਿੱਤਾ ਤਾਂ ਕਿ ਪਛਾਣ ਨਾ ਹੋਵੇ। ਫਿਰ ਆਚਲ ਕੇ ਪਿੰਡ ਦੇ ਆਤਮਾ ਸਿੰਘ ਦੇ ਘਰੋਂ ਬੰਦੂਕ ਲੈਣ ਗਿਆ। ਆਤਮਾ ਸਿੰਘ ਉਸਦਾ ਹਮ ਪਿਆਲਾ ਸੀ। ਜੱਗੇ ਨੇ ਕਿਹਾ ਕਿ ਮੈਂ ਹੁਣ ਡਾਕੂ ਹੋ ਗਿਆ ਹਾਂ। ਮੈਨੂੰ ਅਸਲੇ ਦੀ ਲੋੜ ਹੈ। ਮੇਰੇ ਕੋਲ ਭਰੀ ਬੰਦੂਕ ਆ ਤੇਰੇ ਕੋਲ ਖਾਲੀ ਆ। ਮੈਨੂੰ ਆਪਣੀ ਬੰਦੂਕ ਦੇ ਦੇਹ, ਨਾਲੇ ਕਾਰਤੂਸ। ਆਤਮਾ ਸਿੰਘ ਨੇ ਬੰਦੂਕ ਤੇ ਕਾਰਤੂਸਾਂ ਦੇ ਦੋ ਡੱਬੇ ਜੋ ਉਸ ਕੋਲ ਪਏ ਸੀ ਦੇ ਦਿੱਤੇ। ਜੱਗੇ ਨੇ ਕਿਹਾ ਮੈਂ ਤੇਰੇ ਨਾਲ ਧੋਖਾ ਨਹੀਂ ਕਰਨਾ, ਤੂੰ ਪੁਲੀਸ ਨੂੰ ਇਤਲਾਹ ਦੇਹ ਕਿ ਜੱਗਾ ਡਾਕੂ ਹੋ ਗਿਆ ਹੈ। ਬਾਅਦ 'ਚ ਆਤਮਾ ਸਿੰਘ ਦੀ ਘਰਵਾਲੀ ਨੇ ਛੱਤ 'ਤੇ ਚੜ੍ਹ ਕੇ ਰੌਲਾ ਪਾ ਦਿੱਤਾ ਕਿ ਜੱਗਾ ਡਾਕੂ ਉਨ੍ਹਾਂ ਦੀ ਬੰਦੂਕ ਖੋਹ ਕੇ ਲੈ ਗਿਆ।

ਅਸਲ 'ਚ ਪੁਲੀਸ ਜੱਗੇ ਨੂੰ ਫੜਣ ਦਾ ਵਿਖਾਲਾ ਕਰਦੀ ਸੀ, ਪਰ ਫੜਦੀ ਨਹੀਂ ਸੀ। ਇੱਕ ਵਾਰ ਜੱਗਾ ਭੀਮ ਕੇ ਪਿੰਡ ਛੱਪਰ ਹੇਠ ਪਿਆ ਸੀ। ਡਾਕੂ ਬਣਨ ਤੋਂ ਬਾਅਦ ਦੀ ਗੱਲ ਆ। ਉਸਦੇ ਪਏ ਕੋਲੋਂ ਦੀ ਪੁਲੀਸ ਲੰਘ ਗਈ, ਕਿਸੇ ਨਹੀਂ ਫੜਿਆ। ਜੇ ਫੜਨਾ ਚਾਹੁੰਦੀ ਤਾਂ ਉਥੇ ਹੀ ਫੜ ਸਕਦੀ ਸੀ। ਡਾਕੂ ਬਣਨ ਤੋਂ ਬਾਅਦ ਡੀ.ਐਸ.ਪੀ. ਅਸਗਰ ਅਲੀ ਨੇ ਕੇਹਰ ਸਿੰਘ ਨੂੰ ਕਿਹਾ ਕਿ ਜੱਗੇ ਨੂੰ ਕੇਸ 'ਚੋਂ ਕੱਢ ਦਿਆਂਗਾ ਮੇਰਾ ਇੱਕ ਖਾਸ ਕੰਮ ਕਰਵਾ ਦੇਵੇ। ਹੁਣ ਭਾਈ ਮੈਨੂੰ ਇਹ ਤਾਂ ਪਤਾ ਨਹੀਂ ਕੰਮ ਕੀ ਸੀ।

ਡਾਕੂ ਬਣਨ ਤੋਂ ਬਾਅਦ ਬਾਪੂ ਘਰ ਨਹੀਂ ਆਇਆ। ਪੈਲੀ ਉਜਾੜ ਦਿੱਤੀ। ਮਾਲ-ਡੰਗਰ ਖੋਲ੍ਹ ਦਿੱਤਾ। ਬਹੁਤ ਤੰਗੀ ਦਾ ਸਮਾਂ ਸੀ। ਡਾਕੂ ਬਣਨ ਤੋਂ ਬਾਅਦ ਬਾਪੂ ਇੱਕ ਵਾਰ ਮਾਂ ਨੂੰ ਮਿਲਿਆ ਸੀ ਤੇ ਸੁਨੇਹਾ ਦਿੱਤਾ ਕਿ ਕੇਹਰ ਸਿੰਘ ਮਿਲੇ। ਅਕਸਰ ਧੀ ਦਾ ਬਾਪ ਸੀ। ਉਸਨੇ ਮਾਂ ਨਾਲ ਮੇਰੇ ਵਿਆਹ ਦੀ ਵਿਉਂਤ ਕੀਤੀ।

ਲਓ ਮੈਂ ਆਪਣੇ ਵਿਆਹ ਦੀ ਕਹਾਣੀ ਵੀ ਤੁਹਾਨੂੰ ਦੱਸ ਦੇਵਾਂ। ਇਹ ਵੀ ਅਨੋਖੀ ਆ। ਮੇਰਾ ਪਤਿਓਰਾ (ਸਹੁਰੇ ਦਾ ਭਰਾ) ਕੇਹਰ ਸਿੰਘ ਕਾਵਾਂ, ਬਾਪੂ ਦਾ ਲੰਗੋਟੀਆ ਯਾਰ ਸੀ। ਬਾਪੂ ਨੂੰ ਪਤਾ ਸੀ ਕਿ ਡਾਕੂ ਹੋ ਗਿਆਂ ਪਤਾ ਨਹੀਂ ਕਦੋਂ 'ਚੜ੍ਹਾਈ' ਕਰ ਜਾਵਾਂ, ਇਸ ਲਈ ਧੀ ਦਾ ਵਿਆਹ ਛੇਤੀ ਕਰ ਦਿਆਂ। ਉਸਨੇ ਕੇਹਰ ਸਿੰਘ ਨਾਲ ਮੇਰੇ ਵਿਆਹ ਦੀ ਗੱਲ ਕੀਤੀ। ਕੇਹਰ ਸਿੰਘ ਦੇ ਮੁੰਡੇ ਛੋਟੇ ਸੀ। ਕੇਹਰ ਸਿੰਘ ਨੇ ਕਿਹਾ,"ਪਹਿਲਾਂ ਯਾਰੀ ਫਿਰ ਕੁੜਮ ਤੇਰੀ ਧੀ ਮੇਰੀ ਧੀ ਤੂੰ ਫ਼ਿਕਰ ਨਾ ਕਰ ਮੈਂ ਉਹਦਾ ਰਿਸ਼ਤਾ ਆਪਣੇ ਭਤੀਜੇ ਅਵਤਾਰ ਸਿਓਂ ਨਾਲ ਕਰੂੰਗਾ।" ਕੇਹਰ ਸਿੰਘ ਦੇ ਛੋਟੇ ਭਾਈ ਗੁਲਾਬ ਸਿੰਘ ਦਾ ਪੁੱਤਰ ਅਵਤਾਰ ਸਿੰਘ ਵੱਡਾ ਸੀ। ਇਸ ਤਰ੍ਹਾਂ ਬਾਪੂ ਨੇ ਮੇਰਾ ਨਿਆਣੀ ਹੁੰਦੀ ਦਾ ਹੀ ਰਿਸ਼ਤਾ ਕੇਹਰ ਸਿੰਘ ਦੇ ਭਤੀਜੇ ਅਵਤਾਰ ਸਿੰਘ ਨਾਲ ਕਰ ਦਿੱਤਾ ਸੀ ਤੇ ਬਾਅਦ 'ਚ ਸਾਡਾ ਵਿਆਹ ਹੋ ਗਿਆ। ਜ਼ਮਾਨਾ ਉਦੋਂ ਚੰਗਾ ਸੀ। ਹੁਣ ਤਾਂ ਭਰਾ, ਭਰਾ ਨੂੰ ਨਹੀਂ ਪਛਾਣਦਾ। ਦੁਸ਼ਮਣ ਸਮਝਦਾ ਹੈ।

ਉਧਰੋਂ ਬਾਪੂ ਹੋਰਾਂ ਨੇ ਸਾਹੀਵਾਲ ਡਾਕਾ ਮਾਰਿਆ। ਦੱਸਦੇ ਆ ਬਈ ਬਾਪੂ ਨੇ ਇਹ ਡਾਕਾ ਹਥਿਆਰ ਲੁੱਟਣ ਲਈ ਮਾਰਿਆ ਸੀ ਪੈਸਿਆਂ ਲਈ ਨਹੀਂ। ਸਾਰੇ ਇਲਾਕੇ 'ਚ ਜੱਗੇ ਡਾਕੂ ਦਾ ਦਹਿਸ਼ਤ ਪੈ ਗਈ ਤਾਂ ਮੇਰੇ ਬਾਪ ਜੱਗੇ ਨੇ ਮੇਰੇ ਸਹੁਰੇ ਗੁਲਾਬ ਸਿੰਘ ਨੂੰ ਸੱਦ ਕੇ ਪੁੱਛਿਆ,"ਸਰਦਾਰਾ ਮੈਂ ਤਾਂ ਡਾਕੂ ਹੋ ਗਿਆ ਹਾਂ, ਤੂੰ ਸਾਕ ਵਾਪਸ ਲੈਣਾ ਤਾਂ ਹੁਣ ਲੈ ਲਾ ਵੇਖੀਂ ਕਿਤੇ ਬਾਅਦ 'ਚ ਮੇਰਾ ਸਿਵਾ ਕਾਲਾ ਕਰ ਦੇਵੇਂ।" ਪਰ ਗੁਲਾਬ ਸਿੰਘ ਨੇ ਰਿਸ਼ਤਾ ਤੋੜਨ ਦੀ ਥਾਂ ਜੋੜ ਲਿਆ। ਉਸ ਵੇਲੇ ਮੈਂ ਛੇ ਕੁ ਸਾਲ ਦੀ ਸੀ। ਬਾਪੂ ਦੀ ਮੌਤ ਤੋਂ ਬਾਅਦ ਮੇਰੇ ਵਿਆਹ ਵੇਲੇ ਬਾਪੂ ਦੇ ਬੇਲੀ ਪਿੰਡ ਕੁੱਲ ਮੋਕਰ ਦੇ ਇੱਕ ਸਰਦਾਰ ਨੇ ਆਪਣੀ ਬਹੁਤ ਹੀ ਕੀਮਤੀ ਨਾਮਵਰ ਘੋੜੀ 'ਹੀਰੀ' ਦਾਜ ਵਿੱਚ ਦਿੱਤੀ ਸੀ। ਇਹ ਘੋੜੀ ਢੋਲ 'ਤੇ ਨਾਚ ਕਰਦੀ ਸੀ। ਉਨ੍ਹਾਂ ਵੇਲਿਆਂ 'ਚ ਲੋਕ ਵੜ੍ਹਾ ਬਹੁਤ ਨਿਭਾਉਂਦੇ ਸੀ।

ਆਹ ਫਿਲਮਾਂ ਵਾਲਿਆਂ ਨੇ ਮੈਨੂੰ ਬਹੁਤ ਰੁਆਇਆ। ਬਾਪੂ ਦੀ ਸ਼ਕਲ ਹੀ ਵਿਗਾੜ ਦਿੱਤੀ ਆ। ਆਪੇ ਹੀ ਕਹਾਣੀ ਬਣਾ ਲੈਂਦੇ ਨੇ। ਮੇਰੇ ਨਾਲ ਕਦੇ ਕਿਸੇ ਨੇ ਕੋਈ ਗੱਲ ਨਹੀਂ ਕੀਤੀ। ਉਨ੍ਹਾਂ ਨੇ ਮੇਰੇ ਬਾਪ ਨੂੰ ਹਮੇਸ਼ਾਂ ਵਿਗਾੜ ਕੇ ਵਿਖਾਇਆ ਹੈ। ਮੇਰਾ ਬਾਪ ਸਰਦਾਰ ਸੀ। ਮੱਥੇ 'ਤੇ ਇੱਕ ਪਾਸੇ ਚੰਦ ਸੀ। ਦੋ ਟੌਰਿਆਂ ਵਾਲੀ ਪੱਗ ਬੰਨ੍ਹਦਾ ਸੀ। ਮੁੱਛਾਂ ਦੂਹਰੀਆ ਕੁੰਢੀਆਂ ਕਰਕੇ ਰੱਖਦਾ ਸੀ ਪਰ ਫਿਲਮਾਂ ਵਾਲਿਆਂ ਨੇ ਉਸਨੂੰ ਮੋਨਾ ਤੇ ਲੁਟੇਰਾ ਵਿਖਾਇਆ। ਮੇਰਾ ਬਾਪ ਗਰੀਬਾਂ ਤੇ ਬੱਬਰਾਂ ਲਈ ਲੁੱਟਦਾ ਸੀ, ਉਨ੍ਹਾਂ ਦੀ ਇਮਦਾਦ ਕਰਦਾ ਸੀ। ਆਹ, ਗੁੱਗੂ ਗਿੱਲ ਤੇ ਯੋਗਰਾਜ ਨੇ ਜਿਹੜੀ ਫਿਲਮ ਬਣਾਈ ਆ ਜੱਗੇ 'ਤੇ ਉਸ 'ਚ ਮੇਰੇ ਬਾਪ ਦੀ ਸ਼ਕਲ ਸੂਰਤ ਵਿਗਾੜ ਕੇ ਰੱਖਤੀ। ਫਿਲਮ ਵੇਖ ਕੇ ਮੈਂ ਬਹੁਤ ਰੋਈ। ਬੜਾ ਦੁੱਖ ਹੋਇਆ। ਮੈਨੂੰ ਗਿਲਾ ਹੈ। ਪੱਗ ਨਹੀਂ ਵਿਖਾਈ। ਪੱਗ ਤੋਂ ਮੈਨੂੰ ਗੱਲ ਯਾਦ ਆਗੀ। ਬਾਪੂ ਜਦੋਂ ਦੋ ਸਾਲ ਦਾ ਸੀ ਤਾਂ ਪੱਗ-ਪੱਗ ਕਰਦਾ ਰਹਿੰਦਾ ਸੀ। ਕਹਿੰਦੇ ਮੈਂ ਪੱਗੀ ਬੰਨ੍ਹਣੀ ਆ। ਉਦੋਂ ਪੱਗ ਬੰਨ੍ਹਣੀ ਬੜੀ ਵੱਡੀ ਗੱਲ ਹੁੰਦੀ ਸੀ। ਸੌ ਸੁੱਖਾਂ ਵਾਰਾਂ ਨਾਲ ਸਿਆਣਿਆਂ ਤੋਂ ਸਲਾਹਾਂ ਲੈ ਕੇ ਪੱਗ ਬੰਨ੍ਹਾਈ ਜਾਂਦੀ ਸੀ। ਦਾਦੇ ਹੋਰਾਂ ਨੇ ਸੋਢੀ ਬਾਬੇ ਨੂੰ ਪੁੱਛਿਆ ਤਾਂ ਉਹ ਕਹਿੰਦਾ ਇਨ੍ਹੇ ਜਦੋਂ ਪੱਗ ਬੰਨ੍ਹ ਲਈ ਇਸਦਾ ਪਿਓ ਮਰਜੂਗਾ। ਫਿਰ ਕਈ ਵਰ੍ਹੇ ਬਾਅਦ ਰੱਖ ਕਰਵਾ ਕੇ ਪੱਗ ਬਨ੍ਹਾਈ। ਪੱਗ ਦਾ ਉਸਨੂੰ ਬਹੁਤ ਸ਼ੌਕ ਸੀ।

ਬਾਕੀ ਸਫ਼ਾ 31 'ਤੇ

## ਜਨਮ ਦਿਵਸ ’ਤੇ ਵਿਸ਼ੇਸ਼

# ਖ਼ਾਲਸਾ ਰਾਜ ਦੇ ਬਾਨੀ ਬਾਬਾ ਸਾਹਿਬ ਸਿੰਘ ਜੀ ਬੇਦੀ

**- ਸੁਰਿੰਦਰਪਾਲ ਸਿੰਘ ਗੋਲਡੀ**

ਖ਼ਾਲਸਾ ਰਾਜ ਦੀ ਸਥਾਪਨਾ ਕਰਨ ਤੇ ਮਹਾਰਾਜਾ ਰਣਜੀਤ ਸਿੰਘ ਨੂੰ ਰਾਜ ਤਿਲਕ ਦੇਣ ਵਾਲੇ ਅਤੇ ਗੁਰੂ ਨਾਨਕ ਦੀ 11ਵੀਂ ਅੰਸ਼ ਬਾਬਾ ਸਾਹਿਬ ਬੇਦੀ ਦਾ ਜਨਮ ਦਿਹਾੜਾ ਕਿਲਾ ਬਾਬਾ ਬੇਦੀ ਸਾਹਿਬ ਊਨਾ (ਹਿਮਾਚਲ ਪ੍ਰਦੇਸ਼) ਵਿੱਚ ਬਾਬਾ ਸਰਬਜੋਤ ਸਿੰਘ ਬੇਦੀ ਅਤੇ ਸਾਧ ਸੰਗਤ ਵੱਲੋਂ ਹਰ ਸਾਲ 26 ਤੋਂ 28 ਮਾਰਚ ਤੱਕ ਮਨਾਇਆ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਅਤੇ ਬਾਬਾ ਕਲਾਧਾਰੀ ਨੇ ਸ਼ਿਕਾਰ ਖੇਡਣ ਮੌਕੇ ਜੰਗਲ ਵਿੱਚ ਸੰਤੋਸ਼ਗੜ ਨੇੜੇ ਪਲਾਹ ਦੇ ਬੂਟੇ ਹੇਠਾਂ ਬੈਠ ਕੇ ਵਚਨ-ਬਿਲਾਸ ਕੀਤੇ ਸਨ। ਇਸ ਠਹਿਰ ਬਾਰੇ ਭਾਈ ਕਾਨ ਸਿੰਘ ਨਾਭਾ ਨੇ ਵੀ ਲਿਖਿਆ ਹੈ। ਇਹ ਸਥਾਨ ਹੁਣ ਗੁਰਦੁਆਰਾ ਗੁਰਪਲਾਹ (ਜ਼ਿਲਾ ਊਨਾ) ਦੇ ਨਾਮ ਨਾਲ ਮਸ਼ਹੂਰ ਹੈ।

ਬਾਬਾ ਸਾਹਿਬ ਸਿੰਘ ਬੇਦੀ ਦਾ ਜਨਮ ਗੁਰੂ ਨਾਨਕ ਦੇ ਖ਼ਾਨਦਾਨ ਵਿੱਚੋਂ ਬਾਬਾ ਕਲਾਧਾਰੀ ਦੇ ਪੁੱਤਰ ਬਾਬਾ ਅਜੀਤ ਸਿੰਘ ਅਤੇ ਮਾਤਾ ਸਰੂਪਾ ਦੇਵੀ ਦੇ ਘਰ ਮਾਰਚ 1756 ਨੂੰ ਡੇਰਾ ਬਾਬਾ ਨਾਨਕ (ਗੁਰਦਾਸਪੁਰ) ਵਿੱਚ ਹੋਇਆ ਸੀ। ਬਾਬਾ ਸਾਹਿਬ ਸਿੰਘ ਨੇ ਮੁੱਢਲੀ ਵਿੱਦਿਆ ਤੇ ਸਿੱਖਿਆ-ਦੀਖਿਆ ਘਰ ਵਿੱਚੋਂ ਹੀ ਪ੍ਰਾਪਤ ਕੀਤੀ। ਪਹਿਲਾਂ ਆਪ ਨੇ ਗੁਰਮੁਖੀ ਸਿੱਖੀ, ਗੁਰਬਾਣੀ ਪੜੀ ਅਤੇ ਫਿਰ ਜਨਮ ਸਾਖੀ ਗੁਰੂ ਨਾਨਕ ਤੇ ਹੋਰ ਸਿੱਖ ਇਤਿਹਾਸ ਸਬੰਧੀ ਪੁਸਤਕਾਂ ਦਾ ਅਧਿਐਨ ਕੀਤਾ। ਆਪ ਦਾ ਬਾਣੀ ਪੜਨਾ, ਕੀਰਤਨ ਸੁਣਨਾ, ਗੁਰਬਾਣੀ ਦੀ ਕਥਾ ਕਰਨੀ ਰੋਜ਼ਾਨਾ ਨੇਮ ਸੀ।

ਬਾਬਾ ਸਾਹਿਬ ਸਿੰਘ ਨੇ ਆਪਣੀ ਮਾਤਾ ਦੇ ਕਹਿਣ ’ਤੇ ਹੀ ਖ਼ੁਦ ਸ੍ਰੀ ਆਨੰਦਪੁਰ ਸਾਹਿਬ ਜਾ ਕੇ ਅੰਮ੍ਰਿਤਪਾਨ ਕੀਤਾ ਤੇ ਗੁਰੂ ਵਾਲੇ ਬਣੇ। ਬਾਬਾ ਸਾਹਿਬ ਸਿੰਘ ਦੇ ਪਿਤਾ ਬਾਬਾ ਅਜੀਤ ਸਿੰਘ ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਕਲਕੱਤਾ, ਬੰਗਾਲ, ਬਿਹਾਰ ਦੀ ਯਾਤਰਾ ਕਰਦੇ ਹੋਏ ਸੰਮਤ 1830, ਸੰਨ 1773 ਈ.ਵਿਚ ਸੁਰਗਵਾਸ ਹੋ ਗਏ। ਇਸ ਸਮੇਂ ਬਾਬਾ ਸਾਹਿਬ ਸਿੰਘ ਦੀ ਉਮਰ 17 ਸਾਲ ਦੇ ਲਗਪਗ ਸੀ। ਇਸ ਸਮੇਂ ਸਿੱਖਾਂ ਦੀਆਂ 12 ਮਿਸਲਾਂ ਦਾ ਬੋਲਬਾਲਾ ਸੀ ਤੇ ਬੇਦੀ ਖਾਨਦਾਨ, ਜਿਸ ਦੇ ਮੋਢੀ ਬਾਬਾ ਸਾਹਿਬ ਸਿੰਘ ਬੇਦੀ ਸਨ, ਪੂਰਨ ਗੁਰਸਿੱਖ ਹੋਣ ਕਰਕੇ 12 ਮਿਸਲਾਂ ਦੇ ਸਰਦਾਰਾਂ ਦੀ ਨਿਗਾ ਵਿਚ ਬੜਾ ਮਾਣ-ਸਤਿਕਾਰ ਰੱਖਦੇ ਸਨ। ਬਾਬਾ ਸਾਹਿਬ ਸਿੰਘ ਦੇ ਤਿੰਨ ਵਿਆਹ ਹੋਏ। ਪਹਿਲਾ ਭਾਈ ਸਹਾਈ ਰਾਮ ਖੱਤਰੀ ਦੀ ਲੜਕੀ ਨਾਲ, ਦੂਜਾ ਭਾਈ ਜੀਤ ਮੱਲ ਖੱਤਰੀ ਦੀ ਲੜਕੀ ਨਾਲ, ਤੀਜਾ ਸ. ਸਹਾਈ ਸਿੰਘ ਮੁਲਤਾਨ ਦੀ ਲੜਕੀ ਨਾਲ। ਤਿੰਨਾਂ ਸੁਪਤਨੀਆਂ ਤੋਂ ਬਾਬਾ ਸਾਹਿਬ ਸਿੰਘ ਦੇ ਗ੍ਰਹਿ ਤਿੰਨ ਪੁੱਤਰ ਬਾਬਾ ਬਿਸ਼ਨ ਸਿੰਘ,ਬਾਬਾ ਤੇਗਾ ਸਿੰਘ ਤੇ ਬਾਬਾ ਬਿਕਰਮ ਸਿੰਘ ਪੈਦਾ ਹੋਏ।



ਉਨਾਂ ਸਿੱਖ ਰਾਜ ਦੀ ਸਥਾਪਨਾ ਵਿੱਚ ਵੀ ਹਿੱਸਾ ਪਾਇਆ। ਬਾਬਾ ਜੀ ਨੇ ਖੇਰੂੰ ਖੇਰੂੰ ਹੋਈ ਅਤੇ 12 ਮਿਸਲਾਂ ਵਿੱਚ ਵੰਡੇ ਸਿੱਖਾਂ ਕੌਮ ਨੂੰ ਇਕੱਠਾ ਕਰ ਕੇ ਸ੍ਰੀ ਗੁਰੂ ਗਰੰਥ ਸਾਹਿਬ ਨਾਲ ਜੋੜਿਆ।

ਬਾਬਾ ਸਾਹਿਬ ਸਿੰਘ ਜੀ ਬੇਦੀ ਨੇ 13 ਅਪਰੈਲ 1801 ਨੂੰ ਮਹਾਰਾਜਾ ਰਣਜੀਤ ਸਿੰਘ ਨੂੰ ਰਾਜ ਤਿਲਕ ਲਗਾ ਕੇ ਸਿੱਖ ਧਰਮ ਦਾ ਮੁੱਖ ਸੇਵਾਦਾਰ ਬਣਾਇਆ ਅਤੇ ਕਿਹਾ ਕਿ ਅੱਜ ਤੋਂ ਸਰਦਾਰ ਰਣਜੀਤ ਸਿੰਘ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਨਾਮ ਨਾਲ ਬੁਲਾਇਆ ਜਾਵੇ। ਬਾਬਾ ਸਾਹਿਬ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਪੰਜ ਸਿੱਖਿਆਵਾਂ ਦਿੰਦਿਆਂ ਕਿਹਾ ਕਿ ਜੇਕਰ ਤੁਸੀਂ ਇਨਾਂ ’ਤੇ ਅਮਲ ਕਰੋਗੇ ਤਾਂ ਖ਼ਾਲਸਾ ਰਾਜ ਦਾ ਸੂਰਜ ਕਦੇ ਡੁੱਬੇਗਾ ਨਹੀਂ ਤੇ ਸਫਲਤਾ ਤੁਹਾਡੇ ਪੈਰ ਚੁੰਮੇਗੀ। 1. ਹਰ ਰੋਜ਼ ਸਵੇਰੇ ਉੱਠ ਕੇ ਨਿੱਤਨੇਮ ਕਰਨਾ, ਮੁਸੀਬਤ ਵੇਲੇ ਅਕਾਲ ਪੁਰਖ ਨੂੰ ਯਾਦ ਕਰਨਾ ਅਤੇ ਉਸ ਦਾ ਡਰ ਮੰਨਣਾ। 2. ਦਰਬਾਰ ਵਿਚ ਕਦੇ ਤਖ਼ਤ ’ਤੇ ਨਾ ਬੈਠਣਾ ਅਤੇ ਆਪਣੇ ਆਪ ਨੂੰ ਮਹਾਰਾਜ ਨਾ ਅਖਵਾ ਕੇ ਪੰਥ ਦਾ ਦਾਸ ਬਣੇ ਰਹਿਣਾ। 3. ਆਪਣੀ ਜਨਤਾ ਨੂੰ ਇਕ ਸਮਾਨ (ਬਰਾਬਰ) ਸਮਝਣਾ। 4. ਨਸ਼ਿਆਂ ਦਾ ਸੇਵਨ ਤੇ ਪਰਾਈ ਇਸਤਰੀ ਦਾ ਸੰਗ ਨਾ ਕਰਨਾ। 5. ਮੌਕਾਪ੍ਰਸਤ ਲੋਕਾਂ ਤੋਂ ਕਿਨਾਰਾ ਕਰਨਾ।

ਮਹਾਰਾਜਾ ਰਣਜੀਤ ਸਿੰਘ ਨੂੰ ਖੰਡੇ ਦੀ ਪਾਹੁਲ ਬਾਬਾ ਸਾਹਿਬ ਸਿੰਘ ਦੀ ਜਥੇਦਾਰੀ ਹੇਠ ਪੰਜ ਪਿਆਰਿਆਂ ਨੂੰ ਬਖ਼ਸ਼ੀ ਸੀ। ਬਾਬਾ ਸਾਹਿਬ ਸਿੰਘ ਦੇ ਅਸਥਾਨ ’ਤੇ ਲੰਗਰ ਹਰ ਵੇਲੇ ਵਰਤਦਾ ਰਹਿੰਦਾ ਤੇ ਕਥਾ-ਕੀਰਤਨ ਦਾ ਅਖੰਡ ਪ੍ਰਵਾਹ ਹੁੰਦਾ।

ਉਨਾਂ ਮਹਾਰਾਜਾ ਰਣਜੀਤ ਸਿੰਘ ਨਾਲ ਅਕਾਲੀ ਫੂਲਾ ਸਿੰਘ ਤੇ ਸਰਦਾਰ ਅਮੀਰ ਸਿੰਘ ਸੰਧੇਵਾਲੀਆਂ ਨਾਲ ਸਮਝੌਤਾ ਕਰਵਾਇਆ ਸੀ। ਉਨਾਂ ਨੇ ਮਹਾਰਾਜਾ ਰਣਜੀਤ ਸਿੰਘ ਦੀ ਲੜਾਈਆਂ ਵਿੱਚ ਕਾਫ਼ੀ ਸਹਾਇਤਾ ਕੀਤੀ। ਮਹਾਰਾਜਾ ਰਣਜੀਤ ਸਿੰਘ ਨੇ ਬਾਬਾ ਸਾਹਿਬ ਸਿੰਘ ਬੇਦੀ ਨੂੰ ਹਾਥੀ, ਅਰਬੀ ਘੋੜੇ, ਅਸਤਰ-ਸ਼ਸਤਰ ਅਤੇ ਕਾਫ਼ੀ ਜਾਗੀਰ ਭੇਂਟ ਕੀਤੀ।

ਬਾਬਾ ਸਾਹਿਬ ਸਿੰਘ ਬੇਦੀ ਦੇ ਤਿੰਨ ਪੁੱਤਰਾਂ ਵਿੱਚੋਂ ਵਿਚਕਾਰਲੇ ਬਾਬਾ ਤੇਗ ਸਿੰਘ ਦਾ 1833 ਵਿੱਚ ਉਨਾਂ ਦੇ ਜੀਵਨ ਕਾਲ ਵਿੱਚ ਹੀ ਦੇਹਾਂਤ ਹੋ ਗਿਆ। ਵੱਡੇ ਪੁੱਤਰ ਬਿਸ਼ਨ ਸਿੰਘ ਦਾ ਦੇਹਾਂਤ 1839 ਵਿੱਚ ਹੋਇਆ। ਬਾਬਾ ਬਿਕਰਮਾ ਸਿੰਘ ਬੇਦੀ ਸਿੱਖ ਧਰਮ ਦਾ ਪਹਿਰੇਦਾਰ ਬਣ ਕੇ ਮਹਾਰਾਜਾ ਰਣਜੀਤ ਸਿੰਘ ਦਾ ਸਾਥ ਦਿੰਦੇ ਰਹੇ। ਬਾਅਦ ਵਿਚ ਉਨਾਂ ਨੂੰ ਅੰਗਰੇਜ਼ੀ ਹਕੂਮਤ ਨੇ ਨਜ਼ਰਬੰਦ ਕਰ ਦਿੱਤਾ ਅਤੇ ਉਨਾਂ ਦਾ ਦਿਹਾਂਤ 1863 ਵਿੱਚ ਹੋਇਆ।

ਬਾਬਾ ਸਾਹਿਬ ਸਿੰਘ ਬੇਦੀ ਨੇ ਆਪਣਾ ਸਾਰਾ ਜੀਵਨ ਖਾਲਸਾ ਰਾਜ ਦੀ ਉੱਨਤੀ ਅਤੇ ਸੇਵਾ ਵਿੱਚ ਬਤੀਤ ਕਰ ਦਿੱਤਾ ਅਤੇ ਸੰਨ 1834 ਵਿੱਚ ਉਹ ਇਸ ਜਹਾਨ ਤੋਂ ਕੂਚ ਕਰ ਗਏ। ਉਨਾਂ ਦੀ ਬਰਸੀ ਉਨਾਂ ਦੇ ਸਥਾਨ ਪਿੰਡ ਮਨਸੂਰਾ ਜ਼ਿਲਾ ਲੁਧਿਆਣਾ ਵਿੱਚ ਜੂਨ ਮਹੀਨੇ ਦਸਵੀਂ ਵਾਲੇ ਦਿਨ ਮਨਾਈ ਜਾਂਦੀ ਹੈ। ਉਨਾਂ ਦਾ ਜਨਮ ਦਿਹਾੜਾ ਉਨਾਂ ਦੇ ਦਾਦਾ ਬਾਬਾ ਕਲਾਧਾਰੀ ਦੇ ਸਥਾਨ ਊਨਾ ਵਿੱਚ 13-15 ਚੇਤਰ (26- 28 ਮਾਰਚ) ਨੂੰ ਮਨਾਇਆ ਜਾਂਦਾ ਹੈ। 27 ਮਾਰਚ ਨੂੰ ਨਗਰ ਕੀਰਤਨ ਸਜਾਇਆ ਜਾਂਦਾ ਹੈ। 28 ਮਾਰਚ ਨੂੰ ਰੈਣ ਸਬਾਈ ਕੀਰਤਨ ਦਰਬਾਰ ਅਤੇ ਗੁਰਮਤਿ ਸਮਾਗਮ ਹੁੰਦਾ ਹੈ।

# ਵੱਡੇ ਜਰਨੈਲਾਂ ਦੇ ਵੱਡੇ ਜਿ.ਗਰੇ



**- ਪ੍ਰਮਿੰਦਰ ਸਿੰਘ ਪ੍ਰਵਾਨਾ**
510-415-9377

ਸਿੱਖ ਧਰਮ ਦੀ ਮੌਲਿਕ ਗੁਰਮਤਿ ਵਿਚਾਰਧਾਰਾ ਨੇ ਸਮਾਜ ਵਿਚ ਇਨਕਲਾਬ ਲੈ ਆਂਦਾ। ਸਮਾਜ ਨੂੰ ਨਾਮ ਜਪਣ, ਕ੍ਰਿਤ ਕਰਨ ਅਤੇ ਵੰਡ ਕੇ ਛਕਣ ਦੇ ਸਿਧਾਂਤ ਨਾਲ ਜੋੜਿਆ। ਚੜਦੀ ਕਲਾ ਅਤੇ ਸਵੈਮਾਣ ਨਾਲ ਜਿਊਣ ਦੀ ਜਾਚ ਸਿਖਾਈ। ਮੀਰੀ ਪੀਰੀ ਦੇ ਸਿਧਾਂਤ ਨਾਲ ਜੋੜਿਆ। ਧਾਰਮਿਕ ਅਤੇ ਰਾਜਨੀਤਕ ਸੋਝੀ ਦੀ ਪ੍ਰੇਰਨਾ ਦਿੱਤੀ। ਅੰਮ੍ਰਿਤ ਦੀ ਦਾਤ ਨਾਲ ਫੌਜੀ ਖਾਲਸਾ ਤਿਆਰ ਹੋਇਆ। ਜਿਸ ਨੇ ਲਾਸਾਨੀ ਸ਼ਹੀਦੀਆਂ ਦਿੱਤੀਆਂ। ਉਨਾਂ ਅੰਦਰ ਨਿਸਚੈ ਕਰ ਅਪਨੀ ਜੀਤ ਕਰੂੰ ਦਾ ਜੋਸ਼ ਠਾਠਾਂ ਮਾਰਨ ਲੱਗਾ। ਹਰ ਮੈਦਾਨੇ-ਏ ਜੰਗ ਵਿਚ ਖ਼ਾਲਸਾ ਜਿਸ ਜਾਹੋ ਜਲਾਲ ਨਾਲ ਲੜਿਆ ਉਸ ਦੀ ਮਿਸਾਲ ਕਿਧਰੇ ਨਹੀਂ ਮਿਲਦੀ। ਮੁਗਲ ਹਾਕਮਾਂ ਨੇ ਜਬਰੀ ਧਰਮ ਪਰਿਵਰਤਨ ਦੇ ਖ਼ੂਨੀ ਇਰਾਦੇ ਨਾਲ ਸਿੱਖਾਂ ਤੇ ਬੜੇ ਜ਼ੁਲਮ ਢਾਹੇ। ਅੱਗੋਂ ਖ਼ਾਲਸੇ ਨੇ ਵੀ ਅਜਿਹੀ ਸ਼ਿੱਦਤ ਨਾਲ ਅਣਮਨੁੱਖੀ ਅਤਿਆਚਾਰ ਆਪਣੇ ਪਿੰਡੇ ਤੇ ਹੰਢਾ ਕੇ ਧਰਮ ਯੁੱਧ ਵਿਚ ਪੱਕੇ ਰਹਿ ਕੇ ਜ਼ੁਲਮ ਦੇ ਥੰਮ ਹਿਲਾ ਦਿੱਤੇ। ਨੌਜਵਾਨ, ਬੱਚਾ, ਬਜ਼ੁਰਗ ਅਤੇ ਔਰਤ ਨੇ ਖਿੜੇ ਮੱਥੇ ਕੁਰਬਾਨੀਆਂ ਦਿੱਤੀਆਂ। ਗਾਉਂਦੇ ਰਹੇ ‘ਸਿਰ ਜਾਏ ਤਾਂ ਜਾਏ, ਮੇਰਾ ਸਿੱਖੀ ਸਿਦਕ ਨਾ ਜਾਏ’। ਬੇਜੋੜ ਜੰਗਾਂ ਅਤੇ ਘੱਲੂਘਾਰਿਆਂ ਵਿਚ ਦੁਸ਼ਮਣ ਦਾ ਡਟ ਕੇ ਮੁਕਾਬਲਾ ਕੀਤਾ।

ਅਜਿਹੇ ਸਮੇਂ ਵਿਚ ਹੀ ਅਫ਼ਗਾਨੀ ਹਮਲਾਵਰਾਂ ਦਾ ਸਿੱਖਾਂ ਨੂੰ ਖਤਮ ਕਰਨ ਦਾ ਖ਼ੂਨੀ ਇਰਾਦਾ ਸੀ। ਜਿਸ ਵਿਚ ਖ਼ਾਲਸੇ ਦਾ ਕਤਲੇਆਮ ਦੋ ਦਹਾਕੇ ਚਲਦਾ ਰਿਹਾ। ਇਸ ਹੇਠ 1746 ਈ. ਦਾ ਕਾਹਨੂੰਵਾਨ ਛੰਬ ਦਾ ਛੋਟਾ ਘੱਲੂਘਾਰਾ, ਫਿਰ 1762 ਈ. ਦਾ ਵੱਡਾ ਘੱਲੂਘਾਰਾ ਜਿਸ ਵਿਚ ਵੱਡੀ ਪੱਧਰ ’ਤੇ ਸਿੱਖਾਂ ਦਾ ਕਤਲੇਆਮ ਹੋਇਆ। ਜੋ ਕੁਪਰਹੀੜੇ ਤੋਂ ਸ਼ੁਰੂ ਹੋ ਕੇ ਧਲੇਰ ਝਨੇਰ ਵਿਚੋਂ ਹੁੰਦਾ ਹੋਇਆ ਪਿੰਡ ਕੁਤਬ ਬਾਹਮਣੀਆਂ ਕੋਲ ਜਾ ਕੇ ਖਤਮ ਹੋਇਆ। ਨੌਜਵਾਨ ਅਹਿਮਦ ਸ਼ਾਹ ਅਬਦਾਲੀ ਆਪਣੇ ਰਾਜ ਨੂੰ ਵਧਾਉਣ ਦੇ ਆਹਰ ਵਿਚ ਸੀ। ਇਸ ਲਈ ਡੇਢ ਸਾਲ ਉਸ ਨੇ ਮਰਹੱਟਿਆਂ ਵਿਰੁਧ ਮੁਹਿੰਮ ਚਲਾਈ ਰੱਖੀ। ਇਸ ਸਮੇਂ ਖ਼ਾਲਸੇ ਕੋਲ ਮੁਗਲਾਂ ਨੂੰ ਦਬਾ ਕੇ ਰੱਖਣ ਦਾ ਸੁਨਹਿਰੀ ਮੌਕਾ ਸੀ। ਅਬਦਾਲੀ ਨੇ ਪਾਣੀਪਤ ਦੇ ਮੈਦਾਨ ਵਿਚ ਮਰਹੱਟਿਆਂ ਤੇ ਵੱਡੀ ਜਿੱਤ ਪ੍ਰਾਪਤ ਕਰ ਲਈ ਸੀ। ਜਦੋਂ ਪੰਜਾਬ ਪਰਤਿਆ ਤਾਂ ਉਸ ਨੂੰ ਪਤਾ ਲੱਗਾ ਕਿ ਸਿੰਘਾਂ ਨੇ ਬੜੀ ਖਲਬਲੀ ਮਚਾਈ ਰੱਖੀ ਹੈ। ਉਸ ਨੇ ਸੋਚਿਆ ਕਿ ਲੰਬੀਆਂ ਜੰਗਾਂ ਤੋਂ ਪਰਤਿਆ ਹਾਂ। ਜਿਵੇਂ ਮਰਹੱਟਿਆਂ ਨੂੰ ਭਜਾਇਆ ਸੀ, ਸਿੰਘਾਂ ਨੂੰ ਵੀ ਸਿਝ ਲਵਾਂਗੇ। ਅਜੇ ਅਰਾਮ ਦੀ ਜ਼ਰੂਰਤ ਹੈ।



ਮੁਗਲ ਬਾਦਸ਼ਾਹ ਅਹਿਮਦ ਸ਼ਾਹ ਅਬਦਾਲੀ ਇਕ ਲੱਖ ਦੀ ਫੌਜ ਲੈ ਕੇ 1762 ਈ. ਵਿਚ ਪੰਜਾਬ ਵਿਚ ਦਾਖ਼ਲ ਹੋਇਆ। ਸਿੰਘਾਂ ਨੇ ਮਲੇਰਕੋਟਲਾ ਕੋਲ ਕੁਪ ਰਹੀੜੇ ਦੇ ਮੈਦਾਨ ਵਿਚ ਡੇਰੇ ਲਾਏ ਹੋਏ ਸਨ। ਸਿੰਘਾਂ ਦੇ ਨਾਲ ਬੱਚੇ, ਬਜ਼ੁਰਗ, ਔਰਤਾਂ ਦਾ ਕਾਫ਼ਲਾ ਸੀ। ਅਬਦਾਲੀ ਨੇ ਅਚਾਨਕ ਸਿੱਖਾਂ ਤੇ ਹਮਲਾ ਬੋਲ ਦਿੱਤਾ। ਸਿੰਘਾਂ ਨੇ ਕਾਫ਼ਲੇ ਨੂੰ ਮਾਲਵੇ ਵੱਲ ਸੁਰੱਖਿਅਤ ਭੇਜ ਦਿੱਤਾ। ਸਿੰਘ ਲੜਦੇ ਹੋਏ ਕਾਫ਼ਲੇ ਦੇ ਪਿੱਛੇ ਜਾ ਰਹੇ ਸਨ। ਇਕ ਪਾਸੇ ਤੋਂ ਜੈਨ ਖਾਸ, ਸੂਬਾ ਸਰਹਿੰਦ, ਦੂਜੇ ਪਾਸੇ ਭੀਖਣ ਖਾਨ ਨਵਾਬ ਮਲੇਰਕੋਟਲਾ ਅਤੇ ਲਛਮੀ ਸਹਾਏ ਦੀਵਾਨ ਰਾਏਕੋਟ ਆਪਣੀਆਂ ਫੌਜਾਂ ਲੈ ਕੇ ਪਹੁੰਚ ਚੁੱਕੇ ਸਨ। ਸਿੰਘ ਚਾਰੇ ਪਾਸੇ ਤੋਂ ਘਿਰੇ ਵੇਖ ਕੇ ਸਿਰਧੜ ਦੀ ਬਾਜ਼ੀ ਲਗਾ ਕੇ ਜੂਝਣ ਲੱਗੇ।

ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਬਘੇਲ ਸਿੰਘ, ਸ਼ੁਕਰਚੱਕੀਏ, ਡੱਲੇਵਾਲੀਆ ਅਤੇ ਨਿਸ਼ਾਨ ਸਿੰਘ ਵਾਵੀਆਂ ਦੀਆਂ ਫੌਜਾਂ ਜੰਗ ਵਿਚ ਜੂਝ ਰਹੀਆਂ ਸਨ। ਗਹਿਗੱਚ ਜੰਗ ਵਿਚ ਉਲਝੇ ਸਿੰਘਾਂ ਨੂੰ ਤਾੜ ਕੇ ਅਬਦਾਲੀ ਦੀ ਫੌਜ ਨੇ ਧੋਖੇ ਨਾਲ ਅੱਗੇ ਜਾ ਕੇ ਕਾਫ਼ਲੇ ਤੇ ਹਮਲਾ ਕਰ ਦਿੱਤਾ। ਉਸ ਨੇ ਵੱਡੀ ਗਿਣਤੀ ਵਿਚ ਕਤਲੇਆਮ ਸ਼ੁਰੂ ਕਰ ਦਿੱਤਾ। ਉਪਰੋਂ ਸਿੰਘ ਵੀ ਕਾਫ਼ਲੇ ਦੀ ਰਾਖੀ ਲਈ ਪਹੁੰਚ ਗਏ। ਸਿੰਘ ਕਾਫ਼ਲੇ ਦੇ ਦੁਆਲੇ ਸੁਰੱਖਿਆ ਚੱਕਰ ਨੁਮਾ ਫੌਜੀ ਕਿਲਾ ਬਣਾ ਕੇ ਜੂਝ ਰਹੇ ਸਨ। ਸ਼ਾਮ ਤੱਕ ਬਹੁਤ ਸਾਰੇ ਸਿੰਘ ਸ਼ਹੀਦ ਹੋ ਚੁੱਕੇ ਸਨ। ਇਸ ਆਹਮੋ ਸਾਹਮਣੇ ਦੀ ਜੰਗ ਵਿਚ ਸਿੰਘਾਂ ਦਾ ਬਹੁਤ ਨੁਕਸਾਨ ਹੋਇਆ ਜੋ ਹੋਰ ਕਿਸੇ ਜੰਗ ਵਿਚ ਨਹੀਂ ਹੋਇਆ। ਮੀਲਾਂ ਤੱਕ ਲਾਸ਼ਾਂ ਦੇ ਢੇਰ ਲੱਗ ਗਏ। ਸਿੰਘ ਫਿਰ ਵੀ ਰੱਬ ਦੇ ਭਾਣੇ ਵਿਚ ਨਿਸਚੈ ਅਤੇ ਚੜਦੀ ਕਲਾ ਵਿਚ ਸਨ। ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਸਰੀਰ ਤੇ ਵੀ ਅਨੇਕਾਂ ਜ਼ਖਮ ਸਨ।

ਸਿੰਘਾਂ ਨੇ ਜਾਣ ਲਿਆ ਸੀ ਕਿ ਹੁਣ ਦੁਸ਼ਮਣ ਦੀ ਮਾਰ ਤੋਂ ਬਚਣਾ ਮੁਸ਼ਕਲ ਹੈ। ਇਸ ਲਈ ਜੂਝ ਕੇ ਸ਼ਹੀਦ ਹੋਣਾ ਹੀ ਬੇਹਤਰ ਹੈ। ਸਿੰਘਾਂ ਨੇ ਆਪਣਾ ਪੂਰਾ ਵਾਹ ਤਾਣ ਲਾ ਕੇ ਤਕੜਾ ਹਮਲਾ ਕੀਤਾ। ਇਹ ਇਕ ਬੇਮਿਸਾਲ ਦਲੇਰੀ ਦੀ ਜੰਗ ਸੀ। ਅਬਦਾਲੀ ਦੀ ਫੌਜ ਦਾ ਵੀ ਪੂਰਾ ਜ਼ੋਰ ਲੱਗ ਚੁੱਕਾ ਸੀ। ਸਿੰਘਾਂ ਨੇ ਅਬਦਾਲੀ ਦੀ ਵੱਡੀ ਫੌਜ ਨੂੰ ਮਾਰ ਮੁਕਾਇਆ। ਇਸ ਘਮਸਾਨ ਦੇ ਜੰਗ ਵਿਚ ਅਬਦਾਲੀ ਦੇ ਪੈਰ ਥਿੜਕ ਗਏ। ਸੀਸ ਤੀਲ ਤੇ ਧਰ ਕੇ ਲੜਨ ਵਾਲਿਆਂ ਸਿੰਘਾਂ ਨੇ ਅਬਦਾਲੀ ਦੇ ਵੱਡੇ ਵੱਡੇ ਜਰਨੈਲਾਂ ਨੂੰ ਮਾਰ ਮੁਕਾਇਆ। ਅਬਦਾਲੀ ਦੇ ਫੌਜੀ ਸਿੰਘਾਂ ਦੀ ਦਲੇਰੀ ਵੇਖ ਕੇ ਝਾੜੀਆਂ ਵਿਚ ਲੁਕ ਲੁਕ ਕੇ ਜਾਨ ਬਚਾਉਣ ਲੱਗੇ। ਉਹ ਸੋਚਦੇ ਕਿ ਇਹ ਮਨੁੱਖ ਹਾਂ ਜਾਂ ਫੌਲਾਦ।

ਸਿੰਘ ਲੜਦੇ ਲੜਦੇ ਕੁਤਬ ਬਾਹਮਣੀਆਂ ਪਹੁੰਚ ਗਏ। ਅਬਦਾਲੀ ਦੀਆਂ ਫੌਜਾਂ ਨੇ ਭੱਜਣਾ ਸ਼ੁਰੂ ਕਰ ਦਿੱਤਾ। ਤੁਰਕ ਮਲੇਰਕੋਟਲਾ ਮੁੜ ਗਏ। ਖਿੰਡੇ ਪੁੰਡੇ ਸਿੰਘ ਵੀ ਇਕੱਠੇ ਹੋ ਕੇ ਬਰਨਾਲਾ ਚਲੇ ਗਏ। ਇਹ ਜੰਗ ਸਿੰਘਾਂ ਦੀ ਦਲੇਰੀ ਦੀ ਹੈਰਾਨਕੁੰਨ ਮਿਸਾਲ ਹੈ। ਜੋ ਸਿੰਘਾਂ ਨੇ ਚੜਦੀ ਕਲਾ ਵਿਚ ਰਹਿ ਕੇ ਜੰਗ ਦੇ ਮੈਦਾਨ ਵਿਚ ਜੂਝ ਕੇ ਸ਼ਹੀਦ ਹੋਣ ਦਾ ਨਿਸਚੈ ਰੱਖਿਆ। ਇਸ ‘ਵੱਡੇ ਘੱਲੂਘਾਰੇ’ ਦੀ ਜੰਗ ਵਿਚ 30,000 ਸ਼ਹੀਦ ਹੋਏ। ਫਿਰ ਵੀ ਤੁਰਕਾਂ ਨੇ ਜਾਣ ਲਿਆ ਕਿ ਸਿੰਘਾਂ ਨਾਲ ਟੱਕਰ ਲੈਣੀ ਅਸਾਨ ਨਹੀਂ ਹੈ। ਅਗਲੇ ਸਾਲ 1763 ਈ. ਵਿਚ ਸਿੰਘਾਂ ਨੇ ਸਰਹਿੰਦ ਫਤਹਿ ਕਰ ਲਈ। ਸਿੰਘਾਂ ਨੇ ਅਬਦਾਲੀ ਨੂੰ ਅੰਮ੍ਰਿਤਸਰ ਤੋਂ ਵੀ ਭਜਾ ਦਿੱਤਾ। ਇਸ ਤਰਾਂ ਇਹ ਘੱਲੂਘਾਰੇ ਸਿੱਖ ਪੰਥ ਦੀ ਚੜਦੀ ਕਲਾ ਦੇ ਪ੍ਰਤੀਕ ਹਨ ਜਿਨਾਂ ਨੇ ਅੱਗੇ ਜਾ ਕੇ ਆਜ਼ਾਦ ਸਿੱਖ ਰਾਜ ਦੀਆਂ ਨੀਹਾਂ ਪੱਕੀਆਂ ਕੀਤੀਆਂ।

## ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼

# ਗ਼ਦਰ ਲਹਿਰ ਦੇ ਸ਼ਹੀਦ ਡਾਕਟਰ ਮਥਰਾ ਸਿੰਘ

**- ਦਲਜੀਤ ਰਾਏ ਕਾਲੀਆ**

ਭਾਰਤ ਦੇ ਆਜ਼ਾਦੀ ਅੰਦੋਲਨ ਵਿਚ ਗ਼ਦਰ ਲਹਿਰ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਡਾਕਟਰ ਮਥਰਾ ਸਿੰਘ ਗ਼ਦਰ ਲਹਿਰ ਦੇ ਪ੍ਰਮੁੱਖ ਸ਼ਹੀਦ ਹੋਏ ਹਨ। ਉਨ੍ਹਾਂ ਦਾ ਜਨਮ ਪਾਕਿਸਤਾਨ ਦੇ ਜੇਹਲਮ ਜ਼ਿਲ੍ਹੇ ਦੇ ਪਿੰਡ ਢੁੱਡਿਆਲ ਵਿਖੇ ਸ੍ਰੀ ਹਰੀ ਸਿੰਘ ਦੇ ਘਰ ਹੋਇਆ। ਬਚਪਨ ਵਿਚ ਹੀ ਉਨ੍ਹਾਂ ਦੇ ਸਿਰ ਤੋਂ ਪਿਤਾ ਦਾ ਸਾਇਆ ਉੱਠ ਗਿਆ। ਉਨ੍ਹਾਂ ਮੁੱਢਲੀ ਵਿੱਦਿਆ ਪਿੰਡ ਦੇ ਸਕੂਲ ਵਿੱਚੋਂ ਹੀ ਪ੍ਰਾਪਤ ਕੀਤੀ। ਉਨ੍ਹਾਂ ਖ਼ਾਲਸਾ ਹਾਈ ਸਕੂਲ ਚੱਕਵਾਲ ਤੋਂ ਮੈਟ੍ਰਿਕ ਦਾ ਇਮਤਿਹਾਨ ਪਾਸ ਕੀਤਾ। ਇਸ ਤੋਂ ਬਾਅਦ ਉਹ ਰਾਵਲਪਿੰਡੀ ਵਿਚ ਇਕ ਦਵਾਈਆਂ ਦੀ ਦੁਕਾਨ 'ਤੇ ਮੁਲਾਜ਼ਮ ਲੱਗ ਗਏ। ਬਾਅਦ ਵਿਚ ਉਹ ਨੌਸ਼ਹਿਰੇ ਵਿਖੇ ਇਕ ਦਵਾਈਆਂ ਦੀ ਦੁਕਾਨ ਦੇ ਭਾਈਵਾਲ ਬਣ ਗਏ। ਦਵਾਈਆਂ ਦਾ ਕਾਰੋਬਾਰ ਕਰਦੇ ਹੋਣ ਕਰਕੇ ਉਹ ਇਲਾਕੇ ਵਿਚ ਡਾਕਟਰ ਮਥਰਾ ਸਿੰਘ ਵਜੋਂ ਪ੍ਰਸਿੱਧ ਹੋਏ। 1908 ਵਿਚ ਉਨ੍ਹਾਂ ਦਾ ਵਿਆਹ ਹੋ ਗਿਆ। 1913 ਵਿਚ ਉਨ੍ਹਾਂ ਦੀ ਇਕਲੌਤੀ ਬੱਚੀ ਅਤੇ ਪਤਨੀ ਦੀ ਮੌਤ ਹੋ ਗਈ। 1913 ਵਿਚ ਮਥਰਾ ਸਿੰਘ ਸ਼ੰਘਾਈ ਪਹੁੰਚ ਗਏ ਅਤੇ ਉੱਥੇ ਦਵਾਈਆਂ ਦੀ ਦੁਕਾਨ ਖੋਲ੍ਹ ਲਈ। ਜੁਲਾਈ 1913 ਵਿਚ ਡਾਕਟਰ ਮਥਰਾ ਸਿੰਘ ਅਮਰੀਕਾ ਚਲੇ ਗਏ ਜਿੱਥੇ ਉਹ ਗ਼ਦਰ ਪਾਰਟੀ ਦੇ ਨੇਤਾਵਾਂ ਦੇ ਸੰਪਰਕ ਵਿਚ ਆ ਕੇ ਪਾਰਟੀ ਦਾ ਸਰਗਰਮ ਵਰਕਰ ਬਣ ਗਿਆ। 1913 ਦੇ ਅਖ਼ੀਰ ਵਿਚ ਉਹ ਅਮਰੀਕਾ ਤੋਂ ਸ਼ੰਘਾਈ ਪਰਤ ਆਇਆ ਅਤੇ ਗ਼ਦਰ ਪਾਰਟੀ ਦੇ ਪ੍ਰਚਾਰ ਲਈ ਗ਼ਦਰ ਅਖ਼ਬਾਰ ਵੰਡਣ ਲੱਗ ਪਿਆ।

24 ਮਾਰਚ 1914 ਨੂੰ ਬਾਬਾ ਗੁਰਦਿੱਤ ਸਿੰਘ ਨੇ ਕਾਮਾਗਾਟਾਮਾਰੂ ਜਹਾਜ਼ ਕਿਰਾਏ 'ਤੇ ਲੈ ਕੇ ਸਿੱਧੇ ਕੈਨੇਡਾ ਪਹੁੰਚਣ ਦੀ ਯੋਜਨਾ ਬਣਾਈ। ਇਸ ਜਹਾਜ਼ ਨੇ 18 ਮਾਰਚ ਨੂੰ ਹਾਂਗਕਾਂਗ ਤੋਂ ਰਵਾਨਾ ਹੋਣਾ ਸੀ। ਪਰ ਸਰਕਾਰ ਨੇ ਰੁਕਾਵਟਾਂ ਪਾਉਣ ਕਰਕੇ ਜਹਾਜ਼ 4 ਅਪਰੈਲ 1914 ਨੂੰ ਹਾਂਗਕਾਂਗ ਤੋਂ ਰਵਾਨਾ ਹੋਇਆ। ਡਾਕਟਰ ਮਥਰਾ ਸਿੰਘ ਅਤੇ ਉਸ ਦੇ ਭਰਾ ਲਾਭ ਸਿੰਘ ਨੇ ਇਸ ਜਹਾਜ਼ ਰਾਹੀਂ ਕੈਨੇਡਾ ਪਹੁੰਚਣ ਦੀ ਯੋਜਨਾ ਬਣਾਈ, ਪਰ ਜਦ ਉਹ ਹਾਂਗਕਾਂਗ ਪਹੁੰਚੇ ਤਾਂ ਕਾਮਾਗਾਟਾਮਾਰੂ ਜਹਾਜ਼ ਉੱਥੋਂ ਕੈਨੇਡਾ ਲਈ ਰਵਾਨਾ ਹੋ ਚੁੱਕਿਆ ਸੀ। ਡਾਕਟਰ ਮਥਰਾ ਸਿੰਘ ਨੇ ਵਾਪਸ ਸ਼ੰਘਾਈ ਜਾਣ ਦੀ ਥਾਂ 'ਤੇ ਹਾਂਗਕਾਂਗ ਹੀ ਠਹਿਰਣ ਦਾ ਮਨ ਬਣਾ ਲਿਆ। 23 ਮਈ 1914 ਨੂੰ ਕਾਮਾਗਾਟਾਮਾਰੂ ਵੈਨਕੂਵਰ ਪਹੁੰਚਿਆ, ਕੈਨੇਡਾ ਸਰਕਾਰ ਨੇ ਇਸ ਜਹਾਜ਼ ਨੂੰ ਕਿਨਾਰੇ ਨਾ ਲੱਗਣ ਦਿੱਤਾ। ਦੋ ਮਹੀਨੇ ਦੇ ਕਰੀਬ ਇਸ ਜਹਾਜ਼ ਦੇ ਯਾਤਰੂ ਕੈਨੇਡਾ ਵਿਚ ਹੀ ਖੱਜਲ-ਖੁਆਰ ਹੁੰਦੇ ਰਹੇ। ਦੇਸ਼-ਵਿਦੇਸ਼ ਵਿਚ ਕੈਨੇਡਾ ਸਰਕਾਰ ਦੀ ਹਿੰਦੀ ਮੁਸਾਫਰਾਂ ਨਾਲ ਕੀਤੇ ਗਏ ਭੈੜੇ ਵਤੀਰੇ ਦੀ ਖ਼ਬਰ ਜੰਗਲ ਦੀ ਅੱਗ ਵਾਂਗ ਫੈਲ ਗਈ ਅਤੇ ਭਾਰਤੀਆ ਦੇ ਮਨਾਂ ਵਿਚ ਦੇਸ਼ ਆਜ਼ਾਦ ਕਰਾਉਣ ਦੀ ਇੱਛਾ ਹੋਰ ਵੀ ਪ੍ਰਬਲ ਹੋ ਗਈ। ਡਾਕਟਰ ਮਥਰਾ ਸਿੰਘ ਨੂੰ ਇਸ ਜ਼ੁਲਮੀ ਵਤੀਰੇ ਦੀ ਜਾਣਕਾਰੀ ਹਾਂਗਕਾਂਗ ਵਿਚ ਮਿਲੀ। ਉਨ੍ਹਾਂ ਫੈਸਲਾ ਕੀਤਾ ਕਿ ਜਹਾਜ਼ ਦੇ ਮੁਸਾਫਰਾਂ ਦੇ ਹਾਂਗਕਾਂਗ ਪਹੁੰਚਣ 'ਤੇ ਇਕ ਭਾਰੀ ਜਲਸਾ ਕੀਤਾ ਜਾਵੇ ਅਤੇ ਉਨ੍ਹਾਂ ਨਾਲ ਹੀ ਦੇਸ਼ ਪਹੁੰਚ ਕੇ ਅੰਗਰੇਜ਼ਾਂ ਦੇ ਜ਼ੁਲਮਾਂ ਦਾ ਪਾਜ ਉਘਾੜਿਆ ਜਾਵੇ। ਸਰਕਾਰ ਨੂੰ ਮਥਰਾ ਸਿੰਘ ਦੀਆਂ ਇਨ੍ਹਾਂ ਸਰਗਰਮੀਆਂ ਦਾ ਪਤਾ ਲੱਗ ਗਿਆ ਅਤੇ ਜਹਾਜ਼ ਨੂੰ ਹਾਂਗਕਾਂਗ ਦੇ ਕਿਨਾਰੇ ਲੱਗਣ ਹੀ ਨਾ ਦਿੱਤਾ। ਜਹਾਜ਼ ਦੇ ਉੱਥੋਂ ਚਲੇ ਜਾਣ ਪਿੱਛੋਂ ਹੀ ਡਾਕਟਰ ਮਥਰਾ ਸਿੰਘ ਤੇ ਹੋਰ ਲੋਕਾਂ ਨੂੰ ਇਸ ਦਾ ਪਤਾ ਚੱਲਿਆ। 29 ਸਤੰਬਰ 1914 ਨੂੰ ਜਦ ਬਜਬਜਘਾਟ (ਕੋਲਕਾਤਾ) ਵਿਖੇ



ਕਾਮਾਗਾਟਾਮਾਰੂ ਜਹਾਜ਼ ਪਹੁੰਚਿਆ ਤਾਂ ਜ਼ਾਲਮ ਸਰਕਾਰ ਨੇ 10 ਮੁਸਾਫ਼ਰ ਸ਼ਹੀਦ ਕਰ ਦਿੱਤੇ। ਇਸ ਘਟਨਾ ਬਾਰੇ ਜਾਣ ਕੇ ਮਥਰਾ ਸਿੰਘ ਦਾ ਹਿਰਦਾ ਵਲੂੰਧਰਿਆ ਗਿਆ ਅਤੇ ਅੰਗਰੇਜ਼ਾਂ ਪ੍ਰਤੀ ਉਸ ਦਾ ਰੋਹ ਹੋਰ ਵੀ ਪ੍ਰਬਲ ਹੋ ਗਿਆ। ਜਦ ਦੂਸਰੇ ਜਹਾਜ਼ ਰਾਹੀਂ ਡਾਕਟਰ ਮਥਰਾ ਸਿੰਘ ਅਤੇ ਉਨ੍ਹਾਂ ਦੇ ਸਾਥੀ ਬਜਬਜਘਾਟ ਪਹੁੰਚੇ ਤਾਂ ਉਨ੍ਹਾਂ ਦੀ ਤਲਾਸ਼ੀ ਲਈ ਗਈ। ਪੁਲੀਸ ਦੀ ਨਿਗਰਾਨੀ ਹੇਠ ਉਨ੍ਹਾਂ ਨੂੰ ਪੰਜਾਬ ਭੇਜ ਦਿੱਤਾ ਗਿਆ।

ਪੰਜਾਬ ਪਹੁੰਚਣ 'ਤੇ ਮਥਰਾ ਸਿੰਘ ਨੂੰ ਗ਼ਦਰ ਦੀ ਕੇਂਦਰੀ ਕਮੇਟੀ ਦਾ ਮੈਂਬਰ ਚੁਣ ਲਿਆ ਗਿਆ। ਫੇਰੂ ਸ਼ਹਿਰ ਦੇ ਸਾਕੇ ਪਿੱਛੋਂ ਉਨ੍ਹਾਂ ਨੂੰ ਬੰਬ ਬਣਾਉਣ ਦਾ ਇੰਚਾਰਜ ਬਣਾ ਦਿੱਤਾ ਗਿਆ। ਡਾਕਟਰ ਮਥਰਾ ਸਿੰਘ ਦੀ ਨਿਗਰਾਨੀ ਹੇਠ ਭਾਈ ਪਰਮਾਨੰਦ ਝਾਂਸੀ ਬੰਬ ਬਣਾਉਂਦੇ ਅਤੇ ਪੰਡਤ ਰਾਮ ਰੱਖਾ ਸਾਹਿਬਾ ਸੜੋਆ ਅਤੇ ਹਿਰਦੇ ਰਾਮ ਮੰਡੀ ਬੰਬਾਂ ਲਈ ਸਾਮਾਨ ਖ਼ਰੀਦ ਕੇ ਲਿਆਉਂਦੇ। ਗ਼ਦਰ ਪਾਰਟੀ ਵੱਲੋਂ ਡਾਕਟਰ ਮਥਰਾ ਸਿੰਘ ਨੂੰ ਸਰਹੱਦੀ ਸੂਬੇ ਵਿਚ ਗ਼ਦਰ ਦਾ ਪ੍ਰਚਾਰ ਕਰਨ ਲਈ ਵੀ ਭੇਜਿਆ ਗਿਆ। ਜਦ ਅੰਗਰੇਜ਼ ਸਰਕਾਰ ਨੂੰ ਡਾਕਟਰ ਮਥਰਾ ਸਿੰਘ ਦੀਆਂ ਸਰਗਰਮੀਆਂ ਦਾ ਪਤਾ ਲੱਗਿਆ ਤਾਂ ਸਰਕਾਰ ਨੇ ਡਾਕਟਰ ਮਥਰਾ ਸਿੰਘ ਦੀ ਗ੍ਰਿਫ਼ਤਾਰੀ ਲਈ 2000 ਰੁਪਏ ਅਤੇ ਇਕ ਮੁਰੱਬਾ ਜ਼ਮੀਨ ਦਾ ਇਨਾਮ ਰੱਖ ਦਿੱਤਾ। ਪਹਿਲੀ ਦਸੰਬਰ 1915 ਕਾਬਲ ਵਿਚ ਹਿੰਦੁਸਤਾਨ ਦੀ ਆਰਜ਼ੀ ਹਕੂਮਤ ਕਾਇਮ ਕੀਤੀ ਗਈ। ਰਾਜਾ ਮਹਿੰਦਰ ਪ੍ਰਤਾਪ ਨੂੰ ਇਸ ਹਕੂਮਤ ਦਾ ਪ੍ਰਧਾਨ ਅਤੇ ਮੌਲਵੀ ਬਰਕਤ ਉੱਲਾ ਨੂੰ ਪ੍ਰਧਾਨ ਮੰਤਰੀ ਬਣਾਇਆ ਗਿਆ। ਇਸ ਆਰਜ਼ੀ ਹਕੂਮਤ ਵਿਚ ਡਾਕਟਰ ਮਥਰਾ ਸਿੰਘ ਨੂੰ ਵੀ ਮੰਤਰੀ ਬਣਾਇਆ ਗਿਆ। ਅੰਗਰੇਜ਼ਾਂ ਵਿਰੁੱਧ ਰੂਸੀ ਸਹਾਇਤਾ ਪ੍ਰਾਪਤ ਕਰਨ ਲਈ ਰਾਜਾ ਮਹਿੰਦਰ ਪ੍ਰਤਾਪ ਵੱਲੋਂ ਡਾਕਟਰ ਮਥਰਾ ਸਿੰਘ ਅਤੇ ਉਸ ਦੇ ਸਾਥੀ ਮੁਹੰਮਦ ਅਲੀ ਨੂੰ ਤੁਰਕਿਸਤਾਨ ਦੇ ਗਵਰਨਰ ਕੋਲ ਭੇਜਿਆ ਗਿਆ ਜਿੱਥੇ ਮਥਰਾ ਸਿੰਘ ਅਤੇ ਉਸ ਦੇ ਸਾਥੀ ਨੂੰ ਗ੍ਰਿਫ਼ਤਾਰ ਕਰਕੇ 2 ਨਵੰਬਰ 1916 ਨੂੰ ਇਰਾਨ ਵਿਚ ਸਥਿਤ ਅੰਗਰੇਜ਼ੀ ਸਫ਼ਾਰਤਖ਼ਾਨੇ ਦੇ ਹਵਾਲੇ ਕਰ ਦਿੱਤਾ ਅਤੇ ਜਿਸ ਨੇ ਡਾਕਟਰ ਮਥਰਾ ਸਿੰਘ ਨੂੰ ਹਿੰਦੁਸਤਾਨ ਦੀ ਅੰਗਰੇਜ਼ ਸਰਕਾਰ ਦੇ ਹਵਾਲੇ ਕਰ ਦਿੱਤਾ। ਉਸ ਉੱਪਰ ਲਾਹੌਰ ਦੇ ਤੀਸਰੇ ਸਪਲੀਮੈਂਟਰੀ ਕੇਸ ਅਧੀਨ ਮੁਕੱਦਮਾ ਚਲਾਇਆ ਗਿਆ। ਉਨ੍ਹਾਂ ਨੂੰ 27 ਮਾਰਚ 1917 ਨੂੰ ਸੈਂਟਰਲ ਜੇਲ੍ਹ ਲਾਹੌਰ ਵਿਚ ਫਾਂਸੀ ਚਾੜ੍ਹ ਕੇ ਸ਼ਹੀਦ ਕਰ ਦਿੱਤਾ ਗਿਆ।

# ਸਤਲੁਜ ਦੇ ਹਮਸਫ਼ਰ ਭਗਤ ਸਿੰਘ, ਸੁਖਦੇਵ ਤੇ ਰਾਜ ਗੁਰੂ

**- ਮਲਵਿੰਦਰਜੀਤ ਸਿੰਘ ਵੜੈਚ**

ਆਪਣੀ ਫ਼ਾਂਸੀ ਤੋਂ ਤਿੰਨ ਦਿਨ ਪਹਿਲਾਂ 20 ਮਾਰਚ 1931 ਨੂੰ ਪੰਜਾਬ ਦੇ ਗਵਰਨਰ ਨੂੰ ਸ਼ਹੀਦ ਸੁਖਦੇਵ, ਭਗਤ ਸਿੰਘ ਤੇ ਰਾਜ ਗੁਰੂ ਵੱਲੋਂ, ਭਗਤ ਸਿੰਘ ਦੁਆਰਾ ਲਿਖ ਭੇਜੀ ਚਿੱਠੀ ਦਾ ਤੱਤਸਾਰ ਇਹ ਸੀ ਕਿ ਇਹ ਇਨਕਲਾਬੀ ਜਦੋਜਹਿਦ, ਜਿਸ ਵਿੱਚ ਅਸੀਂ ਸ਼ਾਮਲ ਹੋਏ ਹਾਂ, ਨਾ ਸਾਡੇ ਤੋਂ ਸ਼ੁਰੂ ਹੋਈ ਤੇ ਨਾ ਹੀ ਸਾਡੇ ਮਰ ਜਾਣ ਨਾਲ ਖ਼ਤਮ ਹੋਵੇਗੀ, ਤੇ ਜਿੰਨਾ ਚਿਰ ਨਾ-ਬਰਾਬਰੀ ਤੇ ਗ਼ੁਲਾਮੀ ਦਾ ਮਲੀਆਮੇਟ ਨਹੀਂ ਹੋ ਜਾਂਦਾ, ਇਹ ਜੰਗ ਨਿਰੰਤਰ ਜਾਰੀ ਰਹੇਗੀ। ਚਿੱਠੀ ਦਾ ਮੂਲ ਮੁੱਦਾ ਇਹ ਸੀ ਕਿ ਤੁਹਾਡੀ ਅਦਾਲਤ ਨੇ ਸਾਨੂੰ ਬਾਦਸ਼ਾਹ ਵਿਰੁੱਧ ਜੰਗ ਛੇੜਨ ਦਾ ਦੋਸ਼ੀ ਗਰਦਾਨ ਕੇ ਮੌਤ ਦੀ ਸਜ਼ਾ ਸੁਣਾਈ ਹੈ। ਜੇ ਵਾਕਈ ਤੁਸੀਂ ਆਪਣੀ ਅਦਾਲਤ ਦੇ ਫ਼ਰਮਾਨ ਦਾ ਪਾਲਣ ਕਰ ਰਹੇ ਹੋ ਤਾਂ ਫਿਰ ਸਾਨੂੰ ਜੰਗੀ ਕੈਦੀ ਹੋਣ ਦੀ ਹੈਸੀਅਤ ਵਿੱਚ ਫ਼ਾਂਸੀ ਨਾ ਚੜ੍ਹਾ ਕੇ ਗੋਲੀਆਂ ਨਾਲ ਉਡਾ ਦਿਓ। 23-24 ਮਾਰਚ 1931 ਦੀ ਅੰਨ੍ਹੀ-ਬੋਲੀ ਰਾਤ ਨੂੰ, ਤਿੰਨ ਆਜ਼ਾਦੀ ਪਰਵਾਨਿਆਂ ਦਾ ਚੋਰੀ-ਚੋਰੀ ਸਤਲੁਜ ਨਦੀ ਕੰਢੇ ਸਮੂਹਿਕ ਅੰਤਮ ਸੰਸਕਾਰ ਕਰਦਿਆਂ ਹੋਇਆਂ ਬੇਦਰਦ ਜਾਬਰਾਂ ਦੇ ਕਿਤੇ ਚਿੱਤ ਚੇਤੇ ਵੀ ਨਹੀਂ ਹੋਵੇਗਾ ਕਿ ਜਿੱਥੇ ਅਸੀਂ ਇਨ੍ਹਾਂ ਤਿੰਨਾਂ ਨੂੰ ਸਦਾ-ਚਿਰ ਜੀਵਤ ਕਰ ਰਹੇ ਹਾਂ, ਉੱਥੇ ਆਪਣਾ 200 ਸਾਲਾਂ ਦੀ ਰਾਜ-ਧੌਂਸ ਦਾ ਭੋਗ ਪਾ ਰਹੇ ਹਾਂ ਅਤੇ ਜਿਸ ਦੀ ਅੰਤਿਮ ਕਿਰਿਆ ਸਿਰਫ਼ ਡੇਢ ਦਹਾਕੇ ਵਿੱਚ ਹੀ ਸੰਪੰਨ ਹੋ ਜਾਵੇਗੀ।

ਵਕਤ, ਮੁਕਾਮ, ਪਰਿਵਾਰ ਪੱਖੋਂ, ਪਹਿਲਾਂ ਜਨਮ ਹੁੰਦਾ ਹੈ ਸੁਖਦੇਵ ਦਾ, 19 ਫਰਵਰੀ 1907 ਨੂੰ ਲੁਧਿਆਣਾ ਸ਼ਹਿਰ ਦੇ ਨੌਘਰਾ ਮੁਹੱਲੇ, ਮਾਤਾ ਸ੍ਰੀਮਤੀ ਰਲੀ ਦੇਵੀ, ਪਿਤਾ ਲਾਲਾ ਰਾਮ ਲਾਲ ਥਾਪਰ ਦੇ ਘਰ ਵਿੱਚ। ਸਿਰਫ਼ ਤਿੰਨ ਸਾਲਾਂ ਦੇ ਹੋਣ 'ਤੇ, ਪਿਤਾ ਜੀ ਦੇ ਗੁਜ਼ਰ ਜਾਣ ਉਪਰੰਤ, ਇਹ ਲਾਇਲਪੁਰ (ਹੁਣ ਫੈਸਲਾਬਾਦ, ਪਾਕਿਸਤਾਨ) ਆਪਣੇ ਤਾਇਆ ਜੀ, ਲਾਲਾ ਚਿੰਤ ਰਾਮ ਜੀ ਕੋਲ ਹੀ ਰਹੇ, ਜਿੱਥੇ ਇਨ੍ਹਾਂ ਦਾ ਮੇਲ ਭਗਤ ਸਿੰਘ ਨਾਲ ਹੋਇਆ ਸੀ। ਭਗਤ ਸਿੰਘ ਦਾ ਜਨਮ ਸੁਖਦੇਵ ਦੇ ਜਨਮ ਤੋਂ, ਕੋਈ ਸੱਤ ਕੁ ਮਹੀਨੇ ਪਿੱਛੋਂ ਪਿੰਡ ਚੱਕ ਨੰਬਰ 105 ਬੰਗਾ, ਜ਼ਿਲ੍ਹਾ ਲਾਇਲਪੁਰ, ਮਾਤਾ ਸ੍ਰੀਮਤੀ ਵਿੱਦਿਆਵਤੀ, ਪਿਤਾ ਸ. ਕਿਸ਼ਨ ਸਿੰਘ ਦੇ ਘਰ 28 ਸਤੰਬਰ 1907 ਵਿੱਚ ਹੋਇਆ। ਇਨ੍ਹਾਂ ਤੋਂ ਪਿੱਛੋਂ 'ਭਾਈ ਕਾਹਲਾ ਜੀ' ਅਰਥਾਤ ਸ਼ਿਵ ਰਾਮ ਰਾਜ ਗੁਰੂ ਦਾ ਜਨਮ, ਮਾਤਾ ਸ੍ਰੀਮਤੀ ਪਾਰਵਤੀ ਬਾਈ, ਪਿਤਾ ਹਰੀ ਰਾਜ ਗੁਰੂ, ਪਿੰਡ ਖੇੜ (ਹੁਣ ਰਾਜ ਗੁਰੂਨਗਰ), ਪੂਨਾ (ਮਹਾਰਾਸ਼ਟਰ) 'ਚ ਮਿਤੀ 24 ਅਗਸਤ 1908 ਨੂੰ ਹੋਇਆ ਸੀ।

ਆਪਣੇ ਦੇਸ਼ ਦੀਆਂ ਸਨਅਤਾਂ ਲਈ ਕਪਾਹ ਵਗੈਰਾ ਜਿਹੇ



ਕੱਚੇ ਮਾਲ ਦੀ ਲੋੜ ਦੀ ਪੂਰਤੀ ਲਈ ਲਾਇਲਪੁਰ ਇਲਾਕੇ ਦੇ ਬੰਜਰ ਪਰ ਉਪਜਾਊ ਧਰਤੀ ਨੂੰ ਅੰਗਰੇਜ਼ ਹਾਕਮ ਵੱਲੋਂ ਵਿਉਂਤੀਆਂ ਨਹਿਰਾਂ ਨੇ ਭਾਗ ਲਾਏ। ਜ਼ਿਮੀਂਦਾਰਾਂ ਦੇ ਪਰਿਵਾਰ ਵੱਡੀ ਗਿਣਤੀ ਵਿੱਚ, ਜੱਦੀ ਪਿੰਡਾਂ ਦੀ ਸੌੜੀ ਮਾਲਕੀ ਤੋਂ ਅੱਕੇ ਹੋਏ ਉੱਥੇ ਜਾ ਬਿਰਾਜੇ, ਜਿਨ੍ਹਾਂ ਵਿੱਚ ਪਿੰਡ ਖਟਕੜ ਕਲਾਂ, ਜ਼ਿਲ੍ਹਾ ਜਲੰਧਰ ਵਾਸੀ ਸ. ਅਰਜਨ ਸਿੰਘ ਵੀ ਸ਼ਾਮਲ ਸਨ ਅਤੇ ਉਨ੍ਹਾਂ ਨਾਲ ਉਨ੍ਹਾਂ ਦੇ ਪੁੱਤਰ ਸ. ਕਿਸ਼ਨ ਸਿੰਘ (ਭਗਤ ਸਿੰਘ ਦੇ ਪਿਤਾ ਜੀ) ਵੀ ਸਨ। ਇਸ ਨੌ-ਆਬਾਦ ਧਰਤੀ ਨੇ ਜਿੱਥੇ ਸਾਮਰਾਜੀ ਕਾਰਖ਼ਾਨਿਆਂ ਦੀ ਕੁੱਖ ਹਰੀ ਕਰਨ ਵਿੱਚ ਯੋਗਦਾਨ ਪਾਇਆ, ਉੱਥੇ ਨਾਲ ਹੀ ਇਹ, ਇਹਦਾ ਮਲੀਆਮੇਟ ਕਰਨ ਵਾਲੀ ਪੌਦ ਵਾਸਤੇ ਵੀ ਉਪਜਾਊ ਸਿੱਧ ਹੋਈ। 1905 'ਚ ਅੰਗਰੇਜ਼ੀ ਸਰਕਾਰ ਦੇ ਬੰਗਾਲ ਦੀ ਵੰਡ 'ਪਾੜੋ ਤੇ ਰਾਜ ਕਰੋ' ਦੇ ਫੈਸਲੇ ਦੀ ਚਾਲ ਨੂੰ ਸਮਝਦਿਆਂ, ਪਹਿਲੀ ਵਾਰ ਵਿਦੇਸ਼ੀ ਰਾਜ ਵਿਰੁੱਧ ਦੇਸ਼-ਵਿਆਪੀ ਜਨਤਕ ਵਿਰੋਧ ਦੀ ਸ਼ੁਰੂਆਤ ਹੋਈ; ਅਤੇ ਪੰਜਾਬ ਵਿੱਚ ਪਹਿਲੀ ਵਾਰ ਵਿਦੇਸ਼ੀ ਸਰਕਾਰ ਵਿਰੁੱਧ ਲੋਕ ਰੋਹ ਦੀ ਸ਼ੁਰੂਆਤ ਹੋਈ।

ਇਸ ਵਾਵਰੋਲੇ ਦੀ ਲਪੇਟ ਵਿੱਚ ਭਗਤ ਸਿੰਘ ਦੇ ਪਿਤਾ ਜੀ ਨੂੰ ਗ੍ਰਿਫ਼ਤਾਰੀ ਤੋਂ ਬਚਣ ਲਈ ਨੇਪਾਲ ਜਾਣਾ ਪਿਆ। ਚਾਚਾ ਜੀ, ਸ. ਅਜੀਤ ਸਿੰਘ ਨੂੰ ਜਲਾਵਤਨ ਕਰਕੇ ਬਰਮਾ ਵਿੱਚ ਨਜ਼ਰਬੰਦ ਕੀਤਾ ਗਿਆ ਅਤੇ ਛੋਟੇ ਚਾਚਾ ਜੀ, ਸ. ਸਵਰਨ ਸਿੰਘ ਨੂੰ ਬੰਦੀਖ਼ਾਨੇ ਵਿੱਚ ਸੁੱਟ ਦਿੱਤਾ ਗਿਆ। ਲਾਇਲਪੁਰ ਦੀ ਉਪਜਾਊ ਧਰਤੀ 'ਚ ਸੁਖਦੇਵ ਤੇ ਭਗਤ ਸਿੰਘ ਦਾ ਪਾਲਣ-ਪੋਸ਼ਣ ਹੋਇਆ ਹੈ। ਭਾਵੇਂਕਿ ਇਹ ਸਾਰਾ ਕੁਝ ਇਨ੍ਹਾਂ ਦੇ ਜਨਮ ਜਾਂ ਹੋਸ਼ ਸੰਭਾਲਣ ਤੋਂ ਪਹਿਲਾਂ ਹੀ ਵਾਪਰਿਆ ਹੈ, ਪਰ ਇਸ ਦੌਰ ਦੀਆਂ ਪੈੜਾਂ ਅਲੋਪ ਨਹੀਂ ਸੀ ਹੋਈਆਂ ਤੇ 'ਪਗੜੀ ਸੰਭਾਲ ਓਏ ਜੱਟਾ' ਦੇ ਦਿਲ ਹਿਲਾਊ ਗੀਤ ਦੀ ਗੂੰਜਾਰ ਅਜੇ ਵੀ ਨਾ ਸਿਰਫ਼ ਲੋਕ ਮਨਾਂ 'ਤੇ ਭਾਰੂ ਸੀ, ਬਲਕਿ ਹਰੇਕ ਦੀ ਜ਼ੁਬਾਨ 'ਤੇ ਵੀ ਸਹਿਜੇ ਹੀ ਆਉਂਦੀ ਰਹਿੰਦੀ ਸੀ। ਉਧਰ ਪੂਨੇ ਦੀ ਧਰਤੀ, ਜਿੱਥੇ ਉਨ੍ਹੀਵੀਂ ਸਦੀ ਦੇ ਅੰਤਲੇ ਸਾਲਾਂ ਵਿੱਚ ਤਿੰਨ ਚਾਪੇਕਰ ਵੀਰ- ਦਮੋਦਰ, ਬਾਲ ਕ੍ਰਿਸ਼ਨ, ਵਾਸੂਦੇਵ ਤੇ ਇਨ੍ਹਾਂ ਦੇ ਨੇੜਲੇ ਸਾਥੀ ਰਾਨੇਡੇ ਨੇ ਸ਼ਹਾਦਤ ਦੀਆਂ ਪਿਰਤਾਂ ਪਾਈਆਂ ਸਨ; ਤੇ ਗ਼ਦਰ ਲਹਿਰ ਵੇਲੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਅਮਰੀਕਾ ਤੋਂ ਪਰਤੇ ਸਾਥੀ ਵਿਸ਼ਨੂੰ ਗਣੇਸ਼ ਪਿੰਗਲੇ ਨੇ ਪੰਜਾਬ-ਮਹਾਰਾਸ਼ਟਰ ਦੀ ਸ਼ਹੀਦੀ ਪਰੰਪਰਾ 'ਤੇ ਫੁੱਲ ਚਾੜ੍ਹੇ ਸਨ। ਫਿਰ ਸ਼ਿਵ ਰਾਮ ਰਾਜ ਗੁਰੂ ਪਹੁੰਚ ਜਾਂਦੇ ਹਨ ਬਨਾਰਸ ਦੇ ਪ੍ਰਸਿੱਧ ਧਾਰਮਿਕ ਸ਼ਹਿਰ ਵਿੱਚ, ਬਤੌਰ ਡਰਿੱਲ/ਗਤਕਾ ਮਾਸਟਰ ਦੇ। ਉਧਰ ਇਨਕਲਾਬੀ ਪਾਰਟੀ ਨੂੰ ਦਿੱਲੀ ਵਿੱਚ ਕਿਸੇ 'ਐਕਸ਼ਨ' ਲਈ ਇਕ ਕਾਰਕੁੰਨ ਦੀ ਥੁੜ ਸੀ। ਕਿਸੇ ਭਰੋਸੇਯੋਗ ਸਾਥੀ ਦੀ ਨਿਸ਼ਾਨਦੇਹੀ 'ਤੇ ਸ਼ਿਵ ਵਰਮਾ ਜੀ ਜਾ ਪਹੁੰਚਦੇ ਹਨ ਬਨਾਰਸ 'ਚ। ਸ਼ਿਵ ਰਾਮ ਜੀ ਨੂੰ ਨਾਲ ਲੈ ਆਉਂਦੇ ਹਨ ਆਪਣੇ ਹੋਸਟਲ ਵਿੱਚ। ਇਹ ਹੋਸਟਲ ਵੀ ਇਨਕਲਾਬੀਆਂ ਦੀ ਇਕ ਤਰ੍ਹਾਂ ਨਾਲ ਠਾਹਰ ਜਿਹੀ ਸੀ, ਜਿੱਥੇ ਭਗਤ ਸਿੰਘ, ਸੁਖਦੇਵ ਤੇ ਹੋਰ ਮਫਰੂਰ ਸਾਥੀ ਠਹਿਰਿਆ ਕਰਦੇ ਸਨ। ਇਕ ਵਾਰੀ ਆਗਰੇ ਵਿੱਚ 1929 ਦੇ ਸ਼ੁਰੂ ਵਿੱਚ ਲਗਪਗ ਸਾਰੇ ਹੀ ਸਾਥੀ ਹਾਸਾ-ਮਜ਼ਾਕ ਕਰ ਰਹੇ ਸਨ ਤੇ ਵਿਸ਼ਾ ਸੀ, "ਕੌਣ ਕਿਵੇਂ ਫੜਿਆ ਜਾਏਗਾ ਤੇ ਫੜੇ ਜਾਣ 'ਤੇ ਕੀ ਕਰੇਗਾ?" ਇਹ ਹਜ਼ਰਤ (ਰਾਜ ਗੁਰੂ) ਤਾਂ ਸੁੱਤੇ ਹੀ ਫੜੇ ਜਾਣਗੇ। ਇਨ੍ਹਾਂ ਦੀ ਅੱਖ ਹਵਾਲਾਤ ਵਿੱਚ ਹੀ ਖੁੱਲ੍ਹੇਗੀ ਅਤੇ ਇਹ ਪਹਿਰੇਦਾਰ ਨੂੰ ਪੁੱਛਣਗੇ"ਕੀ ਮੈਂ ਸਚਮੁੱਚ ਹੀ ਫੜਿਆ ਗਿਆ ਹਾਂ ਜਾਂ ਸੁਪਨਾ ਵੇਖ ਰਿਹਾ ਹਾਂ।"

ਤੇ ਹੋਇਆ ਵੀ ਲਗਪਗ ਇੰਜ ਹੀ, ਜਨਾਬ 30 ਸਤੰਬਰ, 1929 ਦੀ ਰਾਤ ਨੂੰ 3 ਵਜੇ ਸੁੱਤੇ ਹੋਏ ਹੀ ਪਲਾਟ ਨੰਬਰ 20, ਤਿਲਕ ਰੋਡ, ਪੂਨਾ ਤੋਂ ਅਸਲੇ ਸਮੇਤ ਗ੍ਰਿਫ਼ਤਾਰ ਹੋਏ। ਹਾਂ, ਤੇ ਜਦੋਂ ਇਨ੍ਹਾਂ ਨੂੰ ਪਹਿਲੀ ਵਾਰੀ ਅਕਤੂਬਰ 1929 ਨੂੰ ਲਾਹੌਰ ਦੇ ਸਪੈਸ਼ਲ ਮੈਜਿਸਟਰੇਟ ਮੂਹਰੇ ਪੁਲੀਸ ਨੇ ਰਿਮਾਂਡ ਲੈਣ ਲਈ ਪੇਸ਼ ਕੀਤਾ ਤਾਂ ਪੈਂਦੇ ਹੀ ਮੈਜਿਸਟਰੇਟ ਨੇ ਕਿਹਾ, "ਨਾਮ ਤੋ ਤੁਮਹਾਰਾ ਰਾਜ ਗੁਰੂ ਹੈ ਔਰ ਇਲਜ਼ਾਮ ਤੁਮ ਪਰ ਯਹ ਹੈ?" "ਹਾਂ, ਮੇਰਾ ਕਾਮ ਹੈ ਰਾਜਾ ਕੋ ਸ਼ਿਕਸ਼ਾ ਦੇਨਾ" ਜਵਾਬ ਸੀ ਰਾਜ ਗੁਰੂ ਦਾ।

ਹਾਂ, ਤੇ ਭਗਤ ਸਿੰਘ ਕਿਸੇ ਸਿਨੇਮਾ ਹਾਲ ਵਿੱਚ ਫੜੇ ਜਾਣਗੇ। ਫੜੇ ਜਾਣ 'ਤੇ ਪੁਲੀਸ ਵਾਲਿਆਂ ਨੂੰ ਕਹਿਣਗੇ ਜੀ ਹਾਂ ਜੇ ਸਾਨੂੰ ਫੜ ਲਿਆ ਤਾਂ ਕੀ ਗ਼ਜ਼ਬ ਹੋ ਗਿਆ। ਫਿਲਮ ਤਾਂ ਪੂਰੀ ਦੇਖਣ ਲੈਣ ਦਿਓ।

ਬਾਕੀ ਸਫ਼ਾ 31 'ਤੇ

# ਗੁਰਦੁਆਰਾ ਕਰਤਾਰਪੁਰ ਸਾਹਿਬ ਦਾ ਲਾਂਘਾ ਆਰਜ਼ੀ ਤੌਰ ’ਤੇ ਬੰਦ

**ਡੇਰਾ ਬਾਬਾ ਨਾਨਕ/ਏ.ਟੀ.ਨਿਊਜ਼:** ਕੇਂਦਰ ਸਰਕਾਰ ਵੱਲੋਂ ਕਰੋਨਾਵਾਇਰਸ ਦੇ ਵਧ ਰਹੇ ਖ਼ਤਰੇ ਦੇ ਮੱਦੇਨਜ਼ਰ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ' 14 ਦਿਨਾਂ ਲਈ ਬੰਦ ਕਰਨ ਦੇ ਹੁਕਮ ਦਿੱਤੇ ਗਏ ਹਨ। ਇਸ ਕਾਰਨ ਹੁਣ ਸ਼ਰਧਾਲੂ ਅਗਲੇ ਕੁਝ ਦਿਨਾਂ ਲਈ ਦਰਸ਼ਨ ਕਰਨ ਲਈ ਕਰਤਾਰਪੁਰ ਨਹੀਂ ਜਾ ਸਕਣਗੇ। ਪੈਸੰਜਰ ਟਰਮੀਨਲ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਸਰਕਾਰ ਇਸ ਫ਼ੈਸਲੇ ਦੀ ਮਿਤੀ ਨੂੰ ਹੋਰ ਵੀ ‘ਵਧਾ’ ਸਕਦੀ ਹੈ।

ਕੇਂਦਰ ਸਰਕਾਰ ਦਾ ਕਹਿਣਾ ਹੈ ਕਿ ਇਹ ਫ਼ੈਸਲਾ ਸ਼ਰਧਾਲੂਆਂ ਦੀ ਸੁਰੱਖਿਆ ਵਜੋਂ ਲਿਆ ਹੈ। ਗ੍ਰਿਹ ਮੰਤਰਾਲੇ ਵਲੋਂ ਜਾਰੀ ਪੱਤਰ ਰਾਹੀਂ ਕਿਹਾ ਗਿਆ ਹੈ ਕਿ ਭਾਰਤ ਵਿਚ ਕਰੋਨਾਵਾਇਰਸ ਦੇ ਵਾਧੇ ਨੂੰ ਰੋਕਣ ਲਈ ਆਰਜ਼ੀ ਤੌਰ ’ਤੇ ਸ੍ਰੀ ਕਰਤਾਰਪੁਰ ਸਾਹਿਬ ਲਈ ਯਾਤਰਾ ਤੇ ਰਜਿਸਟਰੇਸ਼ਨ ਬੰਦ ਰਹੇਗੀ। ਯਾਦ ਰਹੇ ਕਿ ਲੰਘੇ ਸਾਲ 9 ਨਵੰਬਰ ਤੋਂ ਚਾਲੂ ਹੋਏ ਇਸ ਲਾਂਘੇ ਰਾਹੀਂ ਹੁਣ ਤੱਕ ਲੱਗਪਗ 50 ਹਜ਼ਾਰ ਸ਼ਰਧਾਲੂ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰ ਚੁੱਕੇ ਹਨ। ਇਸੇ ਦੌਰਾਨ ਪੰਜਾਬ ਸਰਕਾਰ ਵੱਲੋਂ ਵੀ ਗੁਰਦੁਆਰਾ ਕਰਤਾਰਪੁਰ ਸਾਹਿਬ ਜਾਣ ਵਾਲੇ ਸ਼ਰਧਾਲੂਆਂ ਨੂੰ ਅਪੀਲ ਕੀਤੀ ਗਈ ਕਿ ਉਹ ਦਰਸ਼ਨਾਂ ਲਈ ਜਾਣ ਲਈ ਆਪਣੇ ਫ਼ੈਸਲੇ ’ਤੇ ਪੁਨਰ ਵਿਚਾਰ ਕਰਨ।

ਗ੍ਰਿਹ ਮੰਤਰਾਲੇ ਵੱਲੋਂ ਲਾਂਘਾ 14 ਦਿਨਾਂ ਲਈ ਬੰਦ ਕਰਨ ਦੇ ਹੁਕਮ ਕੀਤੇ ਗਏ, ਪਰ ਇਹ ਸਮਾਂ ਹੋਰ ਵੀ ਵਧਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਡਾਕਟਰਾਂ ਵੱਲੋਂ ਲੰਘੇ ਕੁਝ ਦਿਨਾਂ ਤੋਂ ਦਰਸ਼ਨਾਂ ਲਈ ਜਾਣ ਵਾਲੇ ਸ਼ਰਧਾਲੂਆਂ ਦੀ ਬਕਾਇਦਾ ਜਾਂਚ ਕੀਤੀ ਜਾ ਰਹੀ ਹੈ। ਪੈਸੰਜਰ ਟਰਮੀਨਲ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਹੁਣ ਤੱਕ ਲੱਗਪਗ 16 ਹਜ਼ਾਰ ਸ਼ਰਧਾਲੂਆਂ ਦੀ ਜਾਂਚ ਕੀਤੀ ਗਈ ਹੈ।



### 9 ਨਵੰਬਰ ਤੋਂ ਲੈ ਕੇ 15 ਮਾਰਚ ਤੱਕ ਲਗਪਗ 62774 ਸ਼ਰਧਾਲੂਆਂ ਨੇ ਦਰਸ਼ਨ ਕੀਤੇ

ਜ਼ਿਕਰਯੋਗ ਹੈ ਕਿ 9 ਨਵੰਬਰ 2019 ਨੂੰ ਬਿਨਾਂ ਵੀਜ਼ਾ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਲਾਂਘਾ ਖੁੱਲ ਗਿਆ ਸੀ। ਇਹ ਲਾਂਘਾ ਇਤਿਹਾਸ ਦੇ ਪੰਨੇ ’ਤੇ ਯਾਦਗਾਰੀ ਹੋ ਨਿਬੜਿਆ ਹੈ ਤੇ ਗੁਰਦੁਆਰਾ ਸਾਹਿਬ ਵਿਚ ਵੱਡੀ ਤਾਦਾਦ ਵਿਚ ਵੱਖ-ਵੱਖ ਧਰਮਾਂ ਦੇ ਲੋਕ ਨਤਮਸਤਕ ਹੋਣ ਲਈ ਪਹੁੰਚਦੇ ਰਹੇ ਹਨ। ਪਾਕਿਸਤਾਨ ਸਰਕਾਰ ਸ੍ਰੀ ਕਰਤਾਰਪੁਰ ਸਾਹਿਬ ਨੂੰ ਸਾਰੇ ਧਰਮਾਂ ਦਾ ਵੱਡਾ ਟੂਰਿਜ਼ਮ ਬਣਾਉਣ ਵਿਚ ਕਾਮਯਾਬ ਹੁੰਦੀ ਦਿਖਾਈ ਦੇ ਰਹੀ ਹੈ। ਲਾਂਘਾ ਖੁੱਲਣ ਦੇ 4 ਮਹੀਨੇ ਤੇ 6 ਦਿਨਾਂ ਵਿਚ ਭਾਰਤ ਤੋਂ ਸਿੱਖ ਤੇ ਹੋਰ ਧਰਮਾਂ ਦੇ ਸ਼ਰਧਾਲੂਆਂ ਸਮੇਤ ਲਗਪਗ 62774 ਸ਼ਰਧਾਲੂਆਂ ਨੇ ਦਰਸ਼ਨ ਕੀਤੇ ਹਨ।

### ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਲਾਂਘਾ ਬੰਦ ਹੋਣ ’ਤੇ ਸਹਿਮਤੀ ਪ੍ਰਗਟਾਈ

ਕਰੋਨਾਵਾਇਰਸ ਤੋਂ ਬਚਾਅ ਦੇ ਮੱਦੇਨਜ਼ਾਰ ਭਾਰਤ ਸਰਕਾਰ ਵੱਲੋਂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਆਰਜ਼ੀ ਤੌਰ ’ਤੇ ਬੰਦ ਕੀਤੇ ਜਾਣ ਦੇ ਫ਼ੈਸਲੇ ਨਾਲ ਅਕਾਲ ਤਖ਼ਤ ਦੇ ਕਾਰਜਕਾਰੀ ਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਹਿਮਤੀ ਪ੍ਰਗਟਾਉਂਦਿਆਂ ਸਿੱਖ ਸੰਗਤ ਨੂੰ ਵੀ ਕਰੋਨਾਵਾਇਰਸ ਦੇ ਚੱਲਦੇ ਵਿਸ਼ੇਸ਼ ਇਹਤਿਆਤ ਵਰਤਣ ਦੀ ਅਪੀਲ ਕੀਤੀ ਹੈ।

ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਦੇਸ਼ ਵਿਚ ਕਰੋਨਾਵਾਇਰਸ ਨੂੰ ਮਹਾਮਾਰੀ ਐਲਾਨ ਦਿੱਤਾ ਗਿਆ ਹੈ, ਜਿਸ ਦੇ ਚੱਲਦਿਆਂ ਭਾਰਤ ਸਰਕਾਰ ਦੇਸ਼ ਨਾਲ ਲੱਗਦੀਆਂ ਸਾਰੇ ਗੁਆਂਢੀ ਮੁਲਕਾਂ ਦੀਆਂ ਸਰਹੱਦਾਂ ਸੀਲ ਕਰ ਚੁੱਕੀ ਹੈ। ਲਿਹਾਜ਼ਾ ਇਹਤਿਆਤ ਵਜੋਂ ਭਾਰਤ ਸਰਕਾਰ ਵੱਲੋਂ ਪਾਕਿ ਸਥਿਤ ਗੁਰਦੁਆਰਾ ਕਰਤਾਰਪੁਰ ਦਾ ਲਾਂਘਾ ਆਰਜ਼ੀ ਤੌਰ ’ਤੇ ਬੰਦ ਕਰਨਾ ਗਲਤ ਨਹੀਂ ਹੈ। ਉਨਾਂ ਨੇ ਸਿੱਖ ਸੰਗਤ ਨੂੰ ਵੀ ਕਰੋਨਾਵਾਇਰਸ ਦੇ ਚੱਲਦੇ ਵਿਸ਼ੇਸ਼ ਸਾਵਧਾਨੀ ਵਰਤਣ ਦੀ ਅਪੀਲ ਕੀਤੀ ਹੈ। ਜਥੇਦਾਰ ਨੇ ਇਹ ਅਪੀਲ ਵੀ ਕੀਤੀ ਕਿ ਸੰਗਤ ਹੱਥ ਮਿਲਾਉਣ ਦੀ ਜਗਾ ਫ਼ਤਹਿ ਬੁਲਾਉਣ ਨੂੰ ਤਰਜੀਹ ਦੇਵੇ।

ਕੇਂਦਰ ਸਰਕਾਰ ਵੱਲੋਂ ਕਰਤਾਰਪੁਰ ਲਾਂਘਾ ਬੰਦ ਕਰਨ ਦੇ ਫ਼ੈਸਲੇ ਨਾਲ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਅਸਹਿਮਤੀ ਪ੍ਰਗਟਾਈ ਹੈ। ਉਨਾਂ ਆਖਿਆ ਕਿ ਇਹ ਵਾਇਰਸ ਫੈਲਣ ਤੋਂ ਬਚਾਅ ਵਾਸਤੇ ਸਾਵਧਾਨੀ ਰੱਖਣ ਲਈ ਕਦਮ ਚੁੱਕੇ ਜਾਣੇ ਚਾਹੀਦੇ ਹਨ ਪਰ ਸ਼ਰਧਾਲੂਆਂ ਨੂੰ ਧਰਮ ਅਸਥਾਨਾਂ ’ਤੇ ਜਾਣ ਤੋਂ ਰੋਕਣਾ ਜਾਇਜ਼ ਨਹੀਂ ਹੈ।

### ਵਿਰਾਸਤ-ਏ-ਖ਼ਾਲਸਾ ਬੰਦ

ਪੰਜਾਬ ਸਰਕਾਰ ਨੇ ਕਰੋਨਾਵਾਇਰਸ ਦੇ ਖ਼ਤਰੇ ਦੇ ਮੱਦੇਨਜ਼ਰ ਸ੍ਰੀ ਆਨੰਦਪੁਰ ਸਾਹਿਬ ਵਿੱਚ ਸਥਿਤ ਵਿਰਾਸਤ-ਏ-ਖ਼ਾਲਸਾ ਨੂੰ ਅਗਲੇ ਹੁਕਮਾਂ ਤੱਕ ਬੰਦ ਕਰਨ ਦਾ ਫ਼ੈਸਲਾ ਕੀਤਾ ਹੈ। ਪੰਜਾਬ ਦੇ ਸੈਰ ਸਪਾਟਾ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਦੱਸਿਆ ਕਿ ਦੇਸ਼-ਵਿਦੇਸ਼ ਤੋਂ ਹਜ਼ਾਰਾਂ ਲੋਕ ਵਿਰਾਸਤ-ਏ-ਖ਼ਾਲਸਾ ਦੇਖਣ ਲਈ ਆਉਂਦੇ ਹਨ। ਕਰੋਨਾਵਾਇਰਸ ਦੇ ਖ਼ਤਰੇ ਨੂੰ ਦੇਖਦਿਆਂ ਵਿਰਾਸਤ-ਏ-ਖ਼ਾਲਸਾ ਅਗਲੇ ਹੁਕਮਾਂ ਤੱਕ ਬੰਦ ਰੱਖਿਆ ਜਾਵੇਗਾ।






Website Design & Development

➡ ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
➡ ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।

Basic web packages are availables on comparatively economical rates
We work as per your requirement and charge only according to work

SERVICES
✓ WEB DEVELOPMENT
✓ WEB DESIGNING
✓ WEB RE-DESIGN
✓ LOGO DESIGN
✓ SEO SERVICES
✓ TECHNICAL SUPPORT

Web Media Art

ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।

+91-94640-83029
+91-95699-98747
info@webmediaart.com
www.webmediaart.com



ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ

ਪੰਜਾਬੀ ਢਾਬਾ

Now Open

Indiana
1480 N State Road 1, Cambridge City, IN 47327. 70
Diesel/Gas
Exit 137

ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ



ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...

ਕੀਮਤਾਂ ਬਹੁਤ ਹੀ ਵਾਜਬ !



ਸਹੂਲਤਾਂ
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.

Free Buffet
over 100 gallons
open 6am to midnight

Phone: 765-478-6300



Star Alliance BROKERAGE



Indianapolis, Indiana...
ਵਿਚ ਬਣਾਓ ਆਪਣੇ
ਸੁਪਨਿਆਂ ਦਾ ਘਰ

■ ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
■ 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ; 4-6 ਬੈਡ ਰੂਮ, 3-4 ਬਾਥ ਰੂਮ
■ ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
■ ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



ONE OF THE FASTEST GROWING CITY IN AMERICA AND BEST SCHOOL SYSTEM...



Manjit Singh Nagra

Manjit Singh Nagra
Realtor/Broker
Cell 317-750-1900

Gurdeep (Garry) Chhokar
Realtor/Broker
Cell 317-500-1247



Gurdeep (Garry) Chhokar

We do all type of Home and Commercial Loans, Same day loan approval...

ਅਸੀਂ ਘਰਾਂ ਅਤੇ ਬਿਜਨਸ ਲਈ
ਹਰ ਤਰ੍ਹਾਂ ਦੇ ਲੋਨ ਕਰਦੇ ਹਾਂ,
ਮਨਜ਼ੂਰੀ (Approval) ਉਸੇ ਦਿਨ

6979 Hillsdale Court, Indianapolis, Indiana 46250


A PREMIUM PUNJABI TV CHANNEL
BAAZ TV
ਸਿਆਸੀ ਪੱਤਰਕਾਰੀ ਦੇ ਦਿੱਗਜ,
ਜਲਦ ਆ ਰਹੇ ਹਨ
ਇੱਕ ਮੰਚ ਤੇ...
BAAZ TV
BAAZ BROADCASTING CORP.
FOR MORE INFO CONTACT
MR. ARJAN RIAR
EAST COAST +1-212-464-8628, +1-551-230-2300
MR. JAGDEV BHANDAL
WEST COAST +1-916-543-1313

# 2020 ਦੀ ਮਰਦਮਸ਼ੁਮਾਰੀ ਸ਼ੁਰੂ



## ਇਹ 10 ਮਿੰਟਾਂ ਦਾ ਅਸਰ ਅਗਲੇ 10 ਸਾਲਾਂ ਉੱਪਰ ਪਵੇਗਾ

KERN COUNTS
CENSUS 2020

**Message sponsored by the Kern Complete Count Committee.**

ਹਰ 10 ਸਾਲ ਬਾਦ ਅਮਰੀਕਾ ਦਾ ਮਰਦਮਸ਼ੁਮਾਰੀ ਵਿਭਾਗ ਉਹ ਹਰ ਇੱਕ ਵਿਅਕਤੀ ਦੀ ਗਿਣਤੀ ਕਰਦਾ ਹੈ ਜੋ ਅਮਰੀਕਾ ਦਾ ਵਸਨੀਕ ਹੈ। ਇਹ ਗਿਣਤੀ ਦਾ ਅਸਰ ਸਕੂਲ, ਸੜਕਾਂ, ਹਸਪਤਾਲ, ਬੱਚਿਆਂ ਦੀ ਦੇਖ ਭਾਲ਼ ਅਤੇ ਹੋਰ ਕਈ ਸਰਕਾਰੀ ਯੋਜਨਾਵਾਂ ਉੱਪਰ ਪੈਂਦਾ ਹੈ। ਮਰਦਮਸ਼ੁਮਾਰੀ ਦੀ ਗਿਣਤੀ ਰਾਹੀਂ ਅਮਰੀਕਾ ਦੀ ਸਰਕਾਰ ਆਪਣਾ ਨੁਮਾਇੰਦਾ ਵੀ ਚੁਣਦੀ ਹੈ। ਇਸ ਲਈ ਬਹੁਤ ਜ਼ਰੂਰੀ ਹੈ ਕਿ ਇਹ ਗਿਣਤੀ ਸਹੀ ਤਰੀਕੇ ਨਾਲ ਕੀਤੀ ਜਾਵੇ।

ਤੁਹਾਡੇ ਦਿੱਤੇ ਹੋਏ ਜਵਾਬ ਗੁਪਤ ਰੱਖੇ ਜਾਣਗੇ। ਮਰਦਮਸ਼ੁਮਾਰੀ ਵਿੱਚ ਤੁਹਾਡੇ ਦਿੱਤੇ ਹੋਏ ਜਵਾਬ ਤੁਹਾਡੇ ਖਿਲਾਫ਼ ਨਹੀਂ ਵਰਤੇ ਜਾਣਗੇ।

ਆਪਣਾ ਫ਼ਰਜ ਬਣਦਾ ਹੈ ਕਿ ਮਰਦਮਸ਼ੁਮਾਰੀ ਵਿੱਚ ਹਿੱਸਾ ਲਈਏ ਤਾਂ ਜੋ ਆਪਣੇ ਭਾਈਚਾਰੇ ਨੂੰ ਲੋੜੀਂਦੀਆਂ ਸਹੂਲਤਾਂ ਮਿਲ ਸਕਣ।

ਤੁਸੀਂ ਇਸ ਮਰਦਮਸ਼ੁਮਾਰੀ ਦੇ ਫ਼ਾਰਮ ਨੂੰ ਔਣਲਾਈਨ, ਫ਼ੋਨ ਜਾਂ ਫ਼ਿਰ ਡਾਕ ਦੇ ਰਾਹੀਂ ਭਰ ਸਕਦੇ ਹੋ।

**ਹੋਰ ਜਾਣਕਾਰੀ ਲਈ: KernCounts.org**

**#KernCounts**

# ਸਿੱਖਾਂ ਦੇ ਪਹਿਲੇ ਤੇ ਆਖਰੀ ਰਾਜੇ ਬਾਰੇ ਸੱਚੋ ਸੱਚ

**-ਗੁਰਚਰਨ ਸਿੰਘ ਜਿਉਣ ਵਾਲਾ**

ਮੈਂ ਮਿਸਲਾਂ ਦੇ ਛੋਟੇ ਛੋਟੇ ਰਾਜਿਆਂ ਨੂੰ ਰਾਜੇ ਨਾ ਮੰਨ ਕੇ ਵੱਡੇ ਅਤੇ ਸਮੁਚੇ ਪੰਜਾਬ ਤੇ ਰਾਜ ਕਰਦੇ ਰਾਜੇ ਬਾਰੇ ਲਿਖਣ ਲੱਗਾ ਹਾਂ ਜਿਸ ਦੇ ਰਾਜ ਦੀਆਂ ਧੁੰਮਾਂ ਦੁਨੀਆਂ ਵਿਚ ਪਈਆਂ ਸਨ। ਰੂਸੀ ਸ਼ਹਿਜ਼ਾਦਾ ਸੋਲਟੀਕੁਫ 1842 ਵਿਚ ਮਿਤਰਤਾ ਵਾਲਾ ਖਤ ਲੈ ਕੇ ਲਹੌਰ ਪਹੁੰਚਿਆ ਅਤੇ ਇਥੇ ਇਹ ਮਹਾਰਾਜਾ ਸ਼ੇਰ ਸਿੰਘ ਦਾ ਪ੍ਰਾਹੁਣਾ ਬਣਿਆ। ਲਹੌਰ ਦੇ ਸ਼ਾਲਾਮਾਰ ਬਾਗ ਦੀ ਰੌਣਕ ਅਤੇ ਸਫਾਈ ਵੇਖ ਕੇ ਇਹ ਕਹਿੰਦਾ ਹੈ ਕਿ ਇਹ ਫਰਾਂਸ ਦੇ ਵਰਸਾਈਲ ਮਹਿਲਾਂ ਦੇ ਤੁਲ ਹੈ ਜੋ ਸਵਰਗ ਦੇ ਨਜ਼ਾਰੇ ਦੀ ਝਲਕ ਦਿੰਦਾ ਹੈ। ਫਰਾਂਸ ਦੇ ਰਾਜੇ ਦਾ ਐਸਾ ਖਤ ਇਸ ਤੋਂ ਕਈ ਸਾਲ ਪਹਿਲਾਂ ਲਹੌਰ ਪੁੱਜ ਚੁੱਕਾ ਸੀ।

ਸਿੱਖੋ! ਮਾਣ ਕਰੋ ਆਪਣੇ ਮਹਾਰਾਜੇ ਰਣਜੀਤ ਸਿੰਘ ਤੇ ਜਿਸ ਨੂੰ ਆਪਣੇ ਬਾਪ ਕੋਲੋਂ ਵਿਰਸੇ ਵਿਚ ਕੁੱਝ ਕੁ ਸੈਂਕੜੇ ਸਿਪਾਹੀ ਅਤੇ ਪਿੰਡ ਮਿਲੇ ਸਨ ਅਤੇ ਆਪਣੇ 40 ਕੁ ਸਾਲਾਂ ਦੇ ਰਾਜ 'ਚ ਖਾਲਸਾ ਰਾਜ ਨੂੰ ਦੁਨੀਆਂ ਦੀ ਸੁਪਰ-ਪਾਵਰ ਬਣਾ ਦਿੱਤਾ। ਰਸ਼ੀਆ ਵਾਂਗਰ ਨਹੀਂ ਕਿ ਲੋਕਾਂ ਦਾ ਢਿੱਡ ਭਰਨ ਲਈ ਅਨਾਜ ਆਪਣੇ ਹੀ ਦੁਸ਼ਮਣ ਤੋਂ ਮੰਗਣਾ ਪਵੇ। ਪਰ ਖਾਲਸਾ ਰਾਜ ਤਾਂ ਖਾਣ ਲਈ ਕੁਦਰਤੀ ਲੂਣ/ਨਮਕ ਦਰਾਮਦ ਕਰਕੇ ਹੀ ਲੱਖਾਂ ਰੁਪਿਆ ਦਾ ਵਪਾਰ ਕਰਦਾ ਸੀ। ਸ਼ਹਿਦ, ਰੇਸ਼ਮੀ ਕਪੜਾ ਤੇ ਗੁਲਬਦਨ ਅੰਮ੍ਰਿਤਸਰ ਤੇ ਮੁਲਤਾਨ ਵਿਚ ਵਪਾਰ ਲਈ ਤਿਆਰ ਕੀਤੇ ਜਾਂਦੇ ਸਨ। ਮੈਂ ਫਰੀਦਕੋਟ ਰਿਆਸਤ ਦੇ ਰਹਿਣ ਵਾਲਾ ਹਾਂ ਤੇ ਇਸ ਪਾਸੇ ਦੇ ਪੰਜਾਬ ਵਿਚ ਤਾਂ ਇਹੀ ਪ੍ਰਚਾਰ ਕੀਤਾ ਗਿਆ ਕਿ ਅਗਰੇਜ਼ਾਂ ਨੇ 1880 ਵਿਚ ਨਹਿਰਾਂ ਕੱਢ ਕੇ ਲੋਕਾਂ ਨੂੰ ਖੇਤੀ ਕਰਨ ਦਾ ਤਰੀਕਾ ਸਿਖਾਇਆ, ਨਹਿਰਾਂ ਰਾਹੀਂ ਵਪਾਰ ਕਰਨਾ ਤੇ ਲੱਕੜ ਦੀ ਢੋ-ਢੁਆਈ ਸਿਖਾਈ। ਪਰ ਰਣਜੀਤ ਸਿੰਘ ਨੇ ਤਾਂ 1837 ਵਿਚ ਹੀ ਨਹਿਰੀ ਪਾਣੀ ਨਾਲ 37,500 ਏਕੜ ਜ਼ਮੀਨ ਦੀ ਸਿੰਚਾਈ ਦਾ ਪ੍ਰਬੰਧ ਕਰ ਲਿਆ ਸੀ। ਪਿਛਲੇ ਸਾਲਾਂ ਦੇ ਮੁਕਾਬਲਤਨ ਜਦੋਂ ਇਸ ਸਾਲ ਲੋਕਾਂ ਦੀ ਹਾਲਤ ਚੰਗੀ ਹੋਈ ਤੇ ਸਰਕਾਰੀ ਖਜ਼ਾਨੇ ਵਿਚ ਮਾਮਲਾ ਵੀ ਜ਼ਿਆਦਾ ਆਇਆ ਤਾਂ ਅਗਲੇ ਸਾਲ, 1838 'ਚ, ਦਸ ਲੱਖ ਏਕੜ ਜ਼ਮੀਨ ਨਹਿਰੀ ਪਾਣੀ ਨਾਲ ਸਿੰਜਾਈ ਕੀਤੀ। ਇਸ ਸਾਲ ਤਕ ਨਹਿਰਾਂ ਦੀ ਲੰਬਾਈ 300 ਕੋਹ/ 650 ਤੋਂ 700 ਕਿਲੋਮੀਟਰ ਸੀ ਜੋ ਬਾਅਦ ਵਿਚ ਹੋਰ ਵੀ ਵਧਾਈ ਗਈ। ਨਹਿਰਾਂ ਵਿਚ ਚੱਲਣ ਵਾਲੀਆਂ ਕਿਸ਼ਤੀਆਂ ਪਿੰਡ ਦਾਦਨ ਖਾਨ ਜੋ ਅੱਜ-ਕੱਲ ਪਾਕਿਸਤਾਨ ਵਿਚ ਹੈ ਦੁਨੀਆਂ ਭਰ ਵਿਚ ਮਸ਼ਹੂਰ ਸਨ। ਲੋਕਾਂ ਨੂੰ ਖੂਹ ਅਤੇ ਝੋਟੇ ਲਾਉਣ ਲਈ ਸਰਕਾਰੀ ਖਜ਼ਾਨੇ ਵਿਚੋਂ ਬਗੈਰ ਵਿਆਜ ਤੋਂ ਪੈਸਾ ਦਿੱਤਾ ਗਿਆ ਜੋ ਬਗੈਰ ਕਿਸੇ ਕਸ਼ਟ ਉਠਾਇਆਂ ਵਾਪਸ ਕਰਨ ਲਈ ਕਿਹਾ ਗਿਆ ਅਤੇ ਕੁੱਝ ਕੁ ਹਾਲਤਾਂ ਵਿਚ ਜੇਕਰ ਕੋਈ ਕਿਸਾਨ ਵਾਪਸ ਨਹੀਂ ਕਰ ਸਕਦਾ ਸੀ ਤਾਂ ਮੁਆਫ ਵੀ ਕੀਤਾ ਗਿਆ। ਮਹਾਂਰਾਜੇ ਦੀ ਇਹ ਸੋਚ ਸੀ ਕਿ ਜੇਕਰ ਜ਼ਿਮੀਦਾਰ ਖੁਸ਼ਹਾਲ ਹਨ ਤਾਂ ਹੀ ਤਾਂ ਉਹ ਮੇਰੇ ਰਾਜ ਦੀ ਰਾਖੀ ਕਰਨ ਲਈ ਚੰਗੇ



ਡੀਲ-ਡੌਲ ਅਤੇ ਤੰਦਰੁਸਤ ਨੌਜਵਾਨ ਪੈਦਾ ਕਰਨਗੇ। ਬਾਰਨ ਚਾਰਲਿਸ ਹੁਗਿਲ ਜਿਹੜਾ ਹੈ ਤਾਂ ਅੰਗਰੇਜ਼ਾਂ ਦਾ ਜਾਸੂਸ ਪਰ ਆਇਆ ਉਹ ਯਾਤਰੂ ਬਣਕੇ ਸੀ। ਕਈ ਵਾਰ ਉਹ ਮਹਾਰਾਜੇ ਰਣਜੀਤ ਸਿੰਘ ਨੂੰ ਮਿਲਿਆ ਵੀ। ਉਹ ਆਪਣੀ ਕਿਤਾਬ,ਕਸ਼ਮੀਰ ਅਤੇ ਪੰਜਾਬ ਵਿਚ ਲਿਖਦਾ ਹੈ ਕਿ ਆਸਟਰੀਆ ਦੀ ਫੌਜ ਬਹੁਤ ਹੀ ਨਿਸ਼ਾਨੇਬਾਜ਼ ਸਮਝੀ ਜਾਂਦੀ ਹੈ ਪਰ ਮਹਾਂਰਾਜੇ ਰਣਜੀਤ ਸਿੰਘ ਦੀ ਫੌਜ ਦਾ ਨਿਸ਼ਾਨਾ ਉਨਾਂ ਤੋਂ ਕਿਤੇ ਵੱਧ ਠੀਕ ਅਤੇ ਪੱਕਾ ਹੈ।ਇਨਾਂ ਦੀਆਂ ਤੋਪਾਂ ਦੇ ਨਿਸ਼ਾਨੇ ਵੇਖ ਮੈਂ ਹੈਰਾਨ ਹਾਂ ਜੋ ਅੰਗਰੇਜ਼ਾਂ ਜਾਂ ਯੁਰਪੀਅਨ ਤੋਪਾਂ ਨਾਲੋਂ ਕਿਤੇ ਵੱਧ ਠੀਕ ਹਨ। ਰਵਾਇਤੀ ਹੱਥਿਆਰ ਜਿਵੇਂ ਕਿਰਪਾਨ, ਨੇਜ਼ਾ, ਭਾਲਾ ਤਾਂ ਸਾਡੇ ਨਾਲੋਂ ਵਧੀਆ ਹੈ ਹੀ ਹਨ ਪਰ ਜੇ ਕਿਧਰੇ ਯੁਰਪੀਅਨ ਤੋਪਾਂ ਤੇ ਮਹਾਂਰਾਜੇ ਦੀਆਂ ਤੋਪਾਂ ਨੂੰ ਰਲਾ ਕੇ ਰੱਖ ਦਿੱਤਾ ਜਾਵੇ ਤਾਂ ਕੋਈ ਨਹੀਂ ਪਛਾਣ ਸਕੇਗਾ ਕਿ ਕਿਹੜੀ ਕਿਸਦੀ ਹੈ। ਇਹ ਸਾਰੀ ਕਾਰੀਗਰੀ ਭਾਈ ਲਹਿਣਾ ਸਿੰਘ ਦੀ ਸੀ ਜਿਹੜਾ ਕਦੇ ਕਿਸੇ ਚੀਜ਼ ਨੂੰ ਵੇਖ ਆਉਂਦਾ ਉਸ ਤੋਂ ਵਧੀਆ ਓਹੀ ਚੀਜ਼ ਓਹ ਇਕ ਦੋ ਮਹੀਨਿਆਂ ਵਿਚ ਤਿਆਰ ਕਰਕੇ ਮਹਾਂਰਾਜੇ ਦੇ ਪੇਸ਼ ਕਰ ਦਿੰਦਾ। ਬਾਬਾ ਪ੍ਰੇਮ ਸਿੰਘ ਹੋਤੀ ਇਸੇ ਕਿਤਾਬ ਵਿਚ ਲਿਖਦੇ ਹਨ ਕਿ ਘੋੜੇ ਦੀ ਨਾਲ (ਪੈਰ ਵਿਚ ਖੁਰੀ ਲਾਉਣ ਲਈ ਵਰਤੀ ਜਾਂਦੀ ਮੇਖ) ਤੋਂ ਲੈ ਕੇ ਅਫਸਰਾਂ ਦੀ ਪੱਗ ਤਕ ਰਾਜੇ ਦੀ ਨਜ਼ਰ ਹੇਠੋਂ ਦੀ ਲੰਘਦੀ। ਆਪਣੇ ਪ੍ਰਧਾਨ ਮੰਤਰੀ ਅਜ਼ੀਜ਼ੁਦੀਨ ਨੂੰ ਇਹ ਹੁਕਮ ਸੀ ਕਿ ਮੈਂ ਸਿੱਖ ਰਾਜਾ ਹਾਂ ਇਸ ਕਰਕੇ ਕਿਸੇ ਸਿੱਖ ਨਾਲ ਕਾਨੂੰਨੀ ਤੌਰ ਤੇ ਲਿਹਾਜ਼ ਕਰੇਂ ਅਤੇ ਤੂੰ ਮੁਸਲਮਾਨ ਹੈਂ ਪ੍ਰਧਾਨ ਮੰਤਰੀ ਹੋਣ ਦੇ ਨਾਤੇ ਕਿਸੇ ਮੁਸਲਮਾਨ ਨਾਲ ਲਿਹਾਜ਼ ਕਰੇਂ ਮੈਂ ਇਹ ਬਰਦਾਸ਼ਤ ਨਹੀਂ ਕਰਾਂਗਾ। ਮਹਾਰਾਜੇ ਰਣਜੀਤ ਸਿੰਘ ਦੇ ਸਮੁੱਚੇ ਰਾਜ-ਕਾਲ ਵਿਚ ਸਰਹੱਦੀ ਇਲਾਕਿਆਂ ਨੂੰ ਛੱਡ ਕੇ ਸਾਰੇ ਖਾਲਸਾ ਰਾਜ ਵਿਚ ਕਿਧਰੇ ਵਿਦਰੋਹ ਨਹੀ ਹੋਇਆ। ਖਲੀਫਾ ਸੱਯਦ ਮੁਹੰਮਦ ਅਤੇ ਬਾਰਕਜ਼ਈ ਭਰਾਵਾਂ ਮੁਹੰਮਦ ਆਜ਼ਮ ਅਤੇ ਦੋਸਤ ਮੁਹੰਮਦ ਨੇ ਕਈ ਵਾਰ ਮਜ਼ਬ ਦੇ ਨਾਂ ਤੇ ਮੁਸਲਮਾਨਾਂ ਨੂੰ ਭੜਕਾਉਣ ਦੇ ਯਤਨ ਕੀਤੇ ਪਰ ਉਨਾਂ ਦੀ ਕੋਈ ਪੇਸ਼ ਨਹੀਂ ਗਈ ਕਿਉਂਕਿ ਖਾਲਸਾ ਰਾਜ ਵਿਚ ਵੱਸਦੇ ਮੁਸਲਮਾਨ ਵੀ ਓਹਨੇ ਹੀ ਖੁਸ਼ਹਾਲ ਸਨ ਜਿਤਨੇ ਸਿੱਖ ਜਾਂ ਕੋਈ ਹੋਰ ਕੌਮ ਦੇ ਬੰਦੇ। ਹੋਰ ਜ਼ਿਆਦਾ ਵਿਸਥਾਰ ਨਾਲ ਮਹਾਂਰਾਜੇ ਬਾਰੇ ਪੜਨਾ ਹੋਵੇ ਤਾਂ ਹੋਨਿੰਗ ਬਰਗਰ ਦੀ ਕਿਤਾਬ '35 ਸਾਲ ਇਨ ਈਸਟ' ਪੜੋ। ਬਰਨਜ਼ ਅਤੇ ਯਕੋਮਾਂ ਫਰਾਂਸੀਸੀ ਦੇ ਵੀਚਾਰ ਜਾਨਣਾ ਚਾਹੁੰਦੇ ਹੋ ਤਾਂ ਪਟਿਆਲਾ ਯੂਨੀਵਰਸਿਟੀ ਦੀ ਛਾਪੀ ਹੋਈ ਕਿਤਾਬ, 'ਪੰਜਾਬ ਦਾ ਇਤਿਹਾਸ ( ਖਾਲਸਾ ਰਾਜ-ਕਾਲ ਵਿਖੇ) ਕਰਤਾ ਬਾਬਾ ਪ੍ਰੇਮ ਸਿੰਘ ਹੋਤੀ ਸੰਪਾਦਕ ਡਾ. ਫੌਜਾ ਸਿੰਘ ਪੜੋ। ਬਰਨਜ਼ ਲਿਖਦਾ ਹੈ ਕਿ ਮੈਂ ਭਾਰਤ ਦੇ ਹੋਰ ਰਾਜਾਂ ਵਿਚ ਪਹਿਲੇ ਰਾਜਿਆਂ ਦੇ ਪ੍ਰੀਵਾਰਾਂ ਨੂੰ ਭੀਖ ਮੰਗਦੇ ਦੇਖਿਆ ਹੈ ਪਰ ਮਹਾਂਰਾਜੇ ਰਣਜੀਤ ਸਿੰਘ ਨੇ ਜਿਸ ਕਿਸੇ ਵੀ ਸਿਰਦਾਰ ਦਾ ਰਾਜ ਆਪਣੇ ਨਾਲ ਮਿਲਾਇਆ ਉਸਦੇ ਪ੍ਰੀਵਾਰ ਨੂੰ ਸੁਖ ਸਹੂਲਤਾਂ ਵਾਸਤੇ ਵੱਡੀਆਂ ਵੱਡੀਆਂ ਜਗੀਰਾਂ ਦੇ ਕੇ ਨਿਵਾਜਿਆ। ਪੁਰਾਣੇ ਰਾਜਿਆਂ ਦੇ ਪ੍ਰੀਵਾਰ ਵਿਚੋਂ ਪੰਜਾਬ ਵਿਚ ਮੈਂ ਕਿਸੇ ਨੂੰ ਭੀਖ ਮੰਗਦੇ ਨਹੀਂ ਦੇਖਿਆ।

ਜ਼ਨਾਨਖਾਨਿਆਂ ਵਿਚ ਕੰਮ ਕਰਨ ਵਾਸਤੇ ਮਹਾਂਰਾਜੇ ਰਣਜੀਤ ਸਿੰਘ ਨੇ ਖੁਸਰੇ ਨਹੀਂ ਰੱਖੇ ਸਗੋਂ ਜ਼ਨਾਨੀਆਂ ਦੀ ਹਿਫਾਜ਼ਤ ਲਈ ਜਾਂ ਰਾਣੀਆਂ ਦੀ ਸੇਵਾ ਲਈ ਜ਼ਨਾਨੀਆਂ ਹੀ ਮੁਕਰੱਰ ਕੀਤੀਆਂ ਹੋਈਆਂ ਸਨ। ਇਹ ਠੀਕ ਹੈ ਕਿ ਰਾਜੇ ਨੇ ਜਿਸ ਕਿਸੇ ਮਿਸਲ ਨੂੰ ਆਪਣੇ ਰਾਜ ਵਿਚ ਮਿਲਾਉਣ ਲਈ ਲੜਾਈ ਕੀਤੀ ਤੇ ਸਿਰਦਾਰ ਦੀ ਮੌਤ ਹੋ ਗਈ ਉਸ ਦੀ ਸਿਰਦਾਰਨੀ ਨੂੰ ਆਪਣੇ ਮਹਿਲਾਂ ਵਿਚ ਰਾਣੀ ਦੀ ਤਰਾਂ ਸਹੂਲਤਾਂ ਦਿਤੀਆਂ। ਇਹ ਵੀ ਹੋ ਸਕਦਾ ਹੈ ਕਿ ਬਾਹਰੋਂ ਆਏ ਮਹਿਮਾਨਾਂ ਦੀ ਮਹਿਮਾਨ-ਨਿਵਾਜਗੀ ਲਈ ਉਨਾਂ ਔਰਤਾਂ ਨੂੰ ਆਪਣੀ ਇਯਾਸ਼ੀ ਲਈ ਵਰਤਿਆ ਜਾਂਦਾ ਹੋਵੇ ਪਰ ਉਹ ਗੁਲਾਮ ਬਣਾ ਕੇ ਨਹੀਂ ਰੱਖੀਆਂ ਹੋਈਆਂ ਸਨ ਜਿਵੇਂ ਪੁਰਾਣੇ ਮੁਗਲ-ਬਾਦਸ਼ਾਹ ਕਰਦੇ ਸਨ।

ਬਾਕੀ ਸਫ਼ਾ 31 'ਤੇ

# ਮਹਾਰਾਜਾ ਦਲੀਪ ਸਿੰਘ ਦੀ ਵੱਡੀ ਸ਼ਹਿਜ਼ਾਦੀ ਬਾਂਬਾ

**- ਡਾ. ਕੰਵਰਜੀਤ ਸਿੰਘ**

ਅੰਗਰੇਜ਼ਾਂ ਨੇ ਸੰਨ 1849 ਵਿੱਚ ਪੰਜਾਬ ਨੂੰ ਆਪਣੇ ਸਾਮਰਾਜ ਵਿੱਚ ਸ਼ਾਮਿਲ ਕਰਨ ਤੋਂ ਬਾਅਦ ਮਹਾਰਾਜਾ ਦਲੀਪ ਸਿੰਘ ਨੂੰ ਡਾਕਟਰ ਜਾਨ ਲੌਗਿਨ ਦੀ ਨਿਗਰਾਨੀ ਹੇਠ ਉੱਤਰ ਪ੍ਰਦੇਸ਼ ਵਿੱਚ ਫਤਿਹਗੜ ਵਿਖੇ ਭੇਜ ਦਿੱਤਾ ਸੀ। ਅੰਗਰੇਜ਼ਾਂ ਦੇ ਪ੍ਰਭਾਵ ਅਧੀਨ ਉਸ ਨੇ ਸੰਨ 1853 ਵਿੱਚ ਈਸਾਈ ਮੱਤ ਗ੍ਰਹਿਣ ਕਰ ਲਿਆ ਅਤੇ ਸੰਨ 1854 ਵਿੱਚ ਉਸ ਨੂੰ ਇੰਗਲੈਂਡ ਪਹੁੰਚਾ ਦਿੱਤਾ ਗਿਆ। ਸੰਨ 1861 ਵਿੱਚ ਜਦੋਂ ਦਲੀਪ ਸਿੰਘ ਭਾਰਤ ਆਇਆ ਤਾਂ ਉਸ ਨੂੰ ਪੰਜਾਬ ਨਾ ਆਉਣ ਦਿੱਤਾ ਗਿਆ ਅਤੇ ਕੋਲਕਾਤਾ ਵਿਖੇ ਅੰਗਰੇਜ਼ਾਂ ਨੇ ਉਸ ਨੂੰ ਨੇਪਾਲ ਵਿੱਚ ਜਲਾਵਤਨੀ ਭੋਗ ਰਹੀ ਉਸ ਦੀ ਮਾਂ ਰਾਣੀ ਜਿੰਦਾਂ ਨਾਲ ਮਿਲਣ ਦੀ ਆਗਿਆ ਦੇ ਦਿੱਤੀ। ਆਪਣੀ ਮਾਂ ਨਾਲ ਉਸ ਦੀ ਇਹ ਮੁਲਾਕਾਤ 13 ਸਾਲ ਬਾਅਦ ਹੋਈ ਸੀ ਅਤੇ ਇੰਗਲੈਂਡ ਵਾਪਸ ਜਾਂਦਾ ਹੋਇਆ ਉਹ ਆਪਣੀ ਮਾਂ ਨੂੰ ਵੀ ਨਾਲ ਲੈ ਗਿਆ।

ਰਾਣੀ ਜਿੰਦਾਂ ਸੰਨ 1863 ਵਿੱਚ ਅਕਾਲ ਚਲਾਣਾ ਕਰ ਗਈ ਅਤੇ ਮਹਾਰਾਜਾ ਦਲੀਪ ਸਿੰਘ ਉਸ ਦੀਆਂ ਅਸਥੀਆਂ ਜਲ ਪ੍ਰਵਾਹ ਕਰਨ ਲਈ ਭਾਰਤ ਆਇਆ। ਅੰਗਰੇਜ਼ਾਂ ਨੇ ਉਸ ਨੂੰ ਪੰਜਾਬ ਨਾ ਆਉਣ ਦਿੱਤਾ ਅਤੇ ਉਸ ਨੇ ਮਜਬੂਰਨ ਨਾਸਿਕ ਨੇੜੇ ਗੋਦਾਵਰੀ ਨਦੀ ਵਿੱਚ ਆਪਣੀ ਮਾਂ ਦੀਆਂ ਅਸਥੀਆਂ ਨੂੰ ਜਲ ਪ੍ਰਵਾਹ ਕਰ ਦਿੱਤਾ।

ਭਾਰਤ ਤੋਂ ਵਾਪਸ ਪਰਤਦੇ ਸਮੇਂ ਦਲੀਪ ਸਿੰਘ ਨੇ ਮਿਸਰ ਵਿੱਚ ਅਲੈਗਜ਼ਾਂਡਰੀਆ ਵਿਖੇ ਬਾਂਬਾ ਮਯੂਲਰ ਨਾਂ ਦੀ ਕੁੜੀ ਨਾਲ ਸ਼ਾਦੀ ਕਰ ਲਈ। ਇਸ ਕੁੜੀ ਦਾ ਪਿਤਾ ਜਰਮਨ ਅਤੇ ਮਾਂ ਇਥੋਪੀਅਨ ਸੀ। ਮਹਾਰਾਜਾ ਦਲੀਪ ਸਿੰਘ ਅਤੇ ਬਾਂਬਾ ਮਯੂਲਰ ਦੇ ਤਿੰਨ ਬੇਟੇ ਅਤੇ ਤਿੰਨ ਬੇਟੀਆਂ ਹੋਏ। ਬੇਟੀਆਂ ਵਿੱਚੋਂ ਸਭ ਤੋਂ ਵੱਡੀ ਦਾ ਜਨਮ 29 ਸਤੰਬਰ, 1869 ਨੂੰ ਹੋਇਆ ਜਿਸ ਦਾ ਨਾਂ ਉਸ ਦੀ ਮਾਂ, ਦਾਦੀ ਅਤੇ ਪਿਤਾ ਦੇ ਨਾਵਾਂ ਦੇ ਮਿਲਾਵਟੀ ਰੂਪ ਵਿੱਚ 'ਬਾਂਬਾ ਸੋਫੀਆ ਜਿੰਦਾਂ ਦਲੀਪ ਸਿੰਘ' ਰੱਖਿਆ ਗਿਆ।

ਜਦੋਂ ਇਹ ਸ਼ਹਿਜ਼ਾਦੀ ਪਹਿਲੀ ਵਾਰ ਭਾਰਤ ਆਉਣ ਲੱਗੀ ਤਾਂ ਉਸ ਨੇ ਇੰਗਲੈਂਡ ਦੇ ਇੱਕ ਅਖ਼ਬਾਰ ਵਿੱਚ ਇਸ਼ਤਿਹਾਰ ਦਿੱਤਾ ਕਿ ਉਸ ਨੂੰ ਸੱਭਿਆਚਾਰਕ ਰੁਚੀ ਰੱਖਣ ਅਤੇ ਸੰਗੀਤਕ ਪਿਛੋਕੜ ਵਾਲੀ ਕਿਸੇ ਔਰਤ ਦੀ ਲੋੜ ਹੈ ਜੋ ਉਸ ਨਾਲ ਭਾਰਤ ਜਾਣ ਲਈ ਤਿਆਰ ਹੋਵੇ। ਇਸ ਇਸ਼ਤਿਹਾਰ ਦੇ ਜੁਆਬ ਵਿੱਚ ਮੈਰੀ ਐਂਟਨੋਨੇਟੀ, ਜੋ ਹੰਗਰੀ ਦੇ ਇੱਕ ਸਰੇਸ਼ਟ ਵੰਸ਼ ਨਾਲ ਸਬੰਧਿਤ ਸੀ, ਨੂੰ ਚੁਣ ਲਿਆ ਗਿਆ। ਦੋਵੇਂ ਭਾਰਤ ਆ ਕੇ ਲਾਹੌਰ ਅਤੇ ਸ਼ਿਮਲਾ ਵਿਖੇ ਰਹੀਆਂ। ਸ਼ਹਿਜ਼ਾਦੀ ਬਾਂਬਾ ਰਾਹੀਂ ਮੈਰੀ ਐਂਟਨੋਨੇਟੀ ਦੀ ਮੁਲਾਕਾਤ ਸਰਦਾਰ ਉਮਰਾਓ ਸਿੰਘ ਸ਼ੇਰਗਿੱਲ ਨਾਲ ਹੋਈ। ਇਹ ਮੁਲਾਕਾਤ ਜਲਦੀ ਹੀ ਉਨਾਂ ਦੇ ਵਿਆਹ ਦਾ ਰੂਪ ਧਾਰ ਗਈ ਅਤੇ ਉਹ ਹੰਗਰੀ ਵਿੱਚ ਬੁਡਾਪੈਸਟ ਚਲੇ ਗਏ ਜਿੱਥੇ ਉਨਾਂ ਦੀ ਪਹਿਲੀ ਬੇਟੀ ਅੰਮ੍ਰਿਤਾ ਸ਼ੇਰਗਿੱਲ ਦਾ ਜਨਮ ਹੋਇਆ ਜੋ ਭਾਰਤ ਦੀ ਮਹਾਨ ਨਵੀਨਤਾ



ਭਰਪੂਰ ਚਿੱਤਰਕਾਰ ਬਣੀ।

ਸ਼ਹਿਜ਼ਾਦੀ ਬਾਂਬਾ ਕਈ ਵਾਰ ਭਾਰਤ ਆਈ ਅਤੇ ਆਖ਼ਰਕਾਰ ਲਾਹੌਰ ਵਸ ਗਈ। ਉਸ ਨੇ ਲਾਹੌਰ ਦੇ ਮਾਡਲ ਟਾਊਨ ਵਿੱਚ ਕੋਠੀ ਖਰੀਦ ਲਈ ਅਤੇ ਉਸ ਦਾ ਨਾਂ 'ਗੁਲਜ਼ਾਰ' ਰੱਖਿਆ। ਲਾਹੌਰ ਰਹਿੰਦਿਆਂ ਉਸ ਨੇ ਕਿੰਗ ਐਡਵਰਡ ਮੈਡੀਕਲ ਕਾਲਜ (ਹੁਣ ਮੈਡੀਕਲ ਯੂਨੀਵਰਸਿਟੀ) ਦੇ ਪ੍ਰਿੰਸੀਪਲ ਡਾ. ਡੇਵਿਡ ਵਾਟਰਜ਼ ਸਦਰਲੈਂਡ ਨਾਲ ਸ਼ਾਦੀ ਕਰ ਲਈ।

ਉਸ ਨੂੰ ਆਪਣੇ ਪਿਤਾ ਤੋਂ ਵਿਰਸੇ ਵਿੱਚ ਚਿੱਤਰਾਂ, ਕਲਾ ਵਸਤੂਆਂ ਅਤੇ ਇਤਿਹਾਸਕ ਦਸਤਾਵੇਜ਼ਾਂ ਆਦਿ ਦਾ ਵਿਸ਼ਾਲ ਭੰਡਾਰ ਪ੍ਰਾਪਤ ਹੋਇਆ ਸੀ। ਪ੍ਰਾਪਤ ਕੀਤੇ ਦਸਤਾਵੇਜ਼ਾਂ ਦਾ ਅਧਿਐਨ ਕਰਨ ਲਈ, ਜੋ ਵਧੇਰੇ ਫਾਰਸੀ ਭਾਸ਼ਾ ਵਿੱਚ ਸਨ, ਉਸ ਨੇ ਫਾਰਸੀ, ਅਰਬੀ ਅਤੇ ਅੰਗਰੇਜ਼ੀ ਭਾਸ਼ਾਵਾਂ ਦੇ ਮਾਹਿਰ ਪੀਰ ਕਰੀਮ ਬਖ਼ਸ਼ ਸੁਪਰਾ ਨੂੰ ਆਪਣਾ ਅਧਿਆਪਕ ਰੱਖ ਲਿਆ। ਜਲਦੀ ਹੀ ਅਧਿਆਪਕ ਦਾ ਇਹ ਸਬੰਧ ਇੱਕ ਸਤਿਕਾਰ, ਵਿਸ਼ਵਾਸ ਅਤੇ ਈਮਾਨ ਵਿੱਚ ਬਦਲ ਗਿਆ। ਇਥੋਂ ਤੱਕ ਕਿ ਸ਼ਹਿਜ਼ਾਦੀ ਬਾਂਬਾ ਨੇ ਵਿਰਸੇ ਵਿੱਚ ਪ੍ਰਾਪਤ ਹੋਈਆਂ ਵਸਤੂਆਂ ਪੀਰ ਕਰੀਮ ਬਖ਼ਸ਼ ਸੁਪਰਾ ਨੂੰ ਵਸੀਅਤ ਕਰ ਦਿੱਤੀਆਂ। ਸ਼ਹਿਜ਼ਾਦੀ ਬਾਂਬਾ ਦੇ ਮਰਨ ਉਪਰੰਤ ਪਾਕਿਸਤਾਨ ਦੇ ਪੁਰਾਤੱਤਵ ਵਿਭਾਗ ਨੇ ਇਹ ਵਸਤੂਆਂ ਸੁਪਰਾ ਤੋਂ ਖਰੀਦ ਲਈਆਂ ਜੋ ਹੁਣ ਲਾਹੌਰ ਦੇ ਕਿਲੇ ਵਿੱਚ 'ਸ਼ਹਿਜ਼ਾਦੀ ਬਾਂਬਾ ਸੰਗ੍ਰਹਿ' ਨਾਂ ਹੇਠ ਸੁਰੱਖਿਅਤ ਹਨ।

ਸੰਨ 1939 ਵਿੱਚ ਉਸ ਦੇ ਪਤੀ ਡਾ. ਸਦਰਲੈਂਡ ਦੀ ਮੌਤ ਹੋ ਗਈ ਸੀ ਅਤੇ ਬਿਨਾਂ ਸੰਤਾਨ ਉਹ ਇਕੱਲੀ ਰਹਿ ਗਈ ਸੀ। ਉਸ ਦੇ ਭੈਣ-ਭਰਾ ਪਹਿਲਾਂ ਹੀ ਮਰ ਚੁੱਕੇ ਸਨ। ਸੰਨ 1947 ਵਿੱਚ ਪਾਕਿਸਤਾਨ ਬਣਨ ਮਗਰੋਂ ਵੀ ਉਹ ਲਾਹੌਰ ਹੀ ਰਹੀ ਅਤੇ ਆਪਣੇ ਪਿਉ-ਦਾਦੇ ਦੇ ਵਿਸ਼ਾਲ ਸਾਮਰਾਜ ਦੇ ਸੁਨਹਿਰੀ ਯੁੱਗ ਨੂੰ ਯਾਦ ਕਰਦਿਆਂ ਉਸ ਸਾਮਰਾਜ ਦੀ ਰਾਜਧਾਨੀ ਲਾਹੌਰ ਵਿੱਚ ਹੀ 10 ਮਾਰਚ 1957 ਨੂੰ ਚਲਾਣਾ ਕਰ ਗਈ। ਇਸ ਮਹਾਨ ਸਾਮਰਾਜ ਨਾਲ ਸਬੰਧਿਤ ਸ਼ਹਿਜ਼ਾਦੀ ਹੁੰਦਿਆਂ ਵੀ ਉਹ ਜੀਵਨ ਦੇ ਸੱਚ ਤੋਂ ਦੂਰ ਨਹੀਂ ਸੀ। ਲਾਹੌਰ ਦੀ ਜੇਲ ਰੋਡ ਨਾਲ ਲਗਦੇ ਗੋਰਾ ਕਬਰਿਸਤਾਨ ਵਿੱਚ ਉਸ ਦੀ ਸਦੀਵੀਂ ਆਰਾਮਗਾਹ ਉਤੇ ਲੱਗੇ ਸੰਗਮਰਮਰ ਦੇ ਪੱਥਰ ਉਤੇ ਕਲਾਤਮਿਕ ਡਿਜ਼ਾਈਨ ਤਰਾਸ਼ੇ ਗਏ ਹਨ ਅਤੇ ਸ਼ਹਿਜ਼ਾਦੀ ਦੀ ਸਾਰਾਂਸ਼ ਪਛਾਣ ਅੰਗਰੇਜ਼ੀ ਵਿੱਚ ਉੱਕਰੀ ਹੋਈ ਹੈ। ਨਾਲ ਹੀ ਫਾਰਸੀ ਵਿੱਚ ਇੱਕ ਬੈਂਤ ਉਕਰਿਆ ਹੋਇਆ ਹੈ ਜੋ ਇਸ ਪ੍ਰਕਾਰ ਹੈ:

**ਫਰਕ-ਈ-ਸ਼ਾਹੀ ਓ ਬੰਦਗੀ ਬਰਖਾਸਤ**
**ਚੂੰ ਕਜ਼ਾ-ਏ ਨਾਵਿਸ਼ਤਾ ਆਯਦ ਪੇਸ਼**
**ਗਰ ਕਿਸੀ ਖਾਕ-ਏ ਮੁਰਦਾ ਬਜ਼ ਕੁਨਾਦ,**
**ਨਾ ਸ਼ਨਸਾਦ ਤਵਨਗਾਰ ਅਜ਼ ਦਰਵੇਸ਼**

ਲਗਦਾ ਹੈ ਕਿ ਇਹ ਬੈਂਤ ਸ਼ਹਿਜ਼ਾਦੀ ਬਾਂਬਾ ਨੇ ਆਪਣੀ ਹੋਣ ਵਾਲੀ ਕਬਰ ਦੇ ਪੱਥਰ ਉਤੇ ਉਕਰਨ ਲਈ ਪਹਿਲਾਂ ਹੀ ਚੁਣ ਲਿਆ ਹੋਵੇ ਜਿਸ ਦਾ ਮਤਲਬ ਇਹ ਹੈ: ਜਦੋਂ ਮੌਤ ਆਉਂਦੀ ਹੈ ਤਾਂ ਅਮੀਰ-ਗਰੀਬ, ਰਾਜਾ ਅਤੇ ਫ਼ਕੀਰ ਦੇ ਜੀਵਨ ਵਿਚਲਾ ਅੰਤਰ ਖ਼ਤਮ ਹੋ ਜਾਂਦਾ ਹੈ ਅਤੇ ਬਾਅਦ ਵਿੱਚ ਜੇ ਕਬਰ ਨੂੰ ਪੁੱਟ ਕੇ ਦਫ਼ਨਾਈ ਗਈ ਲਾਸ਼ ਤੋਂ ਕਿਸੇ ਦੀ ਅਮੀਰੀ ਜਾਂ ਗਰੀਬੀ ਦੀ ਸ਼ਨਾਖਤ ਕਰਨੀ ਹੋਵੇ ਤਾਂ ਉਹ ਨਹੀਂ ਹੋ ਸਕਦੀ।



Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Raja™ Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja™ Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

1-866-FOR-RAJA (367-7252)
www.RajaSweets.com

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders






ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com www.paradiseballrooms.com

SERVICES INCLUDE
- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING table cloth, napkins, chairs etc.



GLOBAL ALLIANZ
LAW FIRM LLP
US IMMIGRATION MADE EASY

ਕਾਨੂੰਨੀ ਸੇਵਾਵਾਂ




- ਫੈਮਲੀ ਇੰਮੀਗਰੇਸ਼ਨ
- ਗਰੀਨ ਕਾਰਡ ਅਤੇ ਸਿਟੀਜਨਸ਼ਿਪ ਐਪਲੀਕੇਸ਼ਨ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕਾਰ ਦੁਰਘਟਨਾ ਅਤੇ ਕੰਮ ਦੌਰਾਨ ਸੱਟ ਲੱਗਣਾ
- ਪੋਲੀਟੀਕਲ ਅਸਾਈਲਮ




US OFFICE-: # 7899 N. PERSHING AVE., STOCKTON, CA -95207
PHONE-209-808-2136, 209-952-5578 Fax- 209-476-7188

INDIA OFFICE-: SCO 1-4, FIRST FLOOR, SURYA COMPLEX, LEELA BHAWAN, PATIALA, PUNJAB. Phone +91-9814320010

# ਜੇ ਮਨੁੱਖ ਵਿੱਚੋਂ ਮਨੁੱਖਤਾ ਮਰ ਜਾਵੇ

**- ਗੁਰਸ਼ਰਨ ਸਿੰਘ ਕਸੇਲ**

ਅਕਾਲ ਪੁਰਖ ਦੀ ਸਾਜੀ ਹੋਈ ਇਸ ਦੁਨੀਆਂ ਵਿੱਚ ਮਨੁੱਖਾਂ ਤੋਂ ਇਲਾਵਾ ਬੇਅੰਤ ਜੀਵ ਜੰਤੂ ਹੋਰ ਵੀ ਹਨ ਜਿਹੜੇ ਕੁਦਰਤ ਦੇ ਬਣਾਏ ਹੋਏ ਨਿਯਮ ਅਨੁਸਾਰ ਆਪਣਾ-ਆਪਣਾ ਜੀਵਨ ਜੀਅ ਰਹੇ ਹਨ । ਉਹ ਵੀ ਮਨੁੱਖਾਂ ਵਾਂਗ ਬੱਚੇ ਪੈਦਾ ਕਰਦੇ, ਖਾਂਦੇ-ਪੀਂਦੇ, ਸੌਂਦੇ ਅਤੇ ਕਈ ਤਾਂ ਰਬ ਵੱਲੋਂ ਮਿਲੀ ਸੋਝੀ ਅਨੁਸਾਰ ਆਪਣਾ ਘਰ ਵੀ ਬਣਾਉਂਦੇ ਹਨ । ਉਹਨਾਂ ਬਾਰੇ ਸਾਰਿਆਂ ਨੂੰ ਪਤਾ ਹੈ ਕਿ ਇਸ ਜਾਨਵਰ ਨੇ ਇਹ ਹੀ ਕਰਮ ਕਰਨਾ ਹੈ, ਪਰ ਇਕ ਮਨੁੱਖ ਹੀ ਹੈ ਜਿਸ ਨੂੰ ਕਹਿਣਾ ਪੈਂਦਾ ਹੈ ਕਿ ਬੰਦਿਆ, ਬੰਦਾ ਬਣ। ਜਿਵੇਂ ਗੁਰਬਾਣੀ ਸਾਨੂੰ ਸੰਕੇਤ ਕਰਦੀ ਹੈ: ਕਰਤੂਤਿ ਪਸੂ ਕੀ ਮਾਨਸ ਜਾਤਿ ॥(ਪੰਨਾ267)

ਇਹ ਇਸੇ ਕਰਕੇ ਕਹਿਣਾ ਪੈਂਦਾ ਹੈ, ਕਿਉਂਕਿ ਅਕਾਲ ਪੁਰਖ ਦੇ ਨਿਯਮ ਨੇ ਇਸ ਦੇ ਦਿਮਾਗ ਵਿੱਚ ਚੰਗਾ-ਮਾੜਾ ਸੋਚ-ਵਿਚਾਰ ਕਰਨ ਦੀ ਸਮਰਥਾ ਕਿਤੇ ਵੱਧ ਦਿੱਤੀ ਹੋਈ ਹੈ। ਇਸ ਦੀ ਠੀਕ ਵਰਤੋਂ ਕਰਨ ਨਾਲ ਇਹ ਆਪਣਾ ਜੀਵਨ ਅਤੇ ਸਮਾਜ ਨੂੰ ਚੰਗਾ ਬਣਾ ਸਕਦਾ ਹੈ, ਪਰ ਮੋਹ ਮਾਇਆ ਦੇ ਲਾਲਚ ਵਿੱਚ ਪੈ ਕੇ ਜਿਥੇ ਆਪਣੇ ਜੀਵਨ ਨੂੰ ਤਾਂ ਨਰਕ ਬਣਾਉਂਦਾ ਹੀ ਹੈ, ਉਥੇ ਸਮਾਜ ਵਿੱਚ ਵੀ ਕੋਈ ਉਸਾਰੂ ਯੋਗਦਾਨ ਨਹੀਂ ਪਾ ਸਕਦਾ । ਅਕਾਲ ਪੁਰਖ ਨੇ ਮਨੁੱਖਾ ਸਰੀਰ ਨੂੰ ਬਾਕੀ ਸਭ ਜੀਵਾਂ ਦਾ ਸਰਦਾਰ ਬਣਾਇਆ ਹੈ:-

**ਅਵਰ ਜੋਨਿ ਤੇਰੀ ਪਨਿਹਾਰੀ ॥ ਇਸ ਧਰਤੀ ਮਹਿ ਤੇਰੀ ਸਿਕਦਾਰੀ ॥ ਸੁਇਨਾ ਰੂਪਾ ਤੁਝ ਪਹਿ ਦਾਮ ॥ ਸੀਲੁ ਬਿਗਾਰਿਓ ਤੇਰਾ ਕਾਮ ॥**

(ਮ:5,ਪੰਨਾ 374)

ਜਿਥੇ ਗੁਰੂ ਜੀ ਮਨੁੱਖ ਨੂੰ ਸਮਝਾਉਂਦੇ ਹਨ ਕਿ ਸੱਭ ਬਾਕੀ ਜੂਨਾਂ ਤੋਂ ਸੂਝਵਾਨ ਹੋਣ ਕਰਕੇ ਹੀ ਤੇਰੀ ਸਰਦਾਰੀ ਹੈ. ਪਰ ਨਾਲ ਹੀ ਇਹ ਵੀ ਆਖਦੇ ਹਨ ਕਿ ਵਿਕਾਰਾਂ ਨੇ ਤੇਰੀ ਸੋਚ ਵਿਗਾੜ ਦਿੱਤੀ ਹੈ । ਮਨੁੱਖ ਵਿੱਚ ਹੋਰਨਾ ਜੂਨਾਂ ਨਾਲੋਂ ਚੰਗਾ ਹੋਣ ਦਾ ਇਕ ਮੁਖ ਕਾਰਨ ਇਸ ਵਿਚ ਇਨਸਾਨੀਅਤ (ਜ਼ਮੀਰ) ਦਾ ਜਿੰਦਾ ਹੋਣਾ ਹੈ ।

ਇਹ ਹੀ ਗੱਲ ਭਗਤ ਕਬੀਰ ਜੀ ਇਸ ਸ਼ਬਦ ਵਿੱਚ ਵੀ ਸਾਨੂੰ ਸਮਝਾ ਰਹੇ ਹਨ। ਇਸ ਸ਼ਬਦ ਦੀ 'ਰਹਾਉ' ਵਾਲੀ ਪੰਗਤੀ ਵਿੱਚ ਸਾਨੂੰ ਸਮਝਾਉਣ ਵਾਸਤੇ ਆਖਦੇ ਹਨ:

**ਅਪਨੇ ਕਰਮ ਕੀ ਗਤਿ, ਮੈ ਕਿਆ ਜਾਨਉ ॥ ਮੈ ਕਿਆ ਜਾਨਉ, ਬਾਬਾ ਰੇ ॥੧॥ ਰਹਾਉ ॥**

ਹੇ ਬਾਬਾ ! ਮੈਂ ਕਦੇ ਸੋਚਦਾ ਹੀ ਨਹੀਂ ਕਿ ਮੈਂ ਕਿਹੋ ਜਿਹੇ ਨਿੱਤ-ਕਰਮ ਕਰੀ ਜਾ ਰਿਹਾ ਹਾਂ, (ਮੈਂ ਮੰਦੇ ਪਾਸੇ ਹੀ ਲੱਗਾ ਰਹਿੰਦਾ ਹਾਂ, ਤੇ) ਮੈਨੂੰ ਖ਼ਿਆਲ ਹੀ ਨਹੀਂ ਆਉਂਦਾ ।

ਫਿਰ ਕਬੀਰ ਜੀ, ਇਸ ਮਨੁੱਖਾ ਸਰੀਰ ਨੂੰ ਹੋਰਨਾ ਜੂਨਾਂ ਦਾ ਸਰਦਾਰ ਸਮਝਣ ਵਾਲੇ ਇਨਸਾਨ ਨੂੰ ਵਿਕਾਰਾਂ ਵਿੱਚ ਪੈ ਕੇ ਹੋਣ ਵਾਲੇ ਮਾਨਸਿਕ ਨੁਕਸਾਨ ਬਾਰੇ ਸੁਚੇਤ ਕਰਦੇ ਹਨ:

**ਨਰੁ ਮਰੈ, ਨਰੁ ਕਾਮਿ ਨ ਆਵੈ ॥**
**ਪਸੂ ਮਰੈ, ਦਸ ਕਾਜ ਸਵਾਰੈ ॥**

ਹੇ ਮਨੁੱਖ ! ਜੇ ਤੇਰੇ ਵਿੱਚੋਂ ਮਨੁੱਖਤਾ (ਜ਼ਮੀਰ) ਮਰ ਗਈ ਤਾਂ ਤੇਰੇ ਇਸ ਮਨੁੱਖਾ ਸਰੀਰ ਨਾਲੋਂ ਤਾਂ ਮਰਿਆ ਹੋਇਆ ਪਸ਼ੂ ਵੀ ਚੰਗਾ ਹੈ, ਕਿਉਂਕਿ ਉਹ ਮਰ ਕੇ ਵੀ ਮਨੁੱਖ ਦੇ ਕਈ ਕੰਮ ਸਵਾਰ ਦਾ ਹੈ, ਪਰ ਤੂੰ ਜਿੰਦਾ ਹੋਣ ਦੇ ਬਾਵਜੂਦ ਵੀ ਸਿਰਫ ਆਪਣੇ ਸੁਆਰਥਾਂ ਵਿਚ ਗਰਸਿਆ ਹੋਣ ਕਰਕੇ ਕਿਸੇ ਹੋਰ ਦੇ ਕੰਮ ਨਹੀਂ ਆਉਂਦਾ ।

ਇਸ ਸ਼ਬਦ ਵਿੱਚ ਆਮ ਮਨੁੱਖ ਨੇ ਜਦ ਮਰ ਜਾਣਾ ਹੈ ਤਾਂ ਉਸ ਦੇ ਸਰੀਰ ਦਾ ਅੰਤਮ ਵੇਲੇ ਜੋ ਹਾਲ ਹੋਣਾ ਹੈ, ਉਹ ਭਗਤ ਕਬੀਰ ਜੀ ਮਨੁੱਖ ਦੀ ਆਤਮਾ ਨੂੰ ਝੰਜੋੜਨ ਵਾਸਤੇ ਉਸ ਦਾ ਵੇਰਵਾ ਦੇ ਰਹੇ ਹਨ:

**ਹਾਡ ਜਲੇ, ਜੈਸੇ ਲਕਰੀ ਕਾ ਤੂਲਾ ॥ ਕੇਸ ਜਲੇ, ਜੈਸੇ ਘਾਸ ਕਾ ਪੂਲਾ ॥**
**ਕਹੁ ਕਬੀਰ, ਤਬ ਹੀ ਨਰੁ ਜਾਗੈ ॥ ਜਮ ਕਾ ਡੰਡੁ ਮੂੰਡ ਮਹਿ ਲਾਗੈ ॥**

(ਪੰਨਾ 870)

ਇਸੇ ਸ਼ਬਦ ਬਾਰੇ ਇਕ ਪ੍ਰਚਾਰਕ ਸੱਜਣ ਗੱਲ ਸੁਣਾ ਰਹੇ ਸਨ ਕਿ "ਇਕ ਵਿਅਕਤੀ ਮੇਰੇ ਕੋਲ ਆਇਆ ਤੇ ਆਖਣ ਲੱਗਾ ਕਿ, "ਵੇਖੋ ਜੀ, ਗੁਰਬਾਣੀ ਵਿੱਚ ਤਾਂ ਆਇਆ ਹੈ ਕਿ ਜਦੋਂ ਆਦਮੀ ਮਰ ਜਾਂਦਾ ਹੈ ਤਾਂ ਫਿਰ ਉਸਦਾ ਸਰੀਰ ਕਿਸੇ ਕੰਮ ਨਹੀਂ ਆਉਂਦਾ ਹੈ; ਪਰ ਹੁਣ ਤਾਂ ਮਨੁੱਖਾ ਸਰੀਰ ਦੇ ਕਈ ਅੰਗ ਮਰਨ ਮਗਰੋਂ ਕੰਮ ਆ ਜਾਂਦੇ ਹਨ"। ਉਹ ਪ੍ਰਚਾਰਕ ਕਹਿੰਦਾ, "ਮੈਂ ਉਸਨੂੰ ਦੱਸਿਆ ਕਿ ਇਹ ਸ਼ਬਦ ਮਨੁੱਖ ਦੀ ਜ਼ਮੀਰ ਮਰਨ ਦੀ ਗੱਲ ਸਮਝਾ ਰਿਹਾ ਹੈ । ਸਰੀਰ ਦੇ ਕਿਸੇ ਹਿੱਸੇ ਦੇ ਕੰਮ ਆਉਣ ਜਾਂ ਨਾਂ ਆਉਣ ਬਾਰੇ ਨਹੀਂ ਹੈ"। ਫਿਰ ਮੈਂ ਉਸ ਪ੍ਰਚਾਰਕ ਵੀਰ ਨੂੰ ਕਿਹਾ, ਕਿ ਅੱਜ ਵੀ ਮੁਰਦਾ ਮਨੁੱਖ ਦੇ ਸਰੀਰਿਕ ਅੰਗ ਉਸੇ ਦੇ ਹੀ ਕੰਮ ਆਉਂਦੇ ਹਨ, ਜਿਸ ਮਨੁੱਖ ਵਿੱਚ ਮਨੁੱਖਤਾ ਜਿੰਦਾ ਹੋਵੇਗੀ; ਉਹ ਹੀ ਮਨੁੱਖ ਕਿਸੇ ਹੋਰ ਦੇ ਭਲੇ ਵਾਸਤੇ ਸੋਚੇਗਾ । ਉਹ ਹੀ ਆਪਣੀ ਸਰੀਰਕ ਮੌਤ ਮਗਰੋਂ, ਆਪਣੇ ਕਿਸੇ ਅੰਗ ਜਿਵੇਂ ਕਿ, ਅੱਖਾਂ, ਗੁਰਦੇ ਜਾਂ ਸਾਰਾ ਸਰੀਰ ਹੀ ਦੇਣ ਵਾਸਤੇ ਲਿਖ ਕੇ ਜਾਵੇਗਾ । ਉਂਞ ਤਾਂ ਮਨੁੱਖ ਦੇ ਮੁਰਦਾ ਸਰੀਰ ਨੂੰ ਅੱਜ ਵੀ ਕੋਈ ਨਹੀਂ ਵਰਤਦਾ । ਕਿੰਨੇ ਲੋਕ ਰੋਜ ਸੜਕਾਂ ਤੇ ਦੁਰਘਟਨਾ ਨਾਲ ਮਰਦੇ ਹਨ ।

ਇੰਜ ਹੀ ਜੇਕਰ ਅਸੀਂ ਗੁਰਬਾਣੀ ਦੇ ਭਾਵ ਨੂੰ ਨਾ ਸਮਝਾਂਗੇ ਅਤੇ ਸਿਰਫ ਲਫਜ਼ੀ ਅਰਥ ਕਰਾਂਗੇ ਤਾਂ ਗੁਰਬਾਣੀ ਤੋਂ ਸਹੀ ਗਿਆਨ ਨਹੀਂ ਲੈ ਸਕਾਂਗੇ । ਉਦਾਹਰਣ ਦੇ ਤੌਰ ਤੇ ਆਪਾਂ ਗੁਰਬਾਣੀ ਦੀ ਇਹ ਪੰਗਤੀ ਵੇਖਦੇ ਹਾਂ:

**ਮੇਘ ਬਿਨਾ ਜਿਉ ਖੇਤੀ ਜਾਇ ॥**

(ਮ:5,ਪੰਨਾ 269)

ਸੋ, ਕੀ ਜੇਕਰ ਅੱਜ ਟਿਊਬਵੈਲ, ਨਹਿਰਾਂ, ਖੂਹ, ਫੁਹਾਰੇ ਜਾਂ ਕੋਈ ਹੋਰ ਵੀ ਸਾਧਨ ਫਸਲਾਂ ਨੂੰ ਪਾਣੀ ਦੇਣ ਵਲੇ ਬਣ ਗਏ ਹਨ, ਤਾਂ ਕੀ ਗੁਰਬਾਣੀ ਗਲਤ ਹੋ ਗਈ ? ਨਹੀਂ ਅਜਿਹੀ ਕੋਈ ਗੱਲ ਨਹੀਂ ਹੈ; ਕਿਉਂਕਿ ਇਥੇ ਵੀ ਗੁਰੂ ਜੀ ਉਸ ਸਮੇਂ (ਬੱਦਲ) ਖਾਸ ਕਰਕੇ ਮੀਂਹ ਨਾਲ ਖੇਤੀ ਹੋਣ ਦੀ ਦੁਨਿਆਵੀ ਉਦਾਹਰਣ ਦੇ ਕੇ ਸਮਝਾ ਰਹੇ ਹਨ, ਕਿਉਂਕਿ ਉਸ ਸਮੇਂ ਮੀਂਹ ਨਾਲ ਹੀ ਖੇਤਾਂ ਨੂੰ ਪਾਣੀ ਮਿਲਦਾ ਸੀ, ਪਰ ਅਸਲ ਚੀਜ ਤਾਂ ਪਾਣੀ ਹੀ ਹੈ, ਸਾਧਨ ਭਾਂਵੇਂ ਕੋਈ ਵੀ ਹੋਵੇ । ਸਾਰੇ ਜਾਣਦੇ ਹਨ ਕਿ ਪਾਣੀ ਤੋਂ ਬਗੈਰ ਅੱਜ ਵੀ ਖੇਤੀ ਨਹੀਂ ਹੋ ਸਕਦੀ । ਇਹ ਗੱਲ ਵੀ ਸਮਝਣ ਵਾਲੀ ਹੈ ਕਿ ਗੁਰੂ ਜੀ ਨੇ ਉਹ ਹੀ ਉਦਾਹਰਣਾਂ ਦਿੱਤੀਆਂ ਹਨ ਜੋ ਉਸ ਸਮੇਂ ਲੋਕਾਂ ਵਿੱਚ ਪ੍ਰਚਲਤ ਸਨ ਜਾਂ ਉਸ ਸਮੇਂ ਜੋ ਵਾਪਰ ਰਿਹਾ ਸੀ, ਕਿਉਂਕਿ ਇਸ ਨਾਲ ਲੋਕਾਂ ਨੂੰ ਸਮਝਾਉਣਾ ਸੌਖਾਂ ਹੁੰਦਾ ਹੈ ।

ਇਥੇ ਨਾਲ ਹੀ ਆਪਣੀ ਇਕ ਦਿਨ ਦੀ ਗੱਲ ਦੱਸਦਾ ਹਾਂ । ਇਕ ਦਿਨ ਅਸੀਂ ਪ੍ਰੀਵਾਰ ਸਮੇਤ ਟੋਰਾਂਟੋ ਤੋਂ ਆਪਣੇ ਘਰ ਨੂੰ ਆ ਰਹੇ ਸੀ । ਜਦੋਂ ਹਾਈ ਵੇ (ਵੱਡੀ ਸੜਕ) ਤੋਂ ਉਤਰ ਕੇ ਘਰ ਵਾਲੀ ਸੜਕ ਤੇ ਜਾ ਰਹੇ ਸੀ ਤਾਂ ਅੱਗੇ ਚੌਂਕ ਦੇ ਇੱਕ ਪਾਸੇ ਇਕ ਗੋਰਾ ਮੰਗਤਾ ਖਲੋਤਾ ਸੀ । ਮੈਂ ਆਪਣੇ ਨਾਲ ਕਾਰ ਵਿਚ ਬੈਠੇ ਬੱਚਿਆਂ ਨੂੰ ਦੱਸਿਆ ਕਿ ਵੇਖ ਲਓ, ਇਹ ਇਥੋਂ ਦਾ ਵਸਨੀਕ ਹੈ । ਬੋਲੀ ਦੀ ਵੀ ਕੋਈ ਮੁਸ਼ਕਲ ਨਹੀਂ ਹੈ, ਸਰੀਰਿਕ ਤੌਰ ਤੇ ਵੀ ਜਵਾਨ ਹੈ; ਪਰ ਇਹ ਮੇਹਨਤ ਕਰਨੀ ਨਹੀਂ ਚਾਹੁੰਦਾ, ਲੋਕਾਂ ਕੋਲੋਂ ਮੰਗਦਿਆਂ ਇਸ ਨੂੰ ਕੋਈ ਸ਼ਰਮਿੰਦਗੀ ਨਹੀਂ ਆਉਂਦੀ । ਇਹ ਮਹਿਸੂਸ ਹੀ ਨਹੀਂ ਕਰ ਰਿਹਾ ਕਿ ਲੋਕ ਮੈਨੂੰ ਕੀ ਆਖਣਗੇ, ਕਿਉਂਕਿ ਇਸ ਦੀ ਜ਼ਮੀਰ ਮਰ ਚੁੱਕੀ ਹੈ । ਇਸ ਕਰਕੇ ਜਦੋਂ ਕਿਸੇ ਦੀ ਜ਼ਮੀਰ ਮਰ ਜਾਂਦੀ ਹੈ ਤਾਂ ਉਹ ਮਰੇ ਹੋਏ ਪਸ਼ੂ ਨਾਲੋਂ ਵੀ ਮਾੜਾ ਹੋ ਜਾਂਦਾ ਹੈ ।

ਸੋ, ਇਸ ਕਰਕੇ ਇਹ ਬਹੁਤ ਜ਼ਰੂਰੀ ਹੈ ਕਿ ਅਸੀਂ ਗੁਰਬਾਣੀ ਦੇ ਅੰਤਰੀਵ ਭਾਵ ਨੂੰ ਸਮਝੀਏ । ਜਿਵੇਂ ਭਗਤ ਕਬੀਰ ਜੀ ਦੇ ਇਸ ਸ਼ਬਦ ਦਾ ਭਾਵ ਮਨੁੱਖ ਲਈ ਇਨਸਾਨੀਅਤ ਦਾ ਜਿੰਦਾ ਹੋਣਾ ਬਹੁਤ ਜ਼ਰੂਰੀ ਹੈ । ਜਿਸ ਮਨੁੱਖ ਵਿੱਚੋਂ ਇਨਸਾਨੀਅਤ (ਜ਼ਮੀਰ) ਹੀ ਮਰ ਗਈ ਉਹ ਕਿਸੇ ਵੀ ਸਮੇਂ, ਕਿਸੇ ਦੇ ਕੰਮ ਨਹੀਂ ਆਉਂਦਾ । ਉਹ ਹਰ ਪਾਸੇ ਆਪਣਾ ਹੀ ਲਾਲਚ ਵੇਖਦਾ ਹੈ । ਉਸ ਲਾਲਚ ਦਾ ਰੂਪ ਕੁਝ ਵੀ ਹੋ ਸਕਦਾ ਹੈ ।

ਗੁਰਬਾਣੀ ਹਮੇਸ਼ਾਂ ਹੀ ਮਨੁੱਖ ਨੂੰ ਆਤਮਿਕ ਗਿਆਨ ਦਾ ਚਾਨਣ ਦੇਂਦੀ ਰਹੇਗੀ । ਮਨੁੱਖ ਭਾਂਵੇਂ 15ਵੀਂ ਸਦੀ ਦਾ ਵਾਸੀ ਹੋਵੇ ਜਾਂ 21ਵੀਂ ਸਦੀ ਦਾ, ਜਾਂ ਇਸ ਤੋਂ ਵੀ ਵੱਧ ਦਾ ਹੋਵੇ ਪਰ ਇਹ ਜਰੂਰੀ ਹੈ ਕਿ ਉਹ ਗਿਆਨ ਦਾ ਚਾਨਣ ਲੈਣਾ ਚਾਹੁੰਦਾ ਹੋਵੇ । ਕਈ ਅਜਿਹੇ ਵੀ ਹਨ ਜੋ ਜਾਣਦੇ ਤਾਂ ਹਨ ਪਰ ਆਪਣੇ ਕਾਰ-ਵਿਹਾਰ ਵਿੱਚ ਲਾਗੂ ਨਹੀਂ ਕਰਦੇ । ਜਿਵੇਂ ਭਗਤ ਕਬੀਰ ਜੀ ਇਸ ਸਲੋਕ ਵਿੱਚ ਆਖਦੇ ਹਨ ਕਿ ਜੇ ਬੰਦੇ ਹੱਥ ਵਿੱਚ ਦਿਵਾ ਫੜਿਆ ਹੋਵੇ ਤੇ ਉਹ ਫਿਰ ਵੀ ਖੂਹ ਵਿੱਚ (ਟੋਏ) ਡਿੱਗ ਪਵੇ ਤਾਂ ਉਸਨੂੰ ਕੀ ਆਖੋਗੇ:-

**ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ ॥**
**ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ ॥**

(ਪੰਨਾ 1376)

ਆਪਾਂ ਪੜਦੇ ਸੁਣਦੇ ਤੇ ਵੇਖਦੇ ਹਾਂ ਕਿ ਹਰੇਕ ਸਮੇਂ ਹੀ ਕਈ ਸਤਿਕਾਰ ਯੋਗ ਅਹੁਦਿਆਂ 'ਤੇ ਬੈਠੇ ਸਿਆਸੀ ਜਾਂ ਧਾਰਮਿਕ ਲੀਡਰ ਪੈਸੇ ਜਾਂ ਚੌਧਰ ਦੀ ਭੁੱਖ ਦੇ ਕਾਰਨ ਆਪਣੀ ਜ਼ਮੀਰ ਨੂੰ ਮਾਰ ਚੁੱਕੇ ਹੁੰਦੇ ਹਨ/ਸਨ । ਅਜਿਹੇ ਲੀਡਰ ਥਾਂ-ਥਾਂ ਅਤੇ ਪਲ-ਪਲ ਵਿੱਚ ਆਪਣੇ ਬਿਆਨ ਬਦਲਦੇ ਰਹਿੰਦੇ ਸਨ /ਹਨ । ਉਹਨਾਂ ਨੂੰ ਸਿਰਫ ਤੇ ਸਿਰਫ ਪੈਸੇ ਜਾਂ ਅਹੁਦੇ ਤੇ ਟਿਕੇ ਰਹਿਣ ਦੀ ਖਾਹਸ਼ ਰਹਿੰਦੀ ਸੀ/ਹੈ । ਇਸ ਦੇ ਬਦਲੇ ਭਾਂਵੇਂ ਦੇਸ਼, ਕੌਮ, ਜਾਂ ਧਰਮ ਬਰਬਾਦ ਹੋ ਜਾਵੇ; ਅਜਿਹੇ ਲੀਡਰਾਂ ਦੀ ਜ਼ਮੀਰ 'ਤੇ ਕੋਈ ਫਰਕ ਨਹੀਂ ਪੈਂਦਾ ।

ਸੋ, ਕਿੰਨਾ ਚੰਗਾ ਹੋਵੇ ਜੇਕਰ ਅਸੀਂ ਗੁਰੂ ਦੇ ਸਿੱਖ ਅਖਵਾਉਣ ਵਾਲੇ ਤਾਂ ਗੁਰਮਤਿ ਦੀ ਵਿਚਾਰਧਾਰਾ ਅਨੁਸਾਰ ਆਪਣਾ ਜੀਵਣ ਜੀਉਣ ਦੀ ਕੋਸ਼ਿਸ਼ ਕਰੀਏ ਤਾਂ ਕਿ ਅਸੀਂ ਆਪਣੇ ਅੰਦਰ ਦੀ ਅਵਾਜ ਸੁਣ ਕੇ ਸ਼ਰਮਿੰਦਗੀ ਮਹਿਸੂਸ ਨਾ ਕਰੀਏ; ਕਿਉਂਕਿ ਜਿਸ ਤਰਾਂ ਦੀ ਸਾਡੀ ਸੋਚ ਹੋਵੇਗੀ, ਉਹ ਹੀ ਸਾਡੇ ਦੁਨੀਆਵੀ ਕੰਮ ਵੀ ਹੋਣਗੇ । ਬਾਹਰੀ ਭੇਖ ਬਹੁਤਾ ਚਿਰ ਛੁਪਿਆ ਨਹੀਂ ਰਹਿੰਦਾ ।

ਜਿਵੇਂ ਗੁਰਬਾਣੀ ਦੇ ਹੇਠ ਲਿਖੇ ਸ਼ਬਦ ਸੁਚੇਤ ਕਰਦੇ ਹਨ:-

**ਕਰਮ ਧਰਤੀ ਸਰੀਰੁ ਕਲਿਜੁਗ ਵਿਚਿ ਜੇਹਾ ਕੋ ਬੀਜੇ ਤੇਹਾ ਕੋ ਖਾਏ ॥**
**ਗਲਾ ਉਪਰਿ ਤਪਾਵਸੁ ਨ ਹੋਈ ਵਿਸੁ ਖਾਧੀ ਤਤਕਾਲ ਮਰਿ ਜਾਏ ॥**

(ਮ:4,ਪੰਨਾ 308)

ਅਰਥ: ਇਸ ਮਨੁੱਖਾ ਜਨਮ ਵਿਚ ਸਰੀਰ ਕਰਮ-(ਰੂਪ ਬੀਜ ਬੀਜਣ ਲਈ) ਭੁੰਏਂ ਹੈ, ਇਸ ਵਿਚ ਜਿਸ ਤਰਾਂ ਦਾ ਬੀਜ ਮਨੁੱਖ ਬੀਜਦਾ ਹੈ, ਉਸੇ ਤਰਾਂ ਦਾ ਫਲ ਖਾਂਦਾ ਹੈ (ਕੀਤੇ ਕਰਮਾਂ ਦਾ ਨਿਬੇੜਾ ਗੱਲਾਂ ਉਤੇ ਨਹੀਂ ਹੁੰਦਾ, ਜੇ ਵਿਹੁ ਖਾਧੀ ਜਾਏ ਤਾਂ (ਅੰਮ੍ਰਿਤ ਦੀਆਂ ਗੱਲਾਂ ਕਰਦਿਆਂ ਭੀ ਮਨੁੱਖ ਬਚ ਨਹੀਂ ਸਕਦਾ) ਤੁਰੰਤ ਮਰ ਜਾਂਦਾ ਹੈ।

**ਬਾਹਰਿ ਪਾਖੰਡ ਸਭ ਕਰਮ ਕਰਹਿ ਮਨਿ ਹਿਰਦੈ ਕਪਟੁ ਕਮਾਇ॥**
**ਖੇਤਿ ਸਰੀਰਿ ਜੋ ਬੀਜੀਐ ਸੋ ਅੰਤਿ ਖਲੋਆ ਆਇ ॥**
**ਨਾਨਕ ਕੀ ਪ੍ਰਭ ਬੇਨਤੀ ਹਰਿ ਭਾਵੈ ਬਖਸਿ ਮਿਲਾਇ ॥**

(ਮ:3, ਪੰਨਾ 1417)

ਅਰਥ:- ਅਜਿਹੇ ਮਨੁੱਖ ਆਪਣੇ ਮਨ ਵਿਚ ਹਿਰਦੇ ਵਿਚ ਖੋਟ ਕਮਾ ਕੇ ਬਾਹਰ (ਲੋਕਾਂ ਨੂੰ ਵਿਖਾਣ ਲਈ) ਵਿਖਾਵੇ ਦੇ ਧਾਰਮਿਕ ਕਰਮ ਕਰਦੇ ਰਹਿੰਦੇ ਹਨ। (ਇਹ ਕੁਦਰਤੀ ਨਿਯਮ ਹੈ ਕਿ) ਇਸ ਸਰੀਰ-ਖੇਤ ਵਿਚ ਜਿਹੜਾ ਭੀ (ਚੰਗਾ ਮੰਦਾ) ਕਰਮ ਬੀਜਿਆ ਜਾਂਦਾ ਹੈ, ਉਹ ਜ਼ਰੂਰ ਪਰਗਟ ਹੋ ਜਾਂਦਾ ਹੈ।

ਹੇ ਪ੍ਰਭੂ ! ਹੇ ਹਰੀ ! (ਤੇਰੇ ਦਾਸ) ਨਾਨਕ ਦੀ (ਤੇਰੇ ਦਰ ਤੇ) ਬੇਨਤੀ ਹੈ ਕਿ ਜਿਵੇਂ ਹੋ ਸਕੇ ਮਿਹਰ ਕਰ ਕੇ (ਜੀਵਾਂ ਨੂੰ ਆਪਣੇ ਚਰਨਾਂ ਵਿਚ) ਜੋੜ।

**(ਟੀਕਾਕਾਰ : ਪ੍ਰੋ: ਸਾਹਿਬ ਸਿੰਘ ਜੀ)**

ਹੇ ਅਕਾਲ ਪੁਰਖ ! ਹਰੇਕ ਮਨੁੱਖ 'ਤੇ ਆਪਣੀ ਮੇਹਰ ਰੱਖੀਂ, ਤਾਂ ਕਿ ਉਸਦੀ ਜ਼ਮੀਰ (ਇਨਸਾਨੀਅਤ) ਨਾ ਮਰ ਜਾਵੇ, ਕਿਉਂਕਿ ਜ਼ਮੀਰ ਦੀ ਮੌਤ ਹੋਣ ਕਰਕੇ ਇਹ ਕਿਤੇ ਦੁਨੀਆਂ ਦੇ ਸਭ ਜੀਵਾਂ ਦਾ ਸਰਦਾਰ ਹੁੰਦਿਆਂ ਹੋਇਆਂ ਵੀ ਮਰੇ ਹੋਏ ਪਸ਼ੂ ਤੋਂ ਵੀ ਭੈੜਾ ਨਾ ਬਣ ਜਾਵੇ।




# ਕਾਂਸ਼ੀ ਰਾਮ ਦੀ ਵਿਰਾਸਤ ਬਾਰੇ ਮਾਇਆਵਤੀ ਤੇ ਚੰਦਰਸ਼ੇਖਰ ਦੀ ਜੰਗ ਛਿੜੀ

- ਪ੍ਰੋ. ਬਲਵਿੰਦਰਪਾਲ ਸਿੰਘ
ਮੋਬ. 9815700916

ਭੀਮ ਆਰਮੀ ਦੇ ਬਾਨੀ ਚੰਦਰ ਸ਼ੇਖਰ ਅਜ਼ਾਦ ਨੇ ਭਾਰਤੀ ਰਾਜਨੀਤੀ ਵਿਚ ਕਦਮ ਰੱਖਦਿਆਂ ਦਲਿਤਾਂ ਦੇ ਮਸੀਹਾ ਕਾਂਸ਼ੀ ਰਾਮ ਜੀ ਦੇ ਜਨਮ ਦਿਨ 15 ਮਾਰਚ ਦੌਰਾਨ ਆਪਣੀ ਨਵੀਂ ਪਾਰਟੀ ਅਜ਼ਾਦ ਸਮਾਜ ਪਾਰਟੀ ਦਾ ਐਲਾਨ ਕਰ ਦਿੱਤਾ ਹੈ। ਪਿਛਲੇ ਸਾਲ ਹੋਈਆਂ ਲੋਕ ਸਭਾ ਚੋਣਾਂ ਦੇ ਦੌਰਾਨ ਵੀ ਇਹ ਚਰਚਾ ਸੀ ਕਿ ਭੀਮ ਆਰਮੀ ਦੇ ਬਾਨੀ ਚੰਦਰ ਸ਼ੇਖਰ ਖੁਦ ਚੋਣ ਲੜ ਸਕਦੇ ਹਨ। ਚਰਚਾ ਤਾਂ ਇੱਥੋਂ ਤੱਕ ਸੀ ਕਿ ਚੰਦਰ ਸ਼ੇਖਰ ਵਾਰਾਨਸੀ ਤੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਖਿਲਾਫ਼ ਚੋਣ ਲੜਨਗੇ ਤਦ ਚੰਦਰ ਸ਼ੇਖਰ ਨੇ ਮਾਇਆਵਤੀ ਨੂੰ ਬਹੁਜਨ ਦੀ ਇਕੋ ਇਕ ਲੀਡਰ ਮੰਨਦੇ ਹੋਏ ਉਸ ਨੂੰ ਆਪਣਾ ਸਮਰਥਨ ਦੇਣ ਦਾ ਐਲਾਨ ਕੀਤਾ ਸੀ। ਲੋਕ ਸਭਾ ਚੋਣ ਵਿਚ ਬਸਪਾ ਨੂੰ ਦਸ ਸੀਟਾਂ ਮਿਲੀਆਂ ਸਨ, ਪਰ ਉਸ ਦੇ ਬਾਅਦ ਮਾਇਆਵਤੀ ਜਨਤਕ ਤੌਰ ’ਤੇ ਰਾਜਨੀਤਕ ਸੰਘਰਸ਼ ਭੁੱਲ ਗਈ। ਲੋਕ ਸਭਾ ਚੋਣ ਦੇ ਬਾਅਦ ਉਸ ਨੇ ਕਿਸੇ ਮੁੱਦੇ ’ਤੇ ਬੀਐਸਪੀ ਨੂੰ ਜਨਤਕ ਸੰਘਰਸ਼ ਲਈ ਸੜਕਾਂ ’ਤੇ ਨਹੀਂ ਉਤਾਰਿਆ। ਇਸ ਦੇ ਉਲਟ ਚੰਦਰ ਸ਼ੇਖਰ ਨੇ ਬਹੁਜਨ ਤੇ ਮੁਸਲਮ ਸਮਾਜ ਨਾਲ ਜੁੜੇ ਮੁੱਦਿਆਂ ’ਤੇ ਲੜਾਕੂ ਰਾਜਨੀਤੀ ਕਰਕੇ ਬੀਐਸਪੀ ਦੇ ਇਸ ਮਜ਼ਬੂਤ ਵੋਟ ਬੈਂਕ ਵਿਚ ਸੰਨ ਲਗਾਉਣ ਦੀ ਪੂਰੀ ਕੋਸ਼ਿਸ਼ ਕੀਤੀ। ਚੰਦਰ ਸ਼ੇਖਰ ਤੋਂ ਪਹਿਲਾਂ ਵੀ ਕਈ ਲੋਕਾਂ ਨੇ ਕਾਂਸ਼ੀ ਰਾਮ ਤੇ ਮਾਇਆਵਤੀ ਦਾ ਬਦਲ ਬਣਨ ਦੀ ਕੋਸ਼ਿਸ ਕੀਤੀ ਹੈ, ਪਰ ਉਨਾਂ ਨੂੰ ਇਸ ਵਿਚ ਸਫਲਤਾ ਨਹੀਂ ਮਿਲ ਸਕੀ। ਸਾਲ 2003 ਦੌਰਾਨ ਉਦਿਤ ਰਾਜ ਨੇ ਬਾਬਾ ਸਾਹਿਬ ਅੰਬੇਡਕਰ ਦੀ ਤਰਜ ’ਤੇ ਦਿੱਲੀ ਦੇ ਰਾਮ ਲੀਲਾ ਮੈਦਾਨ ਵਿਚ ਇਕ ਵੱਡੀ ਰੈਲੀ ਬੁਲਾ ਕੇ ਹਿੰਦੂ ਧਰਮ ਤਿਆਗ ਕੇ ਬੁੱਧ ਧਰਮ ਅਪਨਾਉਣ ਦਾ ਐਲਾਨ ਕੀਤਾ ਸੀ। ਕੁਝ ਦਿਨ ਬਾਅਦ ਹੀ ਇਹ ਇੰਡੀਅਨ ਜਸਟਿਸ ਪਾਰਟੀ ਬਣਾ ਕੇ ਚੋਣ ਰਾਜਨੀਤੀ ਵਿਚ ਭਾਗ ਲਿਆ। ਉਦਿਤ ਰਾਜ ਆਪਣੇ ਆਪ ਨੂੰ ਕਾਂਸ਼ੀ ਰਾਮ ਦਾ ਬਦਲ ਮੰਨਦੇ ਸਨ ਤੇ ਬੀਬੀ ਮਾਇਆਵਤੀ ਦੇ ਬਦਲ ਦੇ ਤੌਰ ’ਤੇ ਉਸ ਨੇ ਸਾਰਿਕਾ ਚੌਧਰੀ ਨਾਮ ਦੀ ਇਕ ਨੌਜਵਾਨ ਬੀਬੀ ਨੂੰ ਅੱਗੇ ਵਧਾਉਣ ਦੀ ਭਰਪੂਰ ਕੋਸ਼ਿਸ਼ ਕੀਤੀ। ਕਈ ਚੋਣਾਂ ਵਿਚ ਸਖ਼ਤ ਮਿਹਨਤ ਕਰਨ ਦੇ ਬਾਅਦ ਉਨਾਂ ਦੀ ਪਾਰਟੀ ਨੂੰ ਕੋਈ ਸਫਲਤਾ ਨਹੀਂ ਮਿਲੀ। 2009 ਵਿਚ ਉਦਿਤ ਰਾਜ ਨੇ ਬਿਜਨੌਰ ਜ਼ਿਲੇ ਦੀ ਨਗੀਨਾ ਲੋਕ ਸਭਾ ਸੀਟ ਤੋਂ ਚੋਣ ਲੜੀ ਪਰ 5 ਹਜ਼ਾਰ ਵੋਟ ਵੀ ਪ੍ਰਾਪਤ ਨਹੀਂ ਕਰ ਸਕੇ। ਉਨਾਂ ਦੀ ਪਾਰਟੀ ਵਲੋਂ ਸਾਰਿਕਾ ਚੌਧਰੀ ਨੇ 2012 ਦੌਰਾਨ ਬਿਜਨੌਰ ਦੀ ਨਹਿਦੌਰ ਵਿਧਾਨ ਸਭਾ ਸੀਟ ਤੋਂ ਚੋਣ ਲੜੀ ਤਦ ਪੀਸ ਪਾਰਟੀ ਦੇ ਨਾਲ ਗੱਠਜੋੜ ਦੇ ਸਹਾਰੇ ਉਹ ਅਠਾਰਾਂ ਹਜ਼ਾਰ ਵੋਟ ਪ੍ਰਾਪਤ ਕਰਨ ਵਿਚ ਸਫਲ ਰਹੀ ਸੀ। ਚੋਣ ਵਿਚ ਲਗਾਤਾਰ ਅਸਫਲਤਾ ਤੋਂ ਹਾਰ ਕੇ ਉਦਿਤ ਰਾਜ ਨੇ 2014 ਦੌਰਾਨ ਭਾਜਪਾ ਵਿਚ ਆਪਣੀ ਪਾਰਟੀ ਨੂੰ ਸ਼ਾਮਲ ਕਰ ਦਿੱਤਾ ਤੇ ਦਿੱਲੀ ਦੀ ਉੱਤਰ ਪੱਛਮ ਸੀਟ ਤੋਂ ਸਾਂਸਦ ਬਣ ਗਏ। 2019 ਦੌਰਾਨ ਜਦ ਉਨਾਂ ਨੂੰ ਇਹ ਪਤਾ ਲੱਗਾ ਕਿ ਭਾਜਪਾ ਉਨਾਂ ਨੂੰ ਟਿਕਟ ਨਹੀਂ ਦੇ ਰਹੀ ਤਾਂ ਉਹ ਕਾਂਗਰਸ ਵਿਚ ਸ਼ਾਮਲ ਹੋ ਗਈ।

ਉਦਿਤ ਰਾਜ ਦੀ ਤਰਾਂ ਭਾਈ ਤੇਜ ਸਿੰਹ ਨੇ ਆਈਏਐਸ ਦੀ ਨੌਕਰੀ ਛੱਡ ਕੇ ਅੰਬੇਡਕਰ ਸਮਾਜ ਪਾਰਟੀ ਦੇ ਨਾਮ ’ਤੇ ਇਕ ਰਾਜਨੀਤਕ ਪਾਰਟੀ ਬਣਾਈ। ਉਨਾਂ ਨੇ ਵੀ ਆਪਣੇ ਆਪ ਨੂੰ ਕਾਂਸ਼ੀ ਰਾਮ ਤੇ ਮਾਇਆਵਤੀ ਦਾ ਬਦਲ ਬਣਾ ਕੇ ਦਲਿਤ



ਸਿਆਸਤ ਕੀਤੀ। ਪਰ ਉਨਾਂ ਨੂੰ ਦਲਿਤ ਸਮਾਜ ਦਾ ਸਮਰਥਨ ਨਾ ਮਿਲਿਆ। ਇਸ ਤਰਾਂ ਭਾਈ ਤੇਜ ਸਿੰਹ ਤੇ ਉਨਾਂ ਦੀ ਅੰਬੇਡਕਰ ਸਮਾਜ ਪਾਰਟੀ ਸਿਆਸੀ ਇਤਿਹਾਸ ਦੇ ਹਨੇਰੇ ਵਿਚ ਗੁਆਚ ਗਈ। ਉਦਿਤ ਰਾਜ ਤੇ ਭਾਈ ਤੇਜ ਸਿੰਹ ਦਾ ਪਿਛਲਾ ਰਿਕਾਰਡ ਦੇਖਦੇ ਹੋਏ ਚੰਦਰ ਸ਼ੇਖਰ ਦਾ ਰਾਹ ਵੀ ਮੁਸ਼ਕਲ ਜਾਪਦਾ ਹੈ। ਚੰਦਰ ਸ਼ੇਖਰ ਨੂੰ ਇਹ ਫਾਇਦਾ ਜ਼ਰੂਰ ਹੈ ਕਿ ਉਹ ਉਸੇ ਜਾਤੀ ਤੋਂ ਹਨ, ਜਿਸ ਜਾਤੀ ਤੋਂ ਮਾਇਆਵਤੀ ਹੈ। ਉਦਿਤ ਰਾਜ ਪਾਸੀ ਬਰਾਦਰੀ ਨਾਲ ਸੰਬੰਧਿਤ ਸਨ, ਜਿਸ ਦੀ ਗਿਣਤੀ ਉੱਤਰ ਪ੍ਰਦੇਸ਼ ਵਿਚ ਬਹੁਤ ਘੱਟ ਹੈ। ਇਸੇ ਤਰਾਂ ਭਾਈ ਤੇਜ ਸਿੰਘ ਵੀ ਦਲਿਤ ਸਮਾਜ ਦੀ ਅਜਿਹੀ ਜਾਤੀ ਵਿਚੋਂ ਆਉਂਦੇ ਸਨ, ਜਿਨਾਂ ਦੀ ਗਿਣਤੀ ਬਹੁਤ ਘੱਟ ਸੀ। ਇਸ ਲਈ ਜਾਟਵ ਜਾਤੀ ਨਾਲ ਸੰਬੰਧਿਤ ਨਾ ਹੋਣ ਕਾਰਨ ਇਨਾਂ ਦੋਨਾਂ ਨੂੰ ਦਲਿਤ ਸਮਾਜ ਵਿਚ ਪਛਾਣ ਤੇ ਰੁਤਬਾ ਨਹੀਂ ਮਿਲ ਸਕਿਆ, ਜੋ ਕਿ ਮਾਇਆਵਤੀ ਨੂੰ ਹਾਸਲ ਹੈ। ਪਰ ਚੰਦਰ ਸ਼ੇਖਰ ਨੂੰ ਇਸ ਗੱਲ ਦਾ ਫਾਇਦਾ ਮਿਲ ਸਕਦਾ ਹੈ ਕਿ ਪਾਰਟੀ ਬਣਾਉਣ ਤੋਂ ਪਹਿਲਾਂ ਉਸ ਨੇ ਕਈ ਸਾਲ ਭੀਮ ਆਰਮੀ ਬਣਾ ਕੇ ਸੜਕਾਂ ’ਤੇ ਰਾਜਨੀਤਕ ਜਨਤਕ ਸੰਘਰਸ਼ ਕੀਤਾ। ਜਦ ਕਿ ਇਸ ਤੋਂ ਪਹਿਲਾਂ ਉਦਿਤ ਰਾਜ ਤੇ ਤੇਜ ਸਿੰਹ ਨੇ ਅਜਿਹਾ ਕੋਈ ਸੰਘਰਸ਼ ਨਹੀਂ ਕੀਤਾ। ਅੱਜ ਵੀ ਨੇਤਾ ਆਪਣੇ ਆਪ ਨੂੰ ਕਾਂਸ਼ੀ ਰਾਮ ਤੇ ਮਾਇਆਵਤੀ ਦੇ ਬਦਲ ਦੇ ਰੂਪ ਵਿਚ ਪੇਸ਼ ਕਰਦੇ ਹਨ, ਪਰ ਬੀਐਸਪੀ ਦੀ ਅੱਜ ਦੀ ਤਾਕਤ ਦੇ ਪਿੱਛੇ ਕਾਂਸ਼ੀ ਰਾਮ ਤੇ ਮਾਇਆਵਤੀ ਦੇ ਬੇਜੋੜ ਸੰਘਰਸ਼ ਨੂੰ ਭੁੱਲ ਜਾਂਦੇ ਹਨ ਜਾਂ ਉਸ ਨੂੰ ਅੱਖੋਂ ਪਰੋਖੇ ਕਰ ਜਾਂਦੇ ਹਨ। ਮਾਇਆਵਤੀ ਨੂੰ ਇਕ ਨੇਤਾ ਦੇ ਰੂਪ ਵਿਚ ਕਾਂਸ਼ੀ ਰਾਮ ਵਰਗੇ ਰਾਜਨੀਤੀ ਵਿਚ ਮਾਹਿਰ ਖਿਡਾਰੀ ਤੇ ਵਿਚਾਰਕ ਨੇ ਤਰਾਸ਼ਿਆ ਸੀ। ਬਾਅਦ ਵਿਚ ਮਾਇਆਵਤੀ ਨੇ ਆਪਣੀ ਸਮਰਥਾ ਨਾਲ ਬੀਐਸਪੀ ਨੂੰ ਸੱਤਾ ਵਿਚ ਲਿਆ ਕੇ ਕਾਂਸ਼ੀ ਰਾਮ ਦੇ ਸੁਪਨੇ ਨੂੰ ਪੂਰਾ ਕੀਤਾ। ਕਾਂਸ਼ੀ ਰਾਮ ਨੇ ਬੀਐਸਪੀ ਦੀ ਨੀਂਹ 1984 ਵਿਚ ਰੱਖ ਦਿੱਤੀ ਸੀ। ਪਰ ਉੱਤਰ ਪ੍ਰਦੇਸ਼ ਵਿਚ ਪੂਰਨ ਬਹੁਮਤ ਪ੍ਰਾਪਤ ਕਰਨ ਵਿਚ ਬੀਐਸਪੀ ਨੂੰ ਪੂਰੇ 23 ਸਾਲ ਲੱਗੇ। ਇਸ ਦੌਰਾਨ ਕਾਂਸ਼ੀ ਰਾਮ ਤੇ ਮਾਇਆਵਤੀ ਨੇ ਕਈ ਵਾਰ ਹਾਰ ਦਾ ਮੂੰਹ ਦੇਖਿਆ ਤੇ ਕਈ ਵਾਰ ਚੁਣਾਵੀਂ ਗੱਠਜੋੜ ਕੀਤੇ। ਕਾਂਸ਼ੀ ਰਾਮ ਨੇ ਪਹਿਲਾਂ 1993 ਵਿਚ ਸਮਾਜਵਾਦੀ ਪਾਰਟੀ ਨਾਲ ਗੱਠਜੋੜ ਕਰਕੇ ਬੀਐਸਪੀ ਨੂੰ ਸੱਤਾ ਵਿਚ ਹਿੱਸੇਦਾਰੀ ਦਿਵਾਈ। ਬਾਅਦ ਵਿਚ ਭਾਜਪਾ ਨਾਲ ਮਿਲ ਕੇ ਕਈ ਵਾਰ ਮਾਇਆਵਤੀ ਨੂੰ ਮੁੱਖ ਮੰਤਰੀ ਬਣਾਇਆ। ਤਦ ਕਿਤੇ ਜਾ ਕੇ ਮਾਇਆਵਤੀ ਦੀ ਅਗਵਾਈ ਵਿਚ ਬੀਐਸਪੀ 2007 ਦੌਰਾਨ ਉੱਤਰ ਪ੍ਰਦੇਸ਼ ਵਿਚ ਬਹੁਮਤ ਪ੍ਰਾਪਤ ਕਰਨ ਵਿਚ ਸਫਲ ਰਹੀ। ਇਸ ਦੇ ਬਾਅਦ ਬੀਐਸਪੀ ਦਾ ਗ੍ਰਾਫ ਲਗਾਤਾਰ ਡਿੱਗ ਰਿਹਾ ਹੈ। ਮਾਇਆਵਤੀ ਦੀ ਅਗਵਾਈ ਉੱਪਰ ਸੁਆਲ ਉਠ ਰਹੇ ਹਨ। ਚੰਦਰ ਸ਼ੇਖਰ ਦਲਿਤਾਂ ਵਿਚ ਜਾ ਕੇ ਖੁਦ ਨੂੰ ਮਾਇਆਵਤੀ ਦੇ ਬਦਲ ਦੇ ਰੂਪ ਵਿਚ ਪੇਸ਼ ਕਰ ਰਹੇ ਹਨ। ਚੰਦਰ ਸ਼ੇਖਰ ਅਜ਼ਾਦ ਪੇਸ਼ੇ ਤੋਂ ਵਕੀਲ ਹਨ। ਉਨਾਂ ਦਾ ਜਨਮ ਉੱਤਰ ਪ੍ਰਦੇਸ਼ ਦੇ ਸਹਾਰਨਪੁਰ ਵਿਚ 6 ਨਵੰਬਰ 1986 ਨੂੰ ਹੋਇਆ। ਉਨਾਂ ਨੇ ਆਪਣੀ ਮੁੱਢਲੀ ਪੜਾਈ ਸਰਕਾਰੀ ਸਕੂਲ ਤੋਂ ਕੀਤੀ ਤੇ ਲਖਨਊ ਯੂਨੀਵਰਸਿਟੀ ਤੋਂ ਉਨਾਂ ਨੇ ਵਕਾਲਤ ਦੀ ਡਿਗਰੀ ਹਾਸਲ ਕੀਤੀ। ਚੰਦਰ ਸ਼ੇਖਰ ਅਜ਼ਾਦ ਦੇ ਪਿਤਾ ਇਕ ਵਪਾਰੀ ਹਨ ਤੇ ਮਾਂ ਘਰੇਲੂ ਇਸਤਰੀ ਹੈ। ਚੰਦਰ ਸ਼ੇਖਰ ਨੇ ਤਕਰੀਬਨ ਅੱਠ ਸਾਲ ਪਹਿਲਾਂ ਸਾਲ 2000 ਦੌਰਾਨ ਵਿਨੈ ਰਤਨ ਨਾਂ ਦੇ ਨਾਲ ਮਿਲ ਕੇ ਭੀਮ ਆਰਮੀ ਬਣਾਈ ਸੀ। ਭੀਮ ਆਰਮੀ ਨੇ ਪੱਛਮੀ ਉੱਤਰ ਪ੍ਰਦੇਸ਼ ਵਿਚ ਦਲਿਤਾਂ ਨੂੰ ਇਕਜੁਟ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਚੰਦਰ ਸ਼ੇਖਰ ਅਜ਼ਾਦ ਸਹਾਰਨਪੁਰ ਹਿੰਸਾ ਦੇ ਦੌਰਾਨ ਪਹਿਲੀ ਵਾਰ ਸੁਰਖੀਆ ਵਿਚ ਆਏ ਸਨ। ਸਹਾਰਨਪੁਰ ਵਿਚ ਸਾਲ 2017 ਦੌਰਾਨ ਰਾਜਪੂਤਾਂ ਤੇ ਦਲਿਤਾਂ ਦੇ ਵਿਚਾਲੇ ਹਿੰਸਕ ਸੰਘਰਸ਼ ਹੋਇਆ ਸੀ।

ਇਸ ਵਿਚ ਚੰਦਰ ਸ਼ੇਖਰ ਅਜ਼ਾਦ ਨੂੰ ਮੁੱਖ ਦੋਸ਼ੀ ਬਣਾਇਆ ਗਿਆ ਸੀ। ਇਸ ਹਿੰਸਾ ਦੇ ਬਾਅਦ ਦਿੱਲੀ ਦੇ ਜੰਤਰ ਮੰਤਰ ਵਿਖੇ ਭੀਮ ਆਰਮੀ ਨੇ ਪ੍ਰਦਰਸ਼ਨ ਕੀਤਾ। ਇਥੋਂ ਚੰਦਰ ਸ਼ੇਖਰ ਪੂਰੇ ਦੇਸ ਦੀਆਂ ਨਜ਼ਰਾਂ ਵਿਚ ਆਏ। ਭੀਮ ਆਰਮੀ ਦੇ ਪ੍ਰਦਰਸ਼ਨ ਵਿਚ ਉੱਤਰ ਪ੍ਰਦੇਸ਼ ਤੋਂ ਇਲਾਵਾ ਬਿਹਾਰ, ਮੱਧ ਪ੍ਰਦੇਸ਼, ਰਾਜਸਥਾਨ ਸਮੇਤ ਦੇਸ ਦੇ ਕਈ ਹਿੱਸਿਆਂ ਤੋਂ ਦਲਿਤ ਪ੍ਰਦਰਸ਼ਨਕਾਰੀ ਦਿੱਲੀ ਪਹੁੰਚੇ ਸਨ। ਬਾਅਦ ਵਿਚ 2 ਅਕਤੂਬਰ 2018 ਨੂੰ ਉਨਾਂ ਨੇ ਦਲਿਤ ਰਾਖਵਾਂਕਰਨ ’ਤੇ ਸੁਪਰੀਮ ਕੋਰਟ ਦੇ ਫੈਸਲੇ ਬਾਅਦ ਭਾਰਤ ਬੰਦ ਕੀਤਾ ਸੀ। ਇਸ ਵਿਚ ਕਈ ਜਗਾ ’ਤੇ ਹਿੰਸਕ ਝੜਪਾਂ ਹੋਈਆਂ ਸਨ। ਹੁਣੇ ਜਿਹੇ 23 ਫਰਵਰੀ ਨੂੰ ਵੀ ਉਨਾਂ ਨੇ ਪ੍ਰਮੋਸ਼ਨ ਵਿਚ ਰਾਖਵਾਂਕਰਨ ’ਤੇ ਆਏ ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ ਭਾਰਤ ਬੰਦ ਕੀਤਾ ਸੀ।

# ਗਊ ਮੂਤਰ ਨਾਲ ਕੋਰੋਨਾ ਵਾਇਰਸ ਤੋਂ ਬਚੋ

**✪ ਅਖਿਲ ਭਾਰਤ ਹਿੰਦੂ ਮਹਾਸਭਾ ਨੇ ਕੀਤਾ ਦਾਅਵਾ ✪ ਰਿਚਾ ਚੱਢਾ ਗਊ ਮੂਤਰ ਨਾਲ ਕੋਰੋਨਾ ਵਾਇਰਸ ਠੀਕ ਹੋਣ ਵਾਲੀ ਵੀਡੀਓ ਵੇਖ ਹੋਈ ਹੈਰਾਨ ✪ ਮੰਦਰ ਵਿਚ ਸੈਨੀਟਾਈਜ਼ਰ ਖਤਮ ਹੋਇਆ ਤਾਂ ਗਊ ਮੂਤਰ ਨਾਲ ਹੱਥ ਧੁਆਏ**

**ਮੁੰਬਈ/ਏ.ਟੀ.ਨਿਊਜ਼:** ਅਖਿਲ ਭਾਰਤ ਹਿੰਦੂ ਮਹਾਸਭਾ ਨੇ ਇੱਕ ਅਜੀਬੋ-ਗਰੀਬ ਦਾਅਵਾ ਕਰ ਦਿੱਤਾ ਹੈ। ਉਨਾਂ ਦਾ ਕਹਿਣਾ ਹੈ ਕਿ ਗਊ ਮੂਤਰ ਨਾਲ ਕੋਰੋਨਾ ਵਾਇਰਸ ਤੋਂ ਬਚਿਆ ਜਾ ਸਕਦਾ ਹੈ। ਆਪਣੇ ਇਸ ਦਾਅਵੇ ਨੂੰ ਵਿਖਾਉਣ ਲਈ ਅਖਿਲ ਭਾਰਤ ਹਿੰਦੂ ਮਹਾਸਭਾ ਨੇ ਗਊ ਮੂਤਰ ਪੀਣ ਲਈ ਇੱਕ ਪਾਰਟੀ ਦਾ ਆਯੋਜਨ ਕੀਤਾ ਸੀ। ਇਸ ਦੀਆਂ ਕਈ ਵੀਡੀਓਜ਼ ਹੁਣ ਸੋਸ਼ਲ ਮੀਡੀਆ ’ਤੇ ਕਾਫੀ ਵਾਇਰਲ ਹੋ ਰਹੀਆਂ ਹਨ।

ਇਸ ਪ੍ਰੋਗਰਾਮ ਦੇ ਆਯੋਜਨ ਲਈ ਅਖਿਲ ਭਾਰਤ ਹਿੰਦੂ ਮਹਾਸਭਾ ਨੇ ਪੋਸਟਰ ਵੀ ਜਾਰੀ ਕੀਤਾ ਸੀ। ਇਸ ’ਤੇ ਬਾਲੀਵੁੱਡ ਅਦਾਕਾਰਾ ਰਿਚਾ ਚੱਢਾ ਨੇ ਕੁਮੈਂਟ ਕਰਦਿਆਂ ਕਿਹਾ ਸੀ ਕਿ ਉਹ ਦੇਖਣਾ ਚਾਹੁੰਦੀ ਹੈ ਕਿ ਕੌਣ ਇਸ ਪਾਰਟੀ ਵਿਚ ਪਹੁੰਚ ਕੇ ਗਊ ਮੂਤਰ ਪੀਂਦਾ ਹੈ ਤੇ ਇਸ ਪਾਰਟੀ ਦੀ ਲਾਈਵ ਸਟ੍ਰੀਮਿੰਗ ਕਰਦਾ ਹੈ। ਇਸ ਤੋਂ ਬਾਅਦ ਬਹੁਤ ਸਾਰੇ ਲੋਕਾਂ ਨੇ ਇਸ ਪਾਰਟੀ ਦੀਆਂ ਵੀਡੀਓਜ਼ ਰਿਚਾ ਨੂੰ ਟੈਗ ਕਰਨੀ ਸ਼ੁਰੂ ਕਰ ਦਿੱਤੀਆਂ।

ਇਸ ਵਿਚ ਪਾਰਟੀ ਵਿੱਚ ਸ਼ਾਮਲ ਲੋਕ ਗਊ ਮੂਤਰ ਪੀਂਦੇ ਵੇਖੇ ਜਾ ਸਕਦੇ ਹਨ। ਇਸ ਨੂੰ ਵੇਖਣ ਤੋਂ ਬਾਅਦ ਰਿਚਾ ਚੱਢਾ ਹੈਰਾਨ ਰਹਿ ਗਈ। ਵੀਡੀਓ ’ਤੇ ਟਿੱਪਣੀ ਕਰਦਿਆਂ ਰਿਚਾ ਨੇ ਇਸ ਸਾਰੇ ਪ੍ਰੋਗਰਾਮ ਬਾਰੇ ਹੈਰਾਨੀ ਜ਼ਾਹਰ ਕੀਤੀ।

ਰਿਚਾ ਦਾ ਕਹਿਣਾ ਹੈ ਕਿ ਜਿਸ ਵਾਇਰਸ ਨੇ ਹੁਣ ਤਕ 5900 ਲੋਕਾਂ ਦੀ ਜਾਨ ਲੈ ਲਈ ਹੈ, ਉਸ ਨੂੰ ਰੋਕਣ ਲਈ ਗਊ ਮੂਤਰ ਨੂੰ ਇਲਾਜ



ਦੱਸਿਆ ਜਾ ਰਿਹਾ ਹੈ।

**ਗਊ ਮੂਤਰ ਨਾਲ ਧੁਆਏ ਹੱਥ**

ਇਸ ਦੌਰਾਨ ਮੁੰਬਈ ਦੇ ਇਸਕਾਮ ਮੰਦਰ ਵਿਚ ਐਲਕੋਹਲ ਯੁਕਤ ਸੈਨੀਟਾਈਜ਼ਰ ਖਤਮ ਹੋ ਜਾਣ ਕਾਰਨ ਸ਼ਰਧਾਲੂਆਂ ਨੂੰ ਹੱਥ ਧੋਣ ਲਈ ਗਊ ਮੂਤਰ ਦਿੱਤਾ ਗਿਆ। ਇਹ ਘਟਨਾ 15 ਮਾਰਚ ਦੀ ਦੱਸੀ ਜਾ ਰਹੀ ਹੈ। ਰਾਜੂ ਨਾਇਰ ਨਾਂਅ ਦੇ ਵਿਅਕਤੀ ਨੇ ਇਸ ਘਟਨਾ ਬਾਰੇ ਟਵੀਟ ਕੀਤਾ, “ਅੱਜ ਮੇਰਾ ਦੋਸਤ ਮੈਨੂੰ ਅੰਧੇਰੀ ਦੇ ਇਸਕਾਨ ਮੰਦਰ ਦੇ ਅੰਦਰ ਗੋਵਿੰਦਾ ਰੈਸਟੋਰੈਂਟ ਲੈ ਕੇ ਗਿਆ ਸੀ। ਸੁਰੱਖਿਆ ਜਾਂਚ ਤੋਂ ਬਾਅਦ ਉਨਾਂ ਨੇ ਮੈਨੂੰ ਆਪਣਾ ਹੱਥ ਦਿਖਾਉਣ ਲਈ ਕਿਹਾ ਅਤੇ ਹੱਥ ’ਤੇ ਕੁਝ ਸਪਰੇਅ ਕੀਤਾ, ਜਿਸ ਦੀ ਮਹਿਕ ਅਜੀਬ ਸੀ। ਜਦੋਂ ਮੈਂ ਪੁੱਛਿਆ ਤਾਂ ਉਨਾਂ ਕਿਹਾ ਕਿ ਇਹ ਗਊ ਮੂਤਰ ਹੈ।” ਰਾਜੂ ਨਾਇਰ ਨੇ ਸਵਾਲ ਕੀਤਾ, “ਉਹ ਲੋਕ ਕਿਸੇ ਦੇ ਹੱਥ ’ਤੇ ਪੇਸ਼ਾਬ ਕਿਵੇਂ ਛਿੜਕ ਸਕਦੇ ਹਨ ਅਤੇ ਉਹ ਵੀ ਬਗੈਰ ਪੁੱਛੇ ? ਮੈਂ ਕਿਸੇ ਦੇ ਪੇਸ਼ਾਬ ਨਾਲ ਆਪਣੇ ਹੱਥ ਧੋਣਾ ਨਹੀਂ ਚਾਹੁੰਦਾ। ਮੇਰੇ ਕੋਲ ਆਪਣਾ ਸੈਨੀਟਾਈਜ਼ਰ ਹੈ। ਇਹ ਮੇਰੇ ਵਿਸ਼ਵਾਸ ਅਤੇ ਕਦਰਾਂ-ਕੀਮਤਾਂ ਦੇ ਵਿਰੁੱਧ ਹੈ।” ਸੋਸ਼ਲ ਮੀਡੀਆ ’ਤੇ ਇਸ ਘਟਨਾ ਨੂੰ ਲੈ ਕੇ ਵਿਵਾਦ ਪੈਦਾ ਹੋ ਗਿਆ ਹੈ। ਇਸ ਬਾਰੇ ਮੰਦਰ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਹੱਥ ਸਾਫ਼ ਕਰਨ ਲਈ ਦਿੱਤੀ ਗਈ ਚੀਜ਼ ਸਾਫ਼ ਗਊ ਮੂਤਰ ਸੀ। ਇਸ ਵਿਚ ਬੈਕਟੀਰੀਆ ਨਾਲ ਲੜਨ ਦੀ ਸਮਰੱਥਾ ਹੈ। ਮੰਦਰ ਦੇ ਅਧਿਕਾਰੀਆਂ ਨੇ ਇਹ ਵੀ ਦੱਸਿਆ ਕਿ ਗਊ ਮੂਤਰ ਨੂੰ ਸਿਰਫ਼ 15 ਮਾਰਚ ਨੂੰ ਅੱਧੇ ਦਿਨ ਲਈ ਵਰਤਿਆ ਗਿਆ ਸੀ।

# ਰਾਮ ਮੰਦਿਰ ਬਣਾਉਣ ਦਾ ਫੈਸਲਾ ਦੇਣ ਵਾਲੇ ਜੱਜ ਗੋਗੋਈ ਨੂੰ ਰਾਜ ਸਭਾ ਦੀ ਮੈਂਬਰੀ



**ਨਵੀਂ ਦਿੱਲੀ/ ਏ.ਟੀ.ਨਿਊਜ਼:** ਭਾਰਤ ਦੀ ਸੁਪਰੀਮ ਕੋਰਟ ਦੇ ਸਾਬਕਾ ਮੁੱਖ ਜੱਜ ਰੰਜਨ ਗੋਗੋਈ ਨੂੰ ਰਾਜ ਸਭਾ ਦੇ ਮੈਂਬਰ ਲਈ ਭਾਰਤ ਦੇ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਵੱਲੋਂ ਨਾਮਜ਼ਦ ਕੀਤਾ ਗਿਆ ਹੈ। ਰੰਜਨ ਗੋਗੋਈ ਰਾਜ ਸਭਾ ਮੈਂਬਰੀ ਲਈ ਰਾਸ਼ਟਰਪਤੀ ਵੱਲੋਂ ਨਾਮਜ਼ਦ ਹੋਣ ਵਾਲੇ ਪਹਿਲੇ ਮੁੱਖ ਜੱਜ ਹਨ।

ਰੰਜਨ ਗੋਗੋਈ ਦੀ ਨਾਮਜ਼ਦਗੀ ਨੇ ਗੱਲਾਂ ਨੂੰ ਹਵਾ ਦਿੱਤੀ ਹੈ ਕਿ ਭਾਰਤ ਦੀ ਨਿਆਪਾਲਿਕਾ ਭਾਰਤੀ ਸਿਆਸਤਦਾਨਾਂ ਦੀ ਗੋਦੀ ਬਹਿ ਚੁੱਕੀ ਹੈ। ਦੱਸ ਦਈਏ ਕਿ ਰੰਜਨ ਗੋਗੋਈ ਦੇ ਮੁੱਖ ਜੱਜ ਰਹਿੰਦਿਆਂ ਹੀ ਬਾਬਰੀ ਮਸਜਿਦ ਵਾਲੀ ਥਾਂ ਰਾਮ ਮੰਦਿਰ ਨੂੰ ਦੇਣ ਦਾ ਵਿਵਾਦਤ ਫੈਂਸਲਾ ਕੀਤਾ ਗਿਆ ਸੀ। ਰਾਫੇਲ ਜਹਾਜਾਂ ਦੇ ਸੌਦੇ ਵਿਚ ਸਰਕਾਰ ‘ਤੇ ਘਪਲੇ ਦੇ ਦੋਸ਼ਾਂ ਦੇ ਮਾਮਲੇ ਦੀ ਸਣਵਾਈ ਵਿਚ ਵੀ ਰੰਜਨ ਗੋਗੋਈ ਸ਼ਾਮਲ ਸੀ, ਤੇ ਫੈਂਸਲੇ ਵਿਚ ਸਰਕਾਰ ਨੂੰ ਦੋਸ਼ਾਂ ਤੋਂ ਬਿਲਕੁਲ ਮੁਕਤ ਕਰ ਦਿੱਤਾ ਗਿਆ ਸੀ।

ਰੰਜਨ ਗੋਗੋਈ ‘ਤੇ ਉਸ ਦੇ ਦਫਤਰ ਦੀ ਇਕ ਔਰਤ ਮੁਲਾਜ਼ਮ ਵੱਲੋਂ ਸ਼ਰੀਰਕ ਸੋਸ਼ਣ ਦਾ ਵੀ ਦੋਸ਼ ਲਾਇਆ ਗਿਆ ਸੀ, ਪਰ ਤਿੰਨ ਜੱਜਾਂ ਦੇ ਪੈਨਲ ਨੇ ਗੋਗੋਈ ਨੂੰ ਦੋਸ਼ ਮੁਕਤ ਐਲਾਨ ਦਿੱਤਾ ਸੀ। ਇਸ ਸੁਣਵਾਈ ‘ਤੇ ਵੀ ਕਾਫੀ ਵਿਵਾਦ ਹੋਇਆ ਸੀ ਤੇ ਔਰਤ ਨੇ ਦੋਸ਼ ਲਾਇਆ ਸੀ ਕਿ ਉਸਦੇ ਪੱਖ ਨੂੰ ਨਹੀਂ ਗੌਰਿਆ ਗਿਆ।

ਗੋਗੋਈ ਤੋਂ ਪਹਿਲਾਂ ਨਿਆਪਾਲਿਕਾ ਦੇ ਉੱਚ ਅਹੁਦੇ ਤੋਂ ਰਾਜਨੀਤਕ ਅਹੁਦੇ ਤੱਕ ਪਹੁੰਚਣ ਦਾ ਸਫਰ ਸਾਬਕਾ ਮੁੱਖ ਜੱਜ ਰੰਗਾਨਾਥ ਮਿਸ਼ਰਾ ਨੇ ਤੈਅ ਕੀਤਾ ਸੀ। ਰੰਗਾਨਾਥ ਮਿਸ਼ਰਾ 1991 ਵਿਚ ਸੇਵਾਮੁਕਤ ਹੋਏ ਸਨ ਤੇ 1998 ਵਿਚ ਕਾਂਗਰਸ ਵੱਲੋਂ ਰਾਜ ਸਭਾ ਮੈਂਬਰ ਨਾਮਜ਼ਦ ਕੀਤੇ ਗਏ ਸਨ। ਰੰਗਾਨਾਥ ਮਿਸ਼ਰਾ ਬਾਰੇ ਕਿਹਾ ਜਾਂਦਾ ਹੈ ਕਿ ਉਹਨਾਂ ਨੂੰ ਦਿੱਤੀ ਗਈ ਨਵੰਬਰ 1984 ਸਿੱਖ ਕਤਲੇਆਮ ਦੀ ਜਾਂਚ ਵਿਚ ਉਹਨਾਂ ਕਾਂਗਰਸ ਦਾ ਪੱਖ ਪੂਰਿਆ ਸੀ, ਜਿਸ ਦੇ ਇਨਾਮ ਵਜੋਂ ਉਹਨਾਂ ਦੀ ਨਾਮਜ਼ਦਗੀ ਰਾਜ ਸਭਾ ਮੈਂਬਰ ਵਜੋਂ ਕੀਤੀ ਗਈ ਸੀ।

# ਨਿਰਾ ਬਾਬੇ ਦੇ ਤਵੀਤਾਂ ’ਤੇ ਨਾ ਰਹਿ ਸੱਜਣਾ

**- ਸਤਪਾਲ ਸਿੰਘ ਦਿਓਲ**




ਪਿਛਲੇ ਕੁਝ ਸਮੇਂ ਤੋਂ ਕਈ ਸਾਧ ਜੋ ਆਪਣੇ ਅਖੌਤੀ ਸਮਾਜ ਸੇਵਾ ਦੇ ਕੰਮਾਂ ਲਈ ਪ੍ਰਸਿੱਧ ਸਨ ਤੇ ਲੋਕਾਂ ਨੂੰ ਚਮਤਕਾਰ ਦਿਖਾਉਣ ਦਾ ਢੌਂਗ ਕਰਦੇ ਸੀ, ਅੱਜ ਸਲਾਖਾਂ ਪਿੱਛੇ ਖੁਦ ਕਿਸੇ ਕਾਨੂੰਨੀ ਚਮਤਕਾਰ ਦੀ ਉਡੀਕ ਵਿੱਚ ਹਨ। ਪਰ ਸਾਡੇ ਭੋਲੇ ਲੋਕ ਅੱਜ ਵੀ ਪਖੰਡੀਆਂ ਨੂੰ ਰੱਬ ਦਾ ਦਰਜਾ ਦੇ ਕੇ ਪੂਰੇ ਸਮਾਜ ਦੀ ਜੱਗ ਹਸਾਈ ਕਰਾ ਰਹੇ ਹਨ। ਉਹ ਨਹੀਂ ਜਾਣਦੇ ਕਿ ਠੱਗ ਸਾਧ ਅਖੌਤੀ ਸਮਾਜ ਸੇਵਾ ਕਾਨੂੰਨ ਦੇ ਡੰਡੇ ਤੋਂ ਬਚਣ ਲਈ ਅਤੇ ਲੋਕਤੰਤਰ ਦਾ ਦੁਰਉਪਯੋਗ ਕਰਨ ਲਈ ਵਰਤਦੇ ਹਨ। ਚੋਰਾਂ ਅਤੇ ਡਾਕੂਆਂ ਦਾ ਜੇਮਸ ਬਾਂਡ ਕਿਰਦਾਰ ਦੁਨੀਆਂ ਜਾਣਦੀ ਹੈ। ਸਭਿਅਕ ਸਮਾਜ ਵਿੱਚ ਕਾਨੂੰਨ ਸਭ ਤੋਂ ਵੱਡਾ ਹੋਣਾ ਚਾਹੀਦਾ ਹੈ। ਅਜਿਹਾ ਨਾ ਹੋਣ ਦੀ ਸੂਰਤ ਵਿੱਚ ਹੀ ਅਪਰਾਧ ਵਧਦਾ ਫੁੱਲਦਾ ਹੈ। ਸਾਧਾਂ ਵੱਲੋਂ ਫੈਲਾਏ ਜਾ ਰਹੇ ਭਰਮ ਭੁਲੇਖੇ ਸਮਾਜ ਨੂੰ ਸਿੱਖਿਅਤ ਕਰਕੇ ਹੀ ਦੂਰ ਕੀਤੇ ਜਾ ਸਕਦੇ ਹਨ।

ਕਾਫੀ ਅਰਸਾ ਪਹਿਲਾਂ ਮੇਰੇ ਨੇੜਲੇ ਪਿੰਡ ਤੋਂ ਇੱਕ ਵਿਅਕਤੀ ਨੇ ਘਰੋਂ ਭੱਜ ਕੇ ਕਿਸੇ ਵਿਆਹੀ ਔਰਤ ਨਾਲ ਅੰਤਰਜਾਤੀ ਵਿਆਹ ਕਰ ਲਿਆ। ਉਸ ਔਰਤ ਦੇ ਪਤੀ ਨੇ ਗਰੀਬ ਹੋਣ ਕਾਰਨ ਤੇ ਕਾਨੂੰਨੀ ਝੰਜਟਾਂ ਤੋਂ ਬਚਣ ਲਈ ਕੋਈ ਵੀ ਕਾਨੂੰਨੀ ਕਾਰਵਾਈ ਨਹੀਂ ਕੀਤੀ। ਘਰੋਂ ਭੱਜਣ ਵਾਲਾ ਜੋੜਾ ਰਾਜਸਥਾਨ ਵਿੱਚ ਕਿਤੇ ਰਹਿਣ ਲੱਗ ਪਿਆ। ਉਸ ਵਿਅਕਤੀ ਦੇ ਪਿਤਾ ਨੇ ਗੁੱਸੇ ਵਿੱਚ ਆਪਣੀ ਸਾਰੀ ਚੱਲ ਅਚੱਲ ਜਾਇਦਾਦ ਆਪਣੇ ਦੂਸਰੇ ਪੁੱਤਰ ਨੂੰ ਰਜਿਸਟਰਡ ਵਸੀਅਤ ਰਾਹੀਂ ਦੇ ਦਿੱਤੀ। ਕਾਫੀ ਸਮਾਂ ਬੀਤਣ ਤੋਂ ਬਾਅਦ ਬਜ਼ੁਰਗ ਪਿਤਾ ਦੀ ਮੌਤ ਹੋ ਗਈ, ਜਿਸ ਦੀ ਵਿਰਾਸਤ ਵਸੀਅਤ ਮੁਤਾਬਕ ਉਸ ਦੇ ਕੋਲ ਰਹਿਣ ਵਾਲੇ ਲੜਕੇ ਨੂੰ ਚਲੀ ਗਈ ਅਤੇ ਰਿਕਾਰਡ ਮਾਲ ਵਿੱਚ ਅਮਲ ਹੋ ਗਿਆ।

ਰਿਕਾਰਡ ਮਾਲ ਵਿੱਚ ਇੰਤਕਾਲ ਮਨਜ਼ੂਰ ਹੋਣ ਤੋਂ ਕਰੀਬ ਦਸ ਸਾਲ ਬਾਅਦ ਵਿਰਾਸਤ ਹਾਸਲ ਕਰਨ ਵਾਲਾ ਭਰਾ ਪੰਚਾਇਤੀ ਚੋਣਾਂ ਨੂੰ ਲੈ ਕੇ ਪਿੰਡ ਦੇ ਕੁਝ ਲੋਕਾਂ ਦੀਆਂ ਅੱਖਾਂ ਵਿੱਚ ਰੜਕਣ ਲੱਗ ਪਿਆ। ਰੜਕ ਮਿਟਾਉਣ ਲਈ ਪਿੰਡ ਦੇ ਕੁਝ ਬੰਦਿਆਂ ਨੇ ਬਾਹਰ ਰਹਿੰਦੇ ਭਰਾ ਨੂੰ ਉਕਸਾ ਕੇ ਪਿਤਾ ਦੀ ਵਿਰਾਸਤ ਨੂੰ ਅਦਾਲਤ ਵਿੱਚ ਚੁਨੌਤੀ ਦਿਵਾ ਦਿੱਤੀ ਅਤੇ ਨਾਲ ਹੀ ਜੱਦੀ ਜਾਇਦਾਦ ਹੋਣ ਨੂੰ ਵੀ ਆਪਣੇ ਕੇਸ ਦਾ ਅਧਾਰ ਬਣਾ ਲਿਆ। ਲਾਭਪਾਤਰੀ ਭਰਾ ਨੂੰ ਸੰਮਨ ਹੋਣ ਤੇ ਮੈਂ ਉਸ ਵਿਅਕਤੀ ਵੱਲੋਂ ਅਦਾਲਤ ਵਿੱਚ ਬਤੌਰ ਵਕੀਲ ਪੇਸ਼ ਹੋਇਆ। ਮੇਰਾ ਸਾਇਲ ਕਿਸੇ ਤਵੀਤ ਵਾਲੇ ਸਾਧ ਦਾ ਪੱਕਾ ਚੇਲਾ ਸੀ ਜਿਹੜਾ ਕਿ ਕੇਸਾਂ ਦੇ ਸੰਬੰਧ ਵਿੱਚ ਪੁੱਛਾਂ ਦਿੰਦਾ ਸੀ। ਮੇਰੇ ਨਾਲੋਂ ਵੱਧ ਵਿਸ਼ਵਾਸ ਉਸ ਨੂੰ ਸਾਧ ਉੱਤੇ ਸੀ। ਉਸ ਦੇ ਦੱਸਣ ਮੁਤਾਬਕ ਪਹਿਲਾਂ ਸਾਧ ਨੇ ਹੀ ਮੇਰਾ ਨਾਮ ਕੇਸ ਜਿੱਤ ਸਕਣ ਵਾਲੇ ਵਕੀਲ ਵਜੋਂ ਦੱਸਿਆ ਸੀ। ਮੈਨੂੰ ਯਕੀਨ ਸੀ ਕਿ ਸਾਧ ਸ਼ਾਤਿਰ ਬੰਦਾ ਸੀ, ਉਸ ਨੂੰ ਮੇਰੇ ਸਾਇਲ ਨੇ ਹੀ ਮੇਰਾ ਨਾਮ ਦੱਸਿਆ ਸੀ।

ਸਾਡੇ ਕੇਸ ਦੀ ਸ਼ੁਰੂ ਤੋਂ ਹੀ ਕਾਨੂੰਨੀ ਸਥਿਤੀ ਮਜ਼ਬੂਤ ਸੀ, ਵਸੀਅਤ ਵੀ ਗਵਾਹਾਂ ਨੇ ਸਹੀ ਸਾਬਤ ਕਰ ਦਿੱਤੀ ਸੀ। ਪਰ ਬਹਿਸ ਸਮੇਂ ਮੇਰਾ ਸਾਇਲ ਵਾਰ ਵਾਰ ਅੱਗੇ ਤਰੀਕ ਲੈਣ ਲਈ ਕਹਿੰਦਾ ਰਿਹਾ ਤਾਂ ਕਿ ਸਾਧ ਕੇਸ ਜਿੱਤਣ ਦਾ ਓਹੜ ਪੋਹੜ ਕਰ ਸਕੇ। ਕੇਸ ਦਾ ਸਾਡੇ ਹੱਕ ਵਿੱਚ ਫੈਸਲਾ ਹੋਣ ’ਤੇ ਵੀ ਮੇਰੇ ਸਾਇਲ ਨੇ ਸਾਰਾ ਸਿਹਰਾ ਸਾਧ ਨੂੰ ਦੇ ਦਿੱਤਾ। ਬੜੀ ਅਹਿਸਾਨ ਫਰਾਮੋਸ਼ੀ ਵਾਲੀ ਗੱਲ ਹੈ। ਉਸ ਦਾ ਕੇਸ ਅਦਾਲਤ ਵਿੱਚ ਚਾਰ ਸਾਲ ਚਲਦਾ ਰਿਹਾ ਸੀ ਅਤੇ ਵਿਰੋਧੀ ਵਕੀਲ ਸਮੇਤ ਅਦਾਲਤ ਨੂੰ ਵੀ ਮਿਹਨਤ ਕਰਨੀ ਪਈ ਹੋਵੇਗੀ, ਪਰ ਸਾਧ ਪੱਕਿਆ ਪਕਾਇਆ ਛਕ ਗਿਆ ਸੀ।

ਮੇਰੇ ਇਸ ਕੇਸ ਦੇ ਸਾਇਲ ਨੂੰ ਦੁਬਾਰਾ ਇੱਕ ਕੇਸ ਵਿੱਚ ਵਕੀਲ ਦੀ ਜ਼ਰੂਰਤ ਪਈ। ਉਸ ਨੇ ਕਿਸੇ ਨਾਲ ਰਿਹਾਇਸ਼ੀ ਜਗਾਹ ਦਾ ਇਕਰਾਰਨਾਮਾ ਕੀਤਾ ਸੀ ਜਿਸ ਉੱਤੇ ਮੇਰੇ ਖਾਸ ਮਿੱਤਰ ਦੀ ਪਤਨੀ ਨੇ ਸਰਪੰਚ ਹੋਣ ਕਾਰਨ ਗਵਾਹੀ ਪਾਈ ਸੀ। ਕਾਨੂੰਨੀ ਰੂਪ ਵਿੱਚ ਉਹ ਬੰਦਾ ਮਾੜੀ ਸਥਿਤੀ ਵਿੱਚ ਸੀ। ਮੈਂ ਉਸ ਦੇ ਕੇਸ ਵਿੱਚ ਵਕੀਲ ਵਜੋਂ ਪੇਸ਼ ਹੋਣ ਤੋਂ ਇਸ ਵਜਾਹ ਕਰਕੇ ਇਨਕਾਰ ਕਰ ਦਿੱਤਾ ਕਿ ਭਵਿੱਖ ਵਿੱਚ ਕੇਸ ਖਿਲਾਫ ਹੋਣ ’ਤੇ ਸਾਧ ਪਤਾ ਨਹੀਂ ਕੀ ਪੁੱਠੀ ਗੱਲ ਜਚਾ ਦੇਵੇ। ਵੈਸੇ ਵੀ ਸਰਪੰਚ ਗਵਾਹ ਨਾਲ ਮੇਰੇ ਪਰਿਵਾਰਕ ਸੰਬੰਧ ਹੋਣ ਕਾਰਨ ਮੇਰੇ ਉੱਪਰ ਵਕੀਲ ਮਿਲਣ ਦਾ ਦੋਸ਼ ਲੱਗ ਸਕਦਾ ਸੀ। ਉਸ ਨੂੰ ਮੈਂ ਕਰੀਬੀ ਦੋਸਤ ਵਕੀਲ ਕੋਲ ਭੇਜ ਦਿੱਤਾ, ਜਿਸ ਨੇ ਉਸ ਕੇਸ ਤੇ ਬਹੁਤ ਮਿਹਨਤ ਕੀਤੀ। ਕਾਨੂੰਨੀ ਸਥਿਤੀ ਵਧੀਆ ਨਾ ਹੋਣ ਕਰਕੇ ਉਹ ਵਿਅਕਤੀ ਕੇਸ ਹਾਰ ਗਿਆ।

ਸ਼ਾਤਿਰ ਦਿਮਾਗ ਸਾਧ ਨੇ ਮੇਰੇ ਵੱਲੋਂ ਪੈਰਵੀ ਨਾ ਕਰਨ ਨੂੰ ਕੇਸ ਹਾਰਨ ਦਾ ਕਾਰਨ ਦੱਸਿਆ। ਅਪੀਲ ਵਾਸਤੇ ਉਹ ਬੰਦਾ ਮੇਰੇ ਕੋਲ ਆਇਆ ਤੇ ਜ਼ਿਲਾ ਅਦਾਲਤ ਦੇ ਪੰਜ ਸੀਨੀਅਰ ਵਕੀਲਾਂ ਦੇ ਨਾਮ ਪੁੱਛਣ ਲੱਗਾ। ਮੇਰੇ ਦੱਸਣ ’ਤੇ ਉਸ ਨੇ ਕਿਹਾ ਕਿ ਬਾਬਾ ਜੀ ਇਹਨਾਂ ਵਿੱਚੋਂ ਇੱਕ ਨਾਮ ਚੁਣ ਕੇ ਦੱਸਣਗੇ। ਬਾਬਾ ਜੀ ਨੇ ਨਾਮ ਚੁਣ ਦਿੱਤਾ ਤੇ ਸਾਇਲ ਨੂੰ ਕਹਿ ਦਿੱਤਾ ਕਿ ਬੱਸ ਹੁਣ ਤੂੰ ਅਪੀਲ ਵਿੱਚ ਜਿੱਤ ਜਾਵੇਂਗਾ। ਉਸ ਬੰਦੇ ਨੇ ਅਪੀਲੀ ਅਦਾਲਤ ਦੇ ਵਕੀਲ ਨਾਲ ਕੇਸ ਦੇ ਸੰਬੰਧ ਵਿੱਚ ਮੇਰੀ ਗੱਲ ਵੀ ਕਰਵਾਈ। ਦੋ ਦਿਨ ਬਾਅਦ ਅਪੀਲੀ ਅਦਾਲਤ ਦੇ ਵਕੀਲ ਦਾ ਮੈਨੂੰ ਫੋਨ ਆਇਆ ਕਿ ਇਸ ਕੇਸ ਵਿੱਚ ਲਿਖਾਉਣ ਨੂੰ ਵੀ ਕੁਝ ਨਹੀਂ। ਕਾਨੂੰਨੀ ਸਥਿਤੀ ਬੇਹੱਦ ਮਾੜੀ ਹੈ। ਮੈਂ ਉਸ ਬੰਦੇ ਨੂੰ ਸਮਝਾਉਣ ਦੀ ਵੀ ਨਾਕਾਮ ਕੋਸ਼ਿਸ਼ ਕੀਤੀ ਕਿ ਅਜਿਹੇ ਸਾਧਾਂ ਦੀ ਅੱਖ ਤੁਹਾਡੇ ਚੜ੍ਹਾਵੇ ’ਤੇ ਹੁੰਦੀ ਹੈ ਪਰ ਆਖਿਰ ਤੱਕ ਉਸ ਨੂੰ ਵਿਸ਼ਵਾਸ ਸਾਧ ਉੱਤੇ ਹੀ ਰਿਹਾ। ਮੇਰੇ ਖਿਆਲ ਵਿੱਚ ਉਸ ਬੰਦੇ ਦਾ ਸਾਧ ਨੇ ਬਹੁਤ ਨੁਕਸਾਨ ਕੀਤਾ। ਇਕਰਾਰਨਾਮੇ ਤੋਂ ਮੁਕਰਨ ਦੀ ਉਸ ਨੂੰ ਸਾਧ ਨੇ ਹੀ ਪੱਟੀ ਪੜ੍ਹਾਈ ਸੀ, ਕੇਸ ਜਿਤਾਉਣ ਦੀ ਗਰੰਟੀ ਵੀ ਸਾਧ ਨੇ ਲਈ ਸੀ। ਕਿੰਨਾ ਹੀ ਆਰਥਿਕ ਤੇ ਭਾਈਚਾਰਕ ਨੁਕਸਾਨ ਉਸ ਸਾਧ ਨੇ ਕਰਾਇਆ। ਅਪੀਲ ਖਾਰਜ ਹੋਣ ਤੋਂ ਬਾਅਦ ਵੀ ਉਸ ਬੰਦੇ ਦੀਆਂ ਅੱਖਾਂ ਨਹੀਂ ਖੁੱਲੀਆਂ, ਅੱਜ ਵੀ ਉਸ ਨੂੰ ਸਾਧ ਉੱਤੇ ਪੂਰਾ ਵਿਸ਼ਵਾਸ ਹੈ ਕਿ ਜੇ ਮੈਂ ਹੇਠਲੀ ਅਦਾਲਤ ਵਿੱਚ ਸ਼ੁਸਦਾ ਕੇਸ ਝਗੜਦਾ ਤਾਂ ਉਹ ਕੇਸ ਹਾਰਨਾ ਨਹੀਂ ਸੀ।

# ਦਿਲ ਕੁਰਸੀ ਛੱਡਣ ਨੂੰ ਨਹੀਂ ਕਰਦਾ

**- ਸੁਖਵਿੰਦਰ ਸਿੰਘ**

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਪਣੀ ਸਰਕਾਰ ਦੇ ਤਿੰਨ ਸਾਲ ਪੂਰੇ ਹੋਣ ‘ਤੇ ਆਪਣੀ ਸਾਰੀ ਵਜਾਰਤ ਨੂੰ ਨਾਲ ਲੈ ਕੇ ਰੂਬਰੂ ਸਮਾਗਮ ਕੀਤਾ। ਇਸ ਦੌਰਾਨ ਕੈਪਟਨ ਅਮਰਿੰਦਰ ਸਿੰਘ ਸਮੇਤ ਸਾਰੇ ਮੰਤਰੀਆਂ ਨੇ ਆਪ ਹੀ ਆਪਣੀ ਪਿੱਠ ਥਾਪੜੀ ਤੇ ਆਪਣੇ ਮੂੰਹ ਮੀਆ ਮਿੱਠੂ ਬਣਦੇ ਨਜ਼ਰ ਆਏ। ਭਾਵੇਂ ਜ਼ਮੀਨ ‘ਤੇ ਨਾ ਦਿਸਦੀਆਂ ਹੋਣ ਪਰ ਮੰਤਰੀਆਂ ਨੇ ਸੋਹਣੇ ਤਿਆਰ ਕੀਤੇ ਭਾਸ਼ਣਾਂ ਵਿਚ ਕਈ ਪ੍ਰਾਪਤੀਆਂ ਗਿਣਾਈਆਂ ਤੇ ਐਲਾਨ ਕੀਤੇ ਕਿ ਹੁਣ ਅਗਲੇ ਦੋ ਸਾਲਾਂ ਵਿਚ ਕੰਮਾਂ ਦੀ ਧੂੜ ਕੱਢ ਦਿਆਂਗੇ। ਕੰਮਾਂ ਦੀ ਧੂੜ ਨਿੱਕਲਦੀ ਹੈ ਜਾਂ ਵਜ਼ਾਰਤ ਧੂੜ ਵਿਚ ਮਿਲਦੀ ਹੈ ਇਹ ਤਾਂ ਸਮੇਂ ਦੀ ਬੁੱਕਲ ਦਾ ਸੱਚ ਹੈ ਪਰ ਕੈਪਟਨ ਅਮਰਿੰਦਰ ਨੇ ਇਹ ਕਹਿ ਕੇ ਨਵੀਂ ਚਰਚਾ ਛੇੜ ਦਿੱਤੀ ਹੈ ਕਿ ਉਹ ਅਜੇ ਜਵਾਨ ਹਨ ਤੇ ਅਗਲੀਆਂ ਚੋਣਾਂ ਲੜਨ ਦੀ ਵੀ ਉਹਨਾਂ ਦੀ ਤਿਆਰੀ ਹੈ। ਭਾਵੇਂ ਕੈਪਟਨ ਦੇ ਜਵਾਨ ਹੋਣ ਦੀਆਂ ਮਸ਼ਕਰੀਆਂ ਪੰਜਾਬ ਦੀਆਂ ਸੱਥਾਂ ਵਿਚ ਆਮ ਹੁੰਦੀਆਂ ਹਨ ਪਰ ਕੈਪਟਨ ਦੇ ਇਸ ਐਲਾਨ ਨਾਲ ਕਾਂਗਰਸ ਅੰਦਰ ਵੀ ਮੁੱਖ ਮੰਤਰੀ ਦੀ ਦਾਅਵੇਦਾਰੀ ‘ਤੇ ਅੱਖ ਟਿਕਾਈ ਬੈਠੇ ਕਈ ਚੌਧਰੀਆਂ ਨੂੰ ਤਰੇਲੀਆਂ ਆਉਣੀਆਂ ਸੁਭਾਵਕ ਹਨ। ਪਾਰਟੀ ਵਿਚ ਸਭ ਤੋਂ ਵੱਡੀ ਟੱਕਰ ਦੇਣ ਵਾਲੇ ਸਮਝੇ ਜਾ ਰਹੇ ਨਵਜੋਤ ਸਿੱਧੂ ਬਾਰੇ ਕੈਪਟਨ ਨੇ ਪਿਆਰ ਜਿਹੇ ਨਾਲ ਸਮਝਾਇਆ ਕਿ ਉਹ ਉਹਨਾਂ ਦਾ ਹੀ ਨਿਆਣਾ ਹੈ। ਜੇ ਗੱਲ ਕਰੀਏ ਉਹਨਾਂ ਖਾਸ ਵਾਅਦਿਆਂ ਦੀ ਜਿਹਨਾਂ ਦੀਆਂ ਸੌਂਹਾਂ ਖਾ ਕੇ ਕੈਪਟਨ ਅਮਰਿੰਦਰ ਮੁੱਖ ਮੰਤਰੀ ਬਣੇ ਸਨ ਤਾਂ ਉਹਨਾਂ ਵਿਚੋਂ ਕੋਈ ਵੀ ਵਾਅਦਾ ਕਿਸੇ ਕੰਢੇ ਨਹੀਂ ਲੱਗਿਆ ਹੈ। ਨਾ ਬਰਗਾੜੀ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਹੋਈਆਂ, ਨਾ ਕੋਟਕਪੂਰਾ-ਬਹਿਬਲ ਕਲਾਂ ਸਾਕੇ ਵਿਚ ਇਨਸਾਫ ਮਿਲਿਆ, ਨਾ ਨਸ਼ੇ ਰੁਕੇ, ਨਾ ਰੇਤਾ ਬਜ਼ਰੀ ਮਾਫੀਆ ਨੂੰ ਠੱਲ ਪਈ। ਬੇਰੁਜ਼ਗਾਰ ਜਵਾਨੀ ਨੂੰ ਕੁੱਟਣ ਵਾਲੇ ਪੁਲਸੀਏ ਉਹ ਹੀ ਹਨ ਸਿਰਫ ਫਰਕ ਇਹ ਹੈ ਕਿ ਪਹਿਲਾਂ ਕੁੱਟਣ ਦਾ ਹੁਕਮ ਬਾਦਲ ਦਾ ਹੁੰਦਾ ਸੀ, ਹੁਣ ਕੈਪਟਨ ਦਾ ਹੁੰਦਾ ਹੈ। ਬਿਜਲੀ ਦੀਆਂ ਕੀਮਤਾਂ ਨੇ ਪੰਜਾਬੀਆਂ ਦੀ ਜੇਬ ਹਾਲੋਂ ਬੇਹਾਲ ਕੀਤੀ ਹੋਈ ਹੈ। ਮੋਬਾਈਲ ਫੋਨਾਂ ‘ਤੇ ਕੋਰੋਨਾ ਦਾ ਵਾਇਰਸ ਕਬਜ਼ਾ ਕਰਕੇ ਬੈਠ ਗਿਆ। ਅਗਲੇ ਦੋ ਸਾਲ ਕੈਪਟਨ ਦੀ ਇਹ ਸਰਕਾਰ ਕੁੱਝ ਕੰਮ ਕਰ ਸਕੇਗੀ ਜਾਂ ਕੈਪਟਨ ਦੇ ਜਵਾਨ ਹੋਣ ਦੇ ਐਲਾਨ ਨਾਲ ਪੈਣ ਵਾਲੇ ਸਿਆਪੇ ਵਿਚ ਉਲਝ ਕੇ ਰਹਿ ਜਾਵੇਗੀ, ਇਸ ‘ਤੇ ਸਾਡੀ ਅਤੇ ਤੁਹਾਡੀ ਅੱਖ ਲੱਗੀ ਰਹੇਗੀ। ਅਵਾਮ ਹੋਰ ਕਰ ਵੀ ਕੀ ਸਕਦੀ ਹੈ ?

**Buying or Selling home in Sacramento??**
**ਸੈਕਰਾਮੈਂਟੋ ਏਰੀਆ ਵਿਚ ਘਰ ਖ਼ਰੀਦਣ ਜਾਂ ਵੇਚਣ ਲਈ ਵਿਸ਼ਾਲ ਕਪੂਰ ਨੂੰ ਕਾਲ ਕਰੋ।**
**MOBILE 916-513-8094**




***Put my knowledge, Service, experience and professionalism to work for you.***



**Buying or selling home in Sacramento?**

**Call 916-513-8094 for free consultation (PUNJABI/ENGLISH/HINDI)**

**ਸੈਕਰਾਮੈਂਟੋ ਏਰੀਆ ਵਿਚ ਘਰ ਖ਼ਰੀਦਣ ਜਾਂ ਵੇਚਣ ਲਈ ਵਿਸ਼ਾਲ ਕਪੂਰ ਨੂੰ ਕਾਲ ਕਰੋ।**

MOBILE. **916-513-8094.** OFFICE 916-993-8680 EXT.1102
EMAIL realtor.vkapoor@gmail.com Web. www.hsicarerealty.com
**9355 E. Stockton Blvd. suite 170, Elk Grove, CA 95864**

**VISHAL KAPOOR**
Realtor®
DRE#02087894

# ਕਲਿਜੁਗ ਰਥ ਅਗਨਿ ਕਾ ਕੂੜ ਅਗੇ ਰਥਵਾਹੁ

**- ਜਗਜੀਤ ਸਿੰਘ ਖਾਨਪੁਰੀ**

ਭਾਰਤੀ ਪਰੰਪਰਾ ਅਨੁਸਾਰ ਹੁਣ ਤਕ ਤਿੰਨ ਯੁੱਗ, ਸਤਿ, ਤ੍ਰੇਤਾ, ਦੁਆਪਰ ਬੀਤ ਚੁੱਕੇ ਹਨ ਤੇ ਅਜੋਕਾ ਯੁੱਗ- ਕਲਿਯੁਗ ਹੈ। ਸਤਿਯੁਗ ਵਿੱਚ ਸੁਖ-ਸ਼ਾਂਤੀ ਸੀ, ਚੋਰੀ-ਯਾਰੀ, ਝੂਠ-ਫਰੇਬ, ਅੱਤਿਆਚਾਰ ਦਾ ਅਭਾਵ ਸੀ, ਤ੍ਰੇਤਾ ਯੁੱਗ ਵਿੱਚ ਪਸ਼ੂ ਬਿਰਤੀ ਵਾਲਿਆਂ ਤੇ ਸੱਭਿਅਕ ਲੋਕਾਂ ਦਰਮਿਆਨ ਸੰਘਰਸ਼ ਹੋਣ ਲੱਗਿਆ ਜਿਵੇਂ ਚੰਡੀ ਦੀ ਵਾਰ ਵਿੱਚ ਦੇਵਤਿਆਂ ਤੇ ਰਾਖ਼ਸ਼ਾਂ ਵਿਚਕਾਰ ਯੁੱਧ ਦੇ ਰੂਪ ਵਿੱਚ ਵਿਖਾਇਆ ਗਿਆ ਹੈ। ਦੁਆਪਰ ਵਿੱਚ ਲੋਕ ਮਰਯਾਦਾ ਦਾ ਪਾਲਣ ਕਰਨ ਲੱਗੇ ਤੇ ਉਸ ਦੀ ਉਲੰਘਣਾ ਕਰਨ ਵਾਲੇ ਨੂੰ ਦੰਡ ਦਿੱਤਾ ਜਾਣ ਲੱਗਿਆ ਜਿਵੇਂ ਰਾਮਾਇਣ ਦੀ ਕਥਾ ਤੋਂ ਗਿਆਤ ਹੁੰਦਾ ਹੈ। ਦੁਆਪਰ ਵਿੱਚ ਮਰਯਾਦਾ ਭੰਗ ਹੋ ਗਈ ਤੇ ਉਸ ਵਿੱਚ ਰਾਜ-ਪਾਟ ਲਈ ਮਹਾਂਭਾਰਤ ਦੇ ਆਕਾਰ ਦਾ ਯੁੱਧ ਹੋਇਆ ਜਿਸ ਵਿੱਚ ਭਾਰੀ ਜਾਨੀ-ਮਾਲੀ ਹਾਨੀ ਹੋਈ। ਇਤਿਹਾਸਕ ਨਜ਼ਰੀਏ ਤੋਂ ਵੇਖਣ 'ਤੇ ਪਤਾ ਲੱਗਦਾ ਹੈ ਕਿ ਪਹਿਲਾ ਯੁੱਗ ਕਬੀਲਾਦਾਰੀ ਦਾ ਯੁੱਗ ਸੀ, ਜਿਸ ਵਿੱਚ ਮਨੁੱਖ ਛੋਟੇ-ਛੋਟੇ ਕਬੀਲਿਆਂ ਵਿੱਚ ਰਹਿੰਦਾ ਸੀ ਤੇ ਕਬੀਲੇ ਦੀ ਮਰਯਾਦਾ ਵਿੱਚ ਰਹਿਣ ਕਰਕੇ ਉਹ ਅਣਮਨੁੱਖੀ ਵਰਤਾਰਿਆਂ ਦੀ ਪਕੜ ਵਿੱਚ ਘੱਟ ਆਉਂਦਾ ਸੀ। ਫੇਰ ਗੁਲਾਮੀ ਦਾ ਦੌਰ ਆਇਆ। ਸਕਤਿਆਂ ਨੇ ਮਾੜਿਆਂ ਨੂੰ ਗੁਲਾਮ ਬਣਾ ਲਿਆ ਤੇ ਉਨ੍ਹਾਂ ਨਾਲ ਜ਼ਾਲਮਾਨਾਂ ਵਰਤਾਓ ਕੀਤਾ ਜਿਸ ਦੀਆਂ ਮਿਸਾਲਾਂ ਨਾਲ ਮਨੁੱਖੀ ਇਤਿਹਾਸ ਭਰਿਆ ਪਿਆ ਹੈ। ਇਹੀ ਗੁਲਾਮੀ ਅੱਗੇ ਜਾ ਕੇ ਰਾਜਾਸ਼ਾਹੀ ਵਿੱਚ ਬਦਲ ਗਈ। ਇੱਕ ਰਾਜੇ ਦੀ ਸਾਰੀ ਰਿਆਇਆ ਉਸ ਦੇ ਰਹਿਮ 'ਤੇ ਜਿਉਂਦੀ ਸੀ। ਭਾਵੇਂ ਕਈ ਧਰਮੀ ਰਾਜਿਆਂ ਦੀਆਂ ਕਹਾਣੀਆਂ ਵੀ ਪ੍ਰਚਲਿਤ ਹਨ ਪਰ ਮੁੱਖ ਤੌਰ 'ਤੇ ਮਨੁੱਖ ਗੁਲਾਮੀ ਦੀ ਜ਼ਿੰਦਗੀ ਜਿਊਣ ਲਈ ਮਜਬੂਰ ਸੀ। ਸਾਰੀ ਦੁਨੀਆਂ ਵਿੱਚ ਰਾਜਿਆਂ ਦੀ ਹਕੂਮਤ ਸੀ ਤੇ ਉਹ ਆਪਣੇ ਰਾਜ ਅਧਿਕਾਰ ਦਾ ਖੇਤਰ ਵਧਾਉਣ ਹਿੱਤ ਇੱਕ-ਦੂਜੇ ਨਾਲ ਲੜਦੇ ਰਹਿੰਦੇ ਸਨ। ਇਹ ਜਾਗੀਰਦਾਰੀ ਰਹਿਤਲ ਦਾ ਸਮਾਂ ਸੀ। ਰਾਜੇ ਆਮ ਤੌਰ 'ਤੇ ਇੱਕ ਤੋਂ ਵੱਧ ਸ਼ਾਦੀਆਂ ਕਰਦੇ ਸਨ, ਮਹਿਲਾਂ ਵਿੱਚ ਐਸ਼-ਇਸ਼ਰਤ ਨਾਲ ਰਹਿੰਦੇ ਸਨ ਤੇ ਆਮ ਜਨਤਾ ਗੁਲਾਮੀ, ਗ਼ਰੀਬੀ ਅਤੇ ਦੁੱਖ-ਤਕਲੀਫ਼ ਦਾ ਜੀਵਨ ਬਤੀਤ ਕਰਦੀ ਸੀ। ਇੱਥੋਂ ਤਕ ਕਿ ਜੀਵਨ ਨੂੰ ਭਾਰਤੀ ਪਰੰਪਰਾ ਨੇ ਸਤਿਯੁਗ, ਤ੍ਰੇਤਾ ਤੇ ਦੁਆਪਰ ਯੁਗ ਵਿੱਚ ਵੰਡ ਕੇ ਦਰਸਾਇਆ ਹੋਇਆ ਹੈ।

ਅਗਲਾ ਯੁੱਗ ਹੈ ਕਲਿ। ਇਸ ਬਾਰੇ ਹਿੰਦੂ ਮਿਥਿਹਾਸ ਕੋਸ਼ ਵਿੱਚ ਅੰਕਿਤ ਹੈ ਕਿ ਇਸ ਯੁੱਗ ਵਿੱਚ ਹਰ ਤਰ੍ਹਾਂ ਦੇ ਕਲੇਸ਼, ਬੀਮਾਰੀ, ਦੁਰਾਚਾਰ, ਸੰਘਰਸ਼ ਦਿਨੋ-ਦਿਨ ਵਧਦੇ ਹੀ ਜਾਣਗੇ। ਜਦੋਂ ਤੋਂ ਮਨੁੱਖ ਜਾਤੀ ਇਸ ਧਰਤੀ 'ਤੇ ਪੈਦਾ ਹੋਈ ਹੈ, ਉਸ ਨੂੰ ਕੁਦਰਤ ਨੇ ਹਵਾ, ਪਾਣੀ, ਖਾਣ ਦੀਆਂ ਵਸਤਾਂ ਦਾ ਅਮੁੱਕ ਭੰਡਾਰ ਬਖ਼ਸ਼ਿਆ ਹੈ ਪਰ ਜਿੱਥੇ ਕੁਦਰਤ ਨੇ ਉਸ ਨੂੰ ਏਨਾ ਕੁਝ ਦਿੱਤਾ ਹੋਇਆ ਹੈ, ਉਸ ਦੇ ਨਾਲ ਹੀ ਉਸ ਨੂੰ ਕੁਦਰਤੀ ਆਫ਼ਤਾਂ-ਭੁਚਾਲ, ਗਰਮੀ, ਸਰਦੀ, ਬਰਫ਼ੀਲਾ ਮੌਸਮ, ਸੁਨਾਮੀ, ਹੜ੍ਹਾਂ, ਬਿਜਲੀ ਆਦਿ ਦੀ ਮਾਰ ਤੋਂ ਬਚਣ ਲਈ ਦਿਮਾਗ਼ ਬਖ਼ਸ਼ਿਆ ਹੈ। ਇਸ ਨਾਲ ਉਹ ਕੁਦਰਤ ਦੀਆਂ ਬਖ਼ਸ਼ਿਸ਼ਾਂ ਨੂੰ ਮਾਣਦਾ ਤੇ ਕੁਦਰਤੀ ਆਫ਼ਤਾਂ ਤੋਂ ਬਚਣ ਲਈ ਨਵੇਂ ਨਵੇਂ-ਢੰਗ ਸੋਚਦਾ ਰਿਹਾ ਹੈ।

ਧਰਤੀ ਉੱਤੇ ਜੀਵ/ਮਨੁੱਖ ਦੀ ਉਤਪਤੀ ਪੰਜ ਭੌਤਿਕ ਹੈ। ਖਾਕ, ਬਾਦ, ਆਬ, ਆਤਸ਼ (ਅਗਨੀ) ਕਾ ਰਲਾਓ ਹੈ ਤੇ ਉਹ ਸੁੰਨ (ਆਕਾਸ਼) ਵਿੱਚ ਵਿਚਰਦਾ ਹੈ। ਮਨੁੱਖ ਨੇ ਲੱਖਾਂ ਵਰ੍ਹਿਆਂ ਦੀ ਮਿਹਨਤ ਤੋਂ ਬਾਅਦ ਮਸ਼ੀਨੀ ਯੁੱਗ ਵਿੱਚ ਪ੍ਰਵੇਸ਼ ਕੀਤਾ ਹੈ। ਕਲਿ ਦਾ ਅਰਥ ਮਸ਼ੀਨ ਹੈ। ਇਸ ਲਈ ਵਿਗਿਆਨਕ ਤੌਰ 'ਤੇ ਕਲਿਯੁਗ ਤੋਂ ਭਾਵ ਮਸ਼ੀਨੀ ਯੁੱਗ ਹੈ, ਅਸੀਂ ਆਪਣੀ ਖੁਰਾਕ ਧਰਤੀ ਤੇ ਦਰਖਤਾਂ ਤੋਂ ਪ੍ਰਾਪਤ ਕਰਦੇ ਹਾਂ। ਉਸ ਨੂੰ ਪੈਦਾ ਕਰਨ ਲਈ ਅਗਨੀ (ਸੂਰਜ ਦੀ ਗਰਮੀ) ਤੇ ਪਾਣੀ ਦੀ ਲੋੜ ਪੈਂਦੀ ਹੈ। ਅਸੀਂ ਪਾਣੀ ਦਰਿਆਵਾਂ, ਚਸ਼ਮਿਆਂ ਤੇ ਧਰਤੀ ਹੇਠੋਂ ਖੂਹਾਂ, ਨਲਕਿਆਂ ਤੇ ਅਜੋਕੇ ਯੁੱਗ ਵਿੱਚ ਟਿਊਬਵੈੱਲਾਂ ਤੋਂ ਪ੍ਰਾਪਤ ਕਰਦੇ ਹਾਂ। ਜਿਉਂਦੇ ਰਹਿਣ ਲਈ ਚੌਥਾ ਤੱਤ ਹਵਾ ਹੈ ਅਤੇ ਪੰਜਵਾਂ ਆਕਾਸ਼ (ਖਾਲੀ ਥਾਂ)।

ਪਹਿਲੇ ਯੁੱਗਾਂ ਵਿੱਚ ਮਨੁੱਖ ਨੂੰ ਆਪਣੇ ਹੱਥਾਂ-ਪੈਰਾਂ ਨਾਲ ਸਾਰੇ ਕੰਮ ਕਰਨੇ ਪੈਂਦੇ ਸਨ ਪਰ ਕਲਿਯੁਗ ਵਿੱਚ ਮਸ਼ੀਨਾਂ ਦੀ ਈਜਾਦ ਹੋਣ ਨਾਲ ਨਾ ਤਾਂ ਹੱਥਾਂ-ਪੈਰਾਂ ਦੀ ਬਹੁਤੀ ਵਰਤੋਂ ਹੋ ਰਹੀ ਹੈ ਤੇ ਨਾ ਹੀ ਬਹੁਤੇ ਦਿਮਾਗ਼ ਦੀ। ਇਸ ਲਈ ਅਸੀਂ ਮਕੈਨਕੀ ਸੁਭਾਅ ਅਪਣਾ ਲਿਆ ਹੈ। ਮਸ਼ੀਨਾਂ ਬਹੁਤ ਕੰਮ ਕਰ ਸਕਦੀਆਂ ਹਨ, ਅਸੀਂ ਬਹੁਤੀਆਂ ਵਸਤਾਂ ਇਕੱਠੀਆਂ ਕਰਨ ਵੱਲ ਤੁਰ ਪਏ ਹਾਂ, ਲੋੜ ਤੋਂ ਵੱਧ ਖ਼ਰਚ ਕਰ ਰਹੇ ਹਾਂ, ਉਪਭੋਗਤਾਵਾਦ ਦੀ ਪਕੜ ਵਿੱਚ ਫਸ ਗਏ ਹਾਂ। ਇਹ ਸਾਰਾ ਕੁਝ ਮੱਧ ਵਰਗ, ਉੱਚ ਵਰਗ, ਵੱਡੇ ਵਪਾਰੀ ਤੇ ਧਨਾਢ ਲੋਕਾਂ ਦੀ ਰਹਿਤਲ ਦਾ ਅਨਿੱਖੜਵਾਂ ਭਾਗ ਹੈ। ਕਿਸਾਨ-ਮਜ਼ਦੂਰ ਵਰਗ ਹੱਥੀਂ ਕੰਮ ਕਰਦੇ ਹਨ, ਪੈਰਾਂ ਦੀ ਵਰਤੋਂ ਵੀ ਕਰਦੇ ਹਨ ਪਰ ਉਨ੍ਹਾਂ ਪਾਸ ਰਹਿਣ ਵਾਸਤੇ ਯੋਗ ਵਸੇਬਾ ਨਹੀਂ, ਮਹਿੰਗਾਈ ਕਰਕੇ ਖਾਧ ਖੁਰਾਕ ਦੀ ਵੀ ਤੋਟ ਰਹਿੰਦੀ ਹੈ। ਬੱਚਿਆਂ ਨੂੰ ਪੜ੍ਹਾ ਨਹੀਂ ਸਕਦੇ। ਜੇ ਉਹ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਨੂੰ ਪੜ੍ਹਨ ਭੇਜਦੇ ਹਨ ਤਾਂ ਆ ਕੇ ਬੱਚਿਆਂ ਪਾਸ ਪੜ੍ਹਨ ਲਈ ਯੋਗ ਥਾਂ ਨਹੀਂ, ਝੁੱਗੀ -ਝੌਂਪੜੀ ਵਿੱਚ ਪੰਜ-ਪੰਜ ਸੱਤ-ਸੱਤ ਜਣੇ ਰਹਿੰਦੇ ਹਨ। ਬੱਚੇ ਦੋ-ਚਾਰ, ਪੰਜ- ਸੱਤ ਜਮਾਤਾਂ ਪੜ੍ਹ ਕੇ ਕਿਸੇ ਛੋਟੇ-ਮੋਟੇ ਧੰਦੇ 'ਤੇ ਲੱਗਣ ਲਈ ਮਜਬੂਰ ਹਨ। ਹੋਟਲਾਂ ਅਤੇ ਢਾਬਿਆਂ 'ਤੇ ਕੰਮ ਕਰਦੇ ਹਨ। ਉੱਚੀ ਸ਼੍ਰੇਣੀਆਂ ਦੇ ਬੱਚੇ ਪਬਲਿਕ ਸਕੂਲਾਂ ਵਿੱਚ ਪੜ੍ਹ ਕੇ, ਟਿਊਸ਼ਨਾਂ ਰੱਖ ਕੇ ਮੈਡੀਕਲ, ਇੰਜਨੀਅਰਿੰਗ, ਟੈਕਨੀਕਲ ਡਿਗਰੀਆਂ ਲੈ ਕੇ, ਐੱਮ. ਬੀ.ਏ. ਕਰਕੇ ਵੱਡੀਆਂ-ਵੱਡੀਆਂ ਫਰਮਾਂ ਵਿੱਚ ਪਹੁੰਚਣ ਵਿੱਚ ਸਫ਼ਲ ਹੋ ਰਹੇ ਹਨ। ਅਮੀਰੀ-ਗ਼ਰੀਬੀ ਦਾ ਪਾੜਾ ਉਸੇ ਤਰ੍ਹਾਂ ਕਾਇਮ ਹੈ। ਕਿਸਾਨ-ਮਜ਼ਦੂਰ ਅਤੇ ਹੋਰ ਆਰਥਿਕ ਤੌਰ 'ਤੇ ਪੱਛੜੇ ਲੋਕਾਂ ਦੇ ਬੱਚੇ ਕੁਪੋਸ਼ਣ ਦਾ ਸ਼ਿਕਾਰ ਬਣ ਰਹੇ ਹਨ। ਮੱਧ ਵਰਗ ਤੇ ਅਮੀਰ ਵਰਗ ਦੇ ਬਹੁਤੇ ਲੋਕੀਂ ਰਿਸ਼ਵਤ, ਚੋਰ-ਬਾਜ਼ਾਰੀ ਅਤੇ ਘੁਟਾਲਿਆਂ ਨਾਲ ਹੋਰ ਧਨ ਇਕੱਤਰ ਕਰਨ ਵਿੱਚ ਦਿਨ-ਰਾਤ ਲੱਗੇ ਹੋਏ ਹਨ। ਉਨ੍ਹਾਂ ਪਾਸ ਖਾਣਾ ਖਾਣ ਤੇ ਆਰਾਮ ਕਰਨ ਦਾ ਸਮਾਂ ਵੀ ਨਹੀਂ ਹੈ। ਮੋਬਾਈਲ ਨੇ ਨਿੱਜੀ ਸੰਪਰਕ ਖ਼ਤਮ ਕਰ ਦਿੱਤਾ ਹੈ। ਮਨੁੱਖੀ ਰਿਸ਼ਤੇ ਬਿਖਰ ਗਏ ਹਨ।

ਬਿਜਲੀ, ਪੈਟਰੋਲ, ਗੈਸ ਆਦਿ ਨੇ ਕਾਰਖਾਨਿਆਂ ਤੇ ਘਰਾਂ ਵਿੱਚ ਕੰਮ ਨੂੰ ਸੌਖਾ ਅਤੇ ਆਰਾਮਦਾਇਕ ਬਣਾ ਦਿੱਤਾ ਹੈ। ਆਵਾਜਾਈ ਦੇ ਸਾਧਨ ਵਿਕਸਤ ਹੋ ਗਏ ਹਨ। ਜਿੱਥੇ ਇਨ੍ਹਾਂ ਨੇ ਕੰਮ ਛੇਤੀ ਕਰਨ, ਸਫ਼ਰ ਸੁਖਾਲਾ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ, ਉੱਥੇ ਮਨੁੱਖ ਨੇ ਖ਼ਾਸ ਕਰਕੇ ਮੱਧ ਤੇ ਅਮੀਰ ਵਰਗ ਨੇ ਹੱਥੀਂ ਕੰਮ ਕਰਨਾ ਤੇ ਪੈਰੀਂ ਤੁਰਨਾ ਤਿਆਗ ਦਿੱਤਾ ਹੈ। ਇਸ ਕਾਰਨ ਉਹ ਅਨੇਕਾਂ ਬੀਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ।

ਵਸਤੂਆਂ ਕਾਰਖਾਨਿਆਂ ਵਿੱਚ ਬਣਨ ਕਰਕੇ ਹਰ ਕਿਸਮ ਦੇ ਮਾਲ ਦੀਆਂ ਅੱਖਾਂ ਚੁੰਧਿਆਉਂਦੀਆਂ ਵੱਡੀਆਂ-ਵੱਡੀਆਂ ਦੁਕਾਨਾਂ ਖੁੱਲ੍ਹ ਗਈਆਂ ਹਨ। ਉਪਭੋਗਤਾਵਾਦ ਦਾ ਬੋਲਬਾਲਾ ਹੈ, ਵਿਕਸਤ ਤੇ ਵਿਕਾਸਸ਼ੀਲ ਦੇਸ਼ਾਂ ਦਾ ਅਮੀਰ ਤਬਕਾ ਇਸ ਉਪਭੋਗਤਾਵਾਦ ਦੀ ਜਕੜ ਵਿੱਚ ਫਸ ਕੇ ਕੁਦਰਤੀ ਜੀਵਨ ਜਿਊਣ ਤੋਂ ਕੋਹਾਂ ਦੂਰ ਚਲਾ ਗਿਆ ਹੈ। ਉਹ ਨਾ ਤਾਂ ਸਾਫ਼ ਹਵਾ ਵਿੱਚ ਸਾਹ ਲੈ ਸਕਦਾ ਹੈ ਤੇ ਨਾ ਸਰਦੀਆਂ ਵਿੱਚ ਨਿੱਘੀ ਧੁੱਪ ਦਾ ਆਨੰਦ ਮਾਣ ਸਕਦਾ ਹੈ। ਉਸ ਅੰਦਰ ਹੋਰ ਅਮੀਰ ਬਣਨ ਦੀ ਚਾਹ ਅਗਨੀ ਵਾਂਗ ਪ੍ਰਚੰਡ ਹੋ ਗਈ ਹੈ। ਉਹ ਗੱਡੀਆਂ, ਕਾਰਾਂ, ਸਕੂਟਰਾਂ 'ਤੇ ਸਫ਼ਰ ਕਰਦਾ ਅਗਨੀ ਦੇ ਰੱਥ 'ਤੇ ਚੜ੍ਹਿਆ ਹੋਇਆ ਹੈ। ਉਸ ਦੇ ਪੈਰ ਧਰਤੀ 'ਤੇ ਨਹੀਂ ਲੱਗਦੇ। ਕਈ ਦੇਸ਼ਾਂ ਨੇ ਪਰਮਾਣੂ ਤੇ ਰਸਾਇਣਕ ਹਥਿਆਰਾਂ ਦੀ ਕਾਢ ਕਰਕੇ ਆਪਣੀ ਪ੍ਰਭੂਸੱਤਾ ਵਧਾਉਣ ਲਈ ਉਨ੍ਹਾਂ ਦੀ ਵਰਤੋਂ ਨਾਲ ਨਾ ਸਿਰਫ਼ ਵਾਤਾਵਰਨ ਦੂਸ਼ਿਤ ਕੀਤਾ ਹੈ ਸਗੋਂ ਉਹ ਮਨੁੱਖ ਜਾਤੀ ਦਾ ਘਾਣ ਕਰਨ 'ਤੇ ਤੁਲੇ ਹੋਏ ਹਨ। ਇਸ ਲਈ ਕਿਹਾ ਜਾ ਸਕਦਾ ਹੈ ਕਿ ਮਨੁੱਖ ਅੰਦਰ ਲੋਭ ਲਾਲਚ ਦੀ ਅਗਨੀ ਪ੍ਰਜਵਲਿਤ ਹੋਈ ਹੈ ਤੇ ਬਾਹਰੋਂ ਵੀ ਉਹ ਅਗਨੀ (ਹਰ ਕਿਸਮ ਦੀ ਸ਼ਕਤੀ) ਦੇ ਰਥ 'ਤੇ ਸਵਾਰ ਹੈ- ਕਲਿਜੁਗ ਰਥ ਅਗਨਿ ਕਾ ਕੂੜ ਅਗੇ ਰਥਵਾਹੁ।

# ਜਦੋਂ ਦੇਸ ਪੰਜਾਬ ਗੁਲਾਮ ਹੋਇਆ

**- ਜੁਗਰਾਜ ਸਿੰਘ**

ਸਾਰੇ ਪੰਜਾਬ ਨੂੰ ਇੱਕ ਝੰਡੇ ਹੇਠ ਇਕੱਠਾ ਕਰਨ ਦਾ ਜੋ ਸੁਫਨਾ ਸਿੱਖ ਲੰਮੇ ਸਮੇਂ ਤੋਂ ਦੇਖ ਰਹੇ ਸਨ, ਉਹ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਜਾ ਕੇ ਪੂਰਾ ਹੋ ਗਿਆ। ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਸੂਝ-ਬੂਝ ਸਦਕਾ ਸਾਰੇ ਪੰਜਾਬ ਨੂੰ ਇੱਕ ਝੰਡੇ ਹੇਠ ਇਕੱਠਾ ਕਰ ਦਿੱਤਾ। ਉਸ ਨੇ ਆਪਣੇ ਰਾਜ ਨੂੰ 'ਖਾਲਸਾ ਰਾਜ' ਦਾ ਨਾਂ ਦਿੱਤਾ। ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਮੌਤ ਤੋਂ ਪਹਿਲਾਂ ਹੀ ਅਨੁਮਾਨ ਲਾ ਲਿਆ ਸੀ ਕਿ ਉਸ ਤੋਂ ਬਾਅਦ ਅੰਗਰੇਜ਼ ਪੰਜਾਬ ਸਮੇਤ ਸਾਰੇ ਹਿੰਦੁਸਤਾਨ ਉੱਤੇ ਕਬਜ਼ਾ ਕਰ ਲੈਣਗੇ। ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਦਸ ਸਾਲ ਵਿੱਚ ਹੀ ਉਸ ਦਾ ਕਿਹਾ ਸੱਚ ਹੋ ਗਿਆ ਤੇ ਪੰਜਾਬ ਅੰਗਰੇਜ਼ੀ ਸਾਮਰਾਜ ਦੇ ਅਧੀਨ ਹੋ ਗਿਆ।

1839 ਵਿੱਚ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਅੰਗਰੇਜ਼ ਪੰਜਾਬ ਉੱਤੇ ਕਬਜ਼ਾ ਕਰਨ ਬਾਰੇ ਸੋਚਣ ਲੱਗੇ। ਆਪਣੇ ਇਸ ਇਰਾਦੇ ਨੂੰ ਪੂਰਾ ਕਰਨ ਲਈ ਅੰਗਰੇਜ਼ਾਂ ਨੇ ਜੁਲਾਈ 1844 ਵਿੱਚ ਲਾਰਡ ਹਾਰਡਿੰਗ ਨੂੰ ਹਿੰਦੁਸਤਾਨ ਦਾ ਗਵਰਨਰ ਜਨਰਲ ਲਾਇਆ, ਜੋ ਕਿ ਹੰਢਿਆ ਹੋਇਆ ਜਰਨੈਲ ਸੀ। ਇਸੇ ਸਾਲ ਅੰਗਰੇਜ਼ਾਂ ਨੇ ਸਤਲੁਜ ਦਰਿਆ ਦੇ ਕੰਢੇ ਅਸਲਾ ਤੇ ਸੈਨਿਕ ਇਕੱਠੇ ਕਰਨੇ ਸ਼ੁਰੂ ਕਰ ਦਿੱਤੇ। ਦੂਜੇ ਪਾਸੇ ਲਾਹੌਰ ਵਿੱਚ ਸਿੱਖ ਫੌਜ ਨੂੰ ਤਿਆਰ ਕਰਨ ਲਈ ਕੋਈ ਨਹੀਂ ਸੀ। ਸਾਰੇ ਦਰਬਾਰੀ ਆਪਣੀਆਂ ਜਗੀਰਾਂ ਲਈ ਪੰਜਾਬ ਨੂੰ ਕੁਰਬਾਨ ਕਰਨ ਲਈ ਤਿਆਰ ਸਨ ਪਰ ਦਰਬਾਰੀ ਖਾਲਸਾ ਫੌਜ ਤੋਂ ਡਰਦੇ ਸਨ ਤੇ ਉਨ੍ਹਾਂ ਨੂੰ ਆਪਸ ਵਿੱਚ ਲੜਾ ਕੇ ਤਬਾਹ ਕਰਨਾ ਚਾਹੁੰਦੇ ਸਨ।

13 ਦਸੰਬਰ ਨੂੰ ਲਾਰਡ ਹਾਰਡਿੰਗ ਨੇ ਜੰਗ ਦਾ ਐਲਾਨ ਕਰ ਦਿੱਤਾ। ਸਿੱਖ ਫੌਜ ਦੇ ਦੋਵੇਂ ਕਮਾਂਡਰ ਲਾਲ ਸਿੰਘ ਤੇ ਤੇਜਾ ਸਿੰਘ ਨੇ ਪਹਿਲਾਂ ਹੀ ਅੰਗਰੇਜ਼ਾਂ ਨਾਲ ਗੰਢ-ਤੁੱਪ ਕਰ ਲਈ ਸੀ। 18 ਦਸੰਬਰ, 1845 ਨੂੰ ਮੁਦਕੀ ਦੇ ਸਥਾਨ ਉੱਤੇ ਸਿੱਖਾਂ ਤੇ ਅੰਗਰੇਜ਼ਾਂ ਵਿਚਕਾਰ ਪਹਿਲੇ ਐਂਗਲੋ-ਸਿੱਖ ਯੁੱਧ ਦੀ ਪਹਿਲੀ ਲੜਾਈ ਹੋਈ। ਇਸ ਲੜਾਈ ਵਿੱਚ ਲਗਪਗ 215 ਅੰਗਰੇਜ਼ ਸੈਨਿਕ ਮਾਰੇ ਗਏ ਤੇ ਸਿੱਖਾਂ ਦਾ ਇਸ ਤੋਂ ਕਿਤੇ ਵੱਧ ਜਾਨੀ-ਮਾਲੀ ਨੁਕਸਾਨ ਹੋਇਆ। ਇਸ ਤੋਂ ਬਾਅਦ ਫਿਰੋਜ਼ਸ਼ਾਹ, ਬੱਦੋਵਾਲ ਤੇ ਅਲੀਵਾਲ ਦੀਆਂ ਲੜਾਈਆਂ ਹੋਈਆਂ। ਸਿੱਖ ਜਰਨੈਲਾਂ ਦੀ ਗੱਦਾਰੀ ਕਾਰਨ ਇਨ੍ਹਾਂ ਲੜਾਈਆਂ ਵਿੱਚ ਸਿੱਖਾਂ ਦਾ ਭਾਰੀ ਜਾਨੀ ਤੇ ਮਾਲੀ ਨੁਕਸਾਨ ਹੋਇਆ।



ਪਹਿਲੇ ਐਂਗਲੋ-ਸਿੱਖ ਯੁੱਧ ਦੀ ਆਖਰੀ ਲੜਾਈ ਸਭਰਾਉਂ ਵਿੱਚ 10 ਫਰਵਰੀ, 1846 ਨੂੰ ਲੜੀ ਗਈ। ਇਸ ਵਿੱਚ ਵੀ ਲਾਲ ਸਿੰਘ ਨੇ ਪਹਿਲਾਂ ਹੀ ਸਿੱਖ ਫੌਜ ਦੇ ਮੋਰਚਿਆਂ ਦੇ ਨਕਸ਼ੇ ਦੁਸ਼ਮਣ ਕੋਲ ਪਹੁੰਚਾ ਦਿੱਤੇ। ਪਰ ਸਮੇਂ ਉੱਤੇ ਆ ਕੇ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਨੇ ਸਿੱਖ ਫੌਜ ਦੀ ਕਮਾਨ ਸੰਭਾਲ ਲਈ। ਉਹ ਇੰਨੀ ਬਹਾਦਰੀ ਨਾਲ ਲੜਿਆ ਕਿ ਅੰਗਰੇਜ਼ਾਂ ਨੂੰ ਦਿਨੇ ਤਾਰੇ ਨਜ਼ਰ ਆ ਗਏ। ਅੰਤ ਸ਼ਾਮ ਸਿੰਘ ਅਟਾਰੀਵਾਲਾ ਲੜਦਾ ਹੋਇਆ ਸ਼ਹੀਦ ਹੋ ਗਿਆ। ਇਸ ਤੋਂ ਬਾਅਦ ਸਿੱਖ ਫੌਜ ਦਾ ਹੌਂਸਲਾ ਟੁੱਟ ਗਿਆ ਤੇ ਫੌਜ ਦੀ ਜਿੱਤ, ਹਾਰ ਵਿੱਚ ਬਦਲ ਗਈ। ਅੰਗਰੇਜ਼ਾਂ ਨੇ ਭੈਰੋਵਾਲ ਦੀ ਸੰਧੀ ਅਨੁਸਾਰ ਦਲੀਪ ਸਿੰਘ ਦੇ ਨਾਬਾਲਗ ਹੋਣ ਕਰਕੇ ਲਾਹੌਰ ਰਾਜ ਦਾ ਸ਼ਾਸਨ ਪ੍ਰਬੰਧ ਅੱਠ ਸਰਦਾਰਾਂ ਦੀ ਕੌਂਸਲ ਅਧੀਨ ਕਰ ਕੇ ਬ੍ਰਿਟਿਸ਼ ਰੈਜੀਡੈਂਟ ਦੀ ਅਗਵਾਈ ਤੇ ਸਲਾਹ ਅਨੁਸਾਰ ਕਰ ਦਿੱਤਾ। ਰਾਣੀ ਜਿੰਦਾਂ ਦੀ ਸਾਰੀ ਤਾਕਤ ਖੋਹ ਲਈ ਗਈ ਤੇ ਉਸ ਨੂੰ ਗੁਜ਼ਾਰੇ ਲਈ ਡੇਢ ਲੱਖ ਰੁਪਏ ਸਾਲਾਨਾ ਪੈਨਸ਼ਨ ਲਗਾ ਦਿੱਤੀ।

1848 ਵਿੱਚ ਲਾਰਡ ਹਾਰਡਿੰਗ ਦੀ ਥਾਂ ਲਾਰਡ ਡਲਹੌਜ਼ੀ ਹਿੰਦੁਸਤਾਨ ਦਾ ਗਵਰਨਰ ਜਨਰਲ ਬਣ ਕੇ ਆਇਆ। ਉਹ ਅੰਗਰੇਜ਼ੀ ਰਾਜ ਨੂੰ ਇੱਥੇ ਹੋਰ ਵਧੇਰੇ ਫੈਲਾਉਣ ਵਿੱਚ ਵਿਸ਼ਵਾਸ ਰੱਖਦਾ ਸੀ। 20 ਅਪਰੈਲ 1848 ਨੂੰ ਮੁਲਤਾਨ ਦੇ ਗਵਰਨਰ ਦੀਵਾਨ ਮੂਲਰਾਜ ਨੇ ਅੰਗਰੇਜ਼ਾਂ ਵਿਰੁੱਧ ਵਿਦਰੋਹ ਕਰ ਦਿੱਤਾ। ਅੰਗਰੇਜ਼ ਪਹਿਲਾਂ ਹੀ ਅਜਿਹੇ ਮੌਕੇ ਦੀ ਤਾਕ ਵਿੱਚ ਸਨ ਤਾਂ ਜੋ ਉਨ੍ਹਾਂ ਨੂੰ ਪੰਜਾਬ ਉੱਤੇ ਪੂਰੀ ਤਰ੍ਹਾਂ ਕਬਜ਼ਾ ਕਰਨ ਲਈ ਕੋਈ ਚੰਗਾ ਮੌਕਾ ਮਿਲ ਸਕੇ। ਹੁਣ ਅੰਗਰੇਜ਼ਾਂ ਨੇ ਸਿੱਖਾਂ ਨੂੰ ਉਕਸਾਇਆ ਤਾਂ ਜੋ ਬਾਗ਼ੀ ਸਿੱਖ ਇਕੱਠੇ ਹੋ ਕੇ ਬਗ਼ਾਵਤ ਲਈ ਤਿਆਰ ਹੋਣ। ਰਾਣੀ ਜਿੰਦਾਂ 'ਤੇ ਦੇਸ ਧ੍ਰੋਹ ਦਾ ਦੋਸ਼ ਲਗਾ ਕੇ ਦੇਸ ਨਿਕਾਲਾ ਦੇ ਦਿੱਤਾ ਗਿਆ। ਮਹਾਰਾਣੀ ਨਾਲ ਬਦਸਲੂਕੀ ਕਾਰਨ ਖਾਲਸਾ ਫੌਜ ਵਿੱਚ ਗੁੱਸੇ ਦੀ ਲਹਿਰ ਪੈਦਾ ਹੋ ਗਈ। ਉੱਤਰ-ਪੱਛਮ ਵਿੱਚ ਚਤਰ ਸਿੰਘ ਅਟਾਰੀਵਾਲਾ ਨੇ ਬਗਾਵਤ ਕਰ ਦਿੱਤੀ। ਕੁਝ ਸਮੇਂ ਬਾਅਦ ਉਸ ਦਾ ਪੁੱਤਰ ਸ਼ੇਰ ਸਿੰਘ ਵੀ ਉਸ ਦੀ ਮਦਦ ਲਈ ਆ ਗਿਆ।

ਗਵਰਨਰ ਜਨਰਲ ਲਾਰਡ ਡਲਹੌਜ਼ੀ ਨੇ ਸਿੱਖਾਂ ਵਿਰੁੱਧ ਜੰਗ ਦਾ ਐਲਾਨ ਕਰ ਦਿੱਤਾ। ਚਨਾਬ ਦੇ ਕੰਢੇ ਜੰਗ ਹੋਣੀ ਮਿੱਥੀ ਗਈ। ਪਹਿਲੇ ਐਂਗਲੋ-ਸਿੱਖ ਯੁੱਧ ਦੀ ਸੰਧੀ ਅਨੁਸਾਰ ਖਾਲਸਾ ਫੌਜ ਦੇ ਹਥਿਆਰ ਪਹਿਲਾਂ ਹੀ ਅੰਗਰੇਜ਼ਾਂ ਕੋਲ ਜਮ੍ਹਾਂ ਸਨ ਤੇ ਫੌਜ ਦੀ ਗਿਣਤੀ ਵੀ ਕਾਫੀ ਘਟਾ ਦਿੱਤੀ ਗਈ ਸੀ। ਹੁਣ ਖਾਲਸਾ ਫੌਜ ਦਾ ਸਰਦਾਰ ਸ਼ੇਰ ਸਿੰਘ ਸੀ। 22 ਨਵੰਬਰ 1848 ਨੂੰ ਦੂਜੇ ਐਂਗਲੋ-ਸਿੱਖ ਯੁੱਧ ਦੀ ਪਹਿਲੀ ਲੜਾਈ ਰਾਮਨਗਰ ਦੀ ਲੜਾਈ ਸੀ, ਜਿਸ ਵਿੱਚ ਅੰਗਰੇਜ਼ਾਂ ਨੂੰ ਹਾਰ ਦਾ ਮੂੰਹ ਦੇਖਣਾ ਪਿਆ। 3 ਜਨਵਰੀ 1849 ਨੂੰ ਚੇਲਿਆਂ ਵਾਲਾ ਦੇ ਮੈਦਾਨ ਵਿੱਚ ਦੂਜੀ ਲੜਾਈ ਹੋਈ। ਸਿੱਖ ਲੜਾਈ ਵਿੱਚ ਬੜੀ ਬਹਾਦਰੀ ਨਾਲ ਲੜੇ, ਬਹੁਤ ਸਾਰੇ ਅੰਗਰੇਜ਼ ਸੈਨਿਕ ਮਾਰੇ ਗਏ। ਅੰਗਰੇਜ਼ ਚਨਾਬ ਦਰਿਆ ਦੇ ਕੰਢੇ ਤਕ ਪਿਛਾਂਹ ਹਟ ਗਏ। 21 ਫਰਵਰੀ 1849 ਨੂੰ ਗੁਜਰਾਤ ਦੀ ਲੜਾਈ ਹੋਈ। ਇਸ ਲੜਾਈ ਵਿੱਚ ਵੀ ਖਾਲਸਾ ਫੌਜ ਨੇ ਬਹਾਦਰੀ ਦੇ ਜੌਹਰ ਦਿਖਾਏ ਪਰ ਸਿੱਖਾਂ ਦੀ ਹਾਰ ਹੋਈ। ਅੰਗਰੇਜ਼ਾਂ ਨੇ ਸਿੱਖਾਂ ਦਾ ਪਿੱਛਾ ਕਰ ਕੇ ਉਨ੍ਹਾਂ ਦਾ ਜਾਨੀ-ਮਾਲੀ ਨੁਕਸਾਨ ਕੀਤਾ।

11 ਮਾਰਚ 1849 ਨੂੰ ਬਚੀ ਹੋਈ ਖਾਲਸਾ ਫੌਜ ਨੇ ਰਾਵਲਪਿੰਡੀ ਨਜ਼ਦੀਕ ਹਰਮੋਕ ਨਾਮੀ ਸਥਾਨ ਵਿੱਚ ਮੇਜਰ ਜਨਰਲ ਗਿਲਬਰਟ ਅੱਗੇ ਹਥਿਆਰ ਸੁੱਟ ਦਿੱਤੇ। ਬਹੁਤ ਸਾਰੇ ਸਿੱਖ ਸੈਨਿਕ ਰੋ ਰਹੇ ਸਨ, ਬਹੁਤਿਆਂ ਦੇ ਚਿਹਰਿਆਂ 'ਤੇ ਗੁੱਸੇ ਦੇ ਚਿੰਨ੍ਹ ਸਨ। ਇੱਕ ਪੁਰਾਣੇ ਸਿੱਖ ਸਰਦਾਰ ਨੇ ਕਿਹਾ ਕਿ 'ਅੱਜ ਰਣਜੀਤ ਸਿੰਘ ਮਰ ਗਿਆ'। ਅੰਤ 29 ਮਾਰਚ 1849 ਨੂੰ ਅੰਗਰੇਜ਼ਾਂ ਨੇ ਇਹ ਐਲਾਨ ਕਰ ਦਿੱਤਾ ਕਿ ਸਿੱਖ ਰਾਜ ਦਾ ਅੰਤ ਹੋ ਗਿਆ ਹੈ ਤੇ ਹੁਣ ਤੋਂ ਪੰਜਾਬ ਅੰਗਰੇਜ਼ੀ ਸਾਮਰਾਜ ਦਾ ਹਿੱਸਾ ਹੈ।

**ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ**

# ਰਾਏ ਬੁਲਾਰ ਗੁਰੂ ਨਾਨਕ ਦੇਵ ਜੀ ਦੀ ਬਖ਼ਸ਼ਿਸ਼ ਦਾ ਪਹਿਲਾ ਪਾਤਰ

**- ਬੀਰ ਦਵਿੰਦਰ ਸਿੰਘ**

ਰਾਇ ਬੁਲਾਰ ਮੁਹੰਮਦ ਭੱਟੀ ਦਾ ਜਨਮ ਪਿੰਡ ਕੋਟ ਹੁਸੈਨ ਦੇ ਵੱਡੇ ਜ਼ਿਮੀਂਦਾਰ ਰਾਇ ਭੋਇ ਖਾਨ ਭੱਟੀ ਦੇ ਘਰ 1447 ਈਸਵੀ ਨੂੰ ਹੋਇਆ। ਕੋਟ ਹੁਸੈਨ ਹੀ ਬਾਅਦ ਵਿਚ ਰਾਇ ਭੋਇ ਖਾਨ ਭੱਟੀ ਦੇ ਨਾਂਅ ਨਾਲ ਰਾਇ ਭੋਇ ਦੀ ਤਲਵੰਡੀ ਵਜੋਂ ਜਾਣਿਆ ਜਾਣ ਲੱਗਾ ਜੋ ਅੱਜ ਗੁਰੂ ਨਾਨਕ ਦੇਵ ਜੀ ਦਾ ਜਨਮ ਅਸਥਾਨ ਹੋਣ ਕਾਰਨ, ਪੂਰੇ ਸੰਸਾਰ ਵਿਚ ਨਨਕਾਣਾ ਸਾਹਿਬ ਦੇ ਨਾਂਅ ਨਾਲ ਪ੍ਰਸਿੱਧ ਹੈ। ਨਨਕਾਣਾ ਸਾਹਿਬ, ਲਾਹੌਰ (ਪਾਕਿਸਤਾਨ) ਦੀ ਮਗਰਬੀ ਦਿਸ਼ਾ ਵੱਲ, ਲਾਹੌਰ ਤੋਂ ਲਗਪਗ 42 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ।

ਸ੍ਰੀ ਗੁਰੂ ਨਾਨਕ ਸਾਹਿਬ ਦੇ ਸਾਖੀ ਸਾਹਿਤ ਦੀ ਇਬਤਦਾ, ਰਾਏ ਬੁਲਾਰ ਦੀਆਂ ਸਾਖੀਆਂ ਨਾਲ ਹੀ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਦੇ ਜਨਮ ਸਮੇਂ ਉਨ੍ਹਾਂ ਦੇ ਰੂਹਾਨੀ ਨੂਰ ਦਾ ਅਨੁਭਵ ਸਭ ਤੋਂ ਪਹਿਲਾਂ ਗੁਰੂ ਜੀ ਦੀ ਵੱਡੀ ਭੈਣ ਬੇਬੇ ਨਾਨਕੀ ਅਤੇ ਉਸ ਤੋਂ ਬਾਅਦ ਰਾਏ ਬੁਲਾਰ ਜੀ ਨੂੰ ਹੋਇਆ ਸੀ। ਗੁਰੂ ਨਾਨਕ ਦੇਵ ਜੀ ਦੇ ਜਨਮ ਦੀਆਂ ਖੁਸ਼ੀਆਂ ਜਿਵੇਂ ਮਹਿਤਾ ਕਾਲੂ ਜੀ ਦੇ ਪਰਿਵਾਰ ਵਿਚ ਮਨਾਈਆਂ ਗਈਆਂ, ਉਸ ਤੋਂ ਕਿਤੇ ਵੱਧ ਖੁਸ਼ੀ, ਰਾਏ ਬੁਲਾਰ ਸਾਹਿਬ ਦੇ ਪਰਿਵਾਰ ਵਿਚ ਮਨਾਈ ਗਈ ਸੀ। ਰਾਏ ਬੁਲਾਰ ਭੱਟੀ ਗੁਰੂ ਨਾਨਕ ਦੇਵ ਜੀ ਦੇ ਸਾਖੀ ਸਾਹਿਤ ਦੇ ਅਜਿਹੇ ਪਹਿਲੇ ਪਾਤਰਾਂ ਵਿਚੋਂ ਹਨ, ਜਿਨ੍ਹਾਂ ਨੇ ਗੁਰੂ ਜੀ ਦੇ ਰੂਹਾਨੀ ਨੂਰ ਨੂੰ, ਇਲਾਹੀ ਨੂਰ ਦਾ ਸਾਕਾਰ ਰੂਪ ਮੁਜੱਸਮਾ ਮੰਨ ਕੇ, ਉਸ ਦੀ ਉਸਤਤ ਜੀਵਨ ਦੇ ਆਖ਼ਰੀ ਪਲਾਂ ਤੱਕ ਕਰਦੇ ਰਹੇ।

ਗੁਰੂ ਸਾਖੀਆਂ ਵਿਚ ਹਵਾਲਾ ਮਿਲਦਾ ਹੈ ਕਿ ਜਦੋਂ ਗੁਰੂ ਨਾਨਕ ਦੇਵ ਜੀ ਹਾਲੇ ਬਾਲ ਅਵਸਥਾ ਵਿਚ ਹੀ ਸਨ ਤਾਂ ਉਨ੍ਹਾਂ ਦੇ ਪਿਤਾ ਮਹਿਤਾ ਕਾਲੂ ਜੀ ਨੂੰ ਪਰਿਵਾਰ ਦੇ ਪ੍ਰੋਹਤ ਨੇ ਕਿਹਾ ਕਿ ਬਾਲ ਨਾਨਕ ਦੀ ਅਵਸਥਾ ਹੁਣ ਜਨੇਊ ਪਹਿਨਣ ਦੇ ਯੋਗ ਹੋ ਗਈ ਹੈ ਤੇ ਬਾਲਕ ਨੂੰ ਜਨੇਊ ਗ੍ਰਹਿਣ ਕਰਵਾ ਦੇਣਾ ਚਾਹੀਦਾ ਹੈ। ਜਦੋਂ ਪੰਡਿਤ ਜਨੇਊ ਪਹਿਨਾਣ ਦੀ ਰਸਮ ਲਈ ਮਹਿਤਾ ਕਾਲੂ ਜੀ ਦੇ ਗ੍ਰਹਿ ਵਿਖੇ ਪੁੱਜੇ ਤਾਂ ਬਾਲ ਨਾਨਕ ਨੇ ਜਨੇਊ ਧਾਰਨ ਤੋਂ ਸਾਫ਼ ਇਨਕਾਰ ਕਰ ਦਿੱਤਾ ਅਤੇ ਆਪਣੇ ਵਲੋਂ ਜਨੇਊ ਦੀ ਇਕ ਨਵੀਂ ਪਰਿਭਾਸ਼ਾ ਪਾਂਡੇ ਅੱਗੇ ਰੱਖ ਦਿੱਤੀ ਜੋ ਗੁਰਬਾਣੀ ਦੇ ਰਾਗ ਆਸਾ ਵਿਚ ਇਸ ਤਰ੍ਹਾਂ ਸੁਸ਼ੋਭਿਤ ਹੈ :

**ਦਇਆ ਕਪਾਹ ਸੰਤੋਖੁ**
**ਸੂਤੁ ਜਤੁ ਗੰਢੀ ਸਤੁ ਵਟੁ ॥**
**ਏਹੁ ਜਨੇਊ ਜੀਅ ਕਾ**
**ਹਈ ਤ ਪਾਡੇ ਘਤੁ ॥**
**(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-471)**

(ਹੇ ਪਾਂਡੇ, ਪਹਿਲਾਂ ਮਿਹਰਬਾਨੀ ਨੂੰ ਕਪਾਹ, ਸੰਤੁਸ਼ਟਤਾ ਨੂੰ ਧਾਗਾ, ਪ੍ਰਹੇਜ਼ਗਾਰੀ ਨੂੰ ਗੰਢ ਅਤੇ ਸੱਚ ਨੂੰ ਮਰੋੜਾ ਬਣਾ। ਇਹ ਜੰਞੂ ਆਤਮਾ ਦਾ ਹੈ, ਜੇ ਅਜਿਹਾ ਜੰਞੂ, ਤੇਰੇ ਪਾਸ ਹੈ ਤਾਂ ਮੇਰੇ ਗਲ ਵਿਚ ਪਾ ਦੇ)।

ਪੰਡਿਤ ਲਈ ਇਹ ਵਰਤਾਰਾ ਕੋਈ ਸਾਧਾਰਨ ਵਰਤਾਰਾ ਨਹੀਂ ਸੀ। ਜਨੇਊ ਨਾ ਧਾਰਨ ਕਰਨ ਦੀ ਖ਼ਬਰ ਚਾਰੇ ਪਾਸੇ ਜੰਗਲ ਦੀ ਅੱਗ ਵਾਂਗ ਫੈਲ ਗਈ। ਇਹ ਖ਼ਬਰ ਸੁਣ ਕੇ ਰਾਏ ਬੁਲਾਰ ਵੀ ਬਾਲ ਨਾਨਕ ਦੇ ਦਰਸ਼ਨਾਂ ਲਈ ਮਹਿਤਾ ਕਾਲੂ ਜੀ ਦੇ ਘਰ ਆਏ ਤੇ ਇਸ ਕੌਤਕੀ ਘਟਨਾ ਬਾਰੇ ਜਾਣਕਾਰੀ ਲਈ ਅਤੇ ਬਾਲ ਨਾਨਕ ਦੇ ਦਰਸ਼ਨ ਪਾਏ। ਇਸ ਸਮੇਂ ਹੀ ਰਾਏ ਬੁਲਾਰ ਨੂੰ ਗੁਰੂ ਨਾਨਕ ਦੇਵ ਜੀ ਦੀ ਰੱਬੀ ਸ਼ਖ਼ਸੀਅਤ ਦਾ ਅਨੁਭਵ ਹੋ ਗਿਆ ਸੀ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਿਤਾ, ਮਹਿਤਾ ਕਲਿਆਣ ਦਾਸ ਉਰਫ਼ ਮਹਿਤਾ ਕਾਲੂ ਜੀ, ਰਾਏ ਬੁਲਾਰ ਦੇ ਜਨਮ ਤੋਂ ਪਹਿਲਾਂ ਹੀ ਰਾਇ ਭੋਇ ਖਾਨ ਦੀ ਮਿਲਖ ਦੇ ਪਟਵਾਰੀ ਅਤੇ ਮੀਰ ਮੁਨਸ਼ੀ ਸਨ। ਰਾਇ ਭੋਇ ਖਾਨ ਭੱਟੀ, ਲਗਪਗ 39000 ਏਕੜ ਰਕਬੇ ਦੇ ਮਾਲਕ ਸਨ। ਮਹਿਤਾ ਕਾਲੂ ਜੀ ਇਮਾਨਦਾਰੀ, ਸਿਆਣਪ, ਵਜ਼੍ਹਾਦਾਰੀ ਅਤੇ ਦਾਨਾਈ ਕਾਰਨ, ਰਾਇ ਭੋਇ ਖਾਨ ਭੱਟੀ ਦੇ ਬੇਹੱਦ ਕਰੀਬੀ ਵਿਸ਼ਵਾਸ ਪਾਤਰਾਂ ਵਜੋਂ ਜਾਣੇ ਜਾਂਦੇ ਸਨ। ਰਾਇ ਬੁਲਾਰ ਹਾਲੇ ਬਾਲ ਵਰੇਸ ਵਿਚ ਹੀ ਸਨ ਕਿ ਉਨ੍ਹਾਂ ਦੇ ਵਾਲਿਦ ਰਾਇ ਭੋਇ ਖਾਨ ਭੱਟੀ, ਇੰਤਕਾਲ ਫ਼ਰਮਾ ਗਏ। ਰਾਇ ਬੁਲਾਰ ਖਾਨ ਦੇ ਵੱਡੇ ਹੋਣ ਤੀਕਰ ਰਾਇ ਭੋਇ ਖਾਨ ਦੀ ਮਿਲਖ ਦੀ ਸਾਰੀ ਜ਼ਿੰਮੇਵਾਰੀ, ਮਹਿਤਾ ਕਾਲੂ ਜੀ ਨੇ ਬੜੀ ਇਮਾਨਦਾਰੀ ਨਾਲ ਨਿਭਾਈ, ਜਿਸ ਕਾਰਨ ਰਾਏ ਬੁਲਾਰ ਦੇ ਅਹਿਲ-ਏ-ਖਾਨਾ, ਮਹਿਤਾ ਕਾਲੂ ਜੀ ਦੀ ਖਸੂਸੀ ਇੱਜ਼ਤ ਕਰਦੇ ਸਨ। ਅਜਿਹਾ ਹੀ ਰਵੱਈਆ ਜਦੋਂ ਰਾਇ ਬੁਲਾਰ ਸਾਹਿਬ ਜਵਾਨ ਹੋ ਗਏ ਤਾਂ ਉਨ੍ਹਾਂ ਦੇ ਪੁਰਖਲੂਸ ਸਲੀਕਿਆਂ ਵਿਚ ਵੀ ਰਵਾਂ ਰਿਹਾ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਦੋਂ ਲੜਕਪਨ ਅਵਸਥਾ ਵਿਚ ਪ੍ਰਵੇਸ਼ ਕੀਤਾ ਤਾਂ ਪਿਤਾ ਮਹਿਤਾ ਕਾਲੂ ਨੇ ਇਕ ਦਿਨ ਮੱਝੀਆਂ ਚਰਾਵਣ ਲਈ ਭੇਜ ਦਿੱਤਾ। ਮੱਝੀਆਂ ਨੂੰ ਚਰਾਂਦਾ ਵਿਚ ਛੱਡ ਕੇ, ਆਪ ਇਕ ਰੁੱਖ ਦੀ ਛਾਂ ਹੇਠਾਂ ਸੌਂ ਗਏ। ਮੱਝੀਆਂ ਦਾ ਝੁੰਡ ਚਰਾਂਦਾਂ ਦੇ ਨਾਲ ਲਗਦੇ ਕਿਸਾਨਾਂ ਦੇ ਖੇਤਾਂ ਵਿਚ ਜਾ ਵੜਿਆ ਤੇ ਕਿਸਾਨਾਂ ਦੀਆਂ ਲਹਿਲਹਾਉਂਦੀਆਂ ਫ਼ਸਲਾਂ ਉਜਾੜ ਦਿੱਤੀਆਂ। ਕਿਸਾਨਾਂ ਨੇ ਮੱਝੀਆਂ ਦੇ ਪਾਲੀ ਦੀ ਸ਼ਿਕਾਇਤ ਰਾਏ ਬੁਲਾਰ ਪਾਸ ਜਾ ਕੀਤੀ, ਕਿ ਤੁਹਾਡੇ ਮੁਨਸ਼ੀ ਮਹਿਤਾ ਕਾਲੂ ਦੇ ਲਾਡਲੇ ਪੁੱਤਰ ਨਾਨਕ ਨੇ ਸਾਡੀ ਖੜ੍ਹੀ ਫ਼ਸਲ ਵਿਚ ਮੱਝੀਆਂ ਛੱਡ ਕੇ, ਸਾਰੀ ਫ਼ਸਲ ਉਜਾੜ ਦਿੱਤੀ ਹੈ। ਰਾਇ ਬੁਲਾਰ ਨੇ ਓਸੇ ਵੇਲੇ ਮਹਿਤਾ ਕਾਲੂ ਜੀ ਨੂੰ ਬੁਲਵਾਇਆ ਅਤੇ ਕਿਸਾਨਾਂ ਦੀਆਂ ਫ਼ਸਲਾਂ ਦੇ ਉਜਾੜੇ ਦਾ ਮੌਕਾ ਵੇਖਣ ਲਈ ਚੱਲ ਪਏ। ਜਦੋਂ ਕਿਸਾਨਾਂ ਦੇ ਖੇਤਾਂ ਵਿਚ ਪੁੱਜੇ ਤਾਂ ਫ਼ਸਲਾਂ ਪਹਿਲਾਂ ਨਾਲੋਂ ਵੀ ਵੱਧ ਹਰੀਆਂ-ਕਚੂਰ ਸਨ ਤੇ ਲਹਿਲਹਾ ਰਹੀਆਂ ਸਨ। ਸਾਰੀਆਂ ਮੱਝੀਆਂ ਇਕ ਛਾਂ ਵਾਲੇ ਰੁੱਖ ਹੇਠਾਂ ਬੈਠੀਆਂ, ਜੁਗਾਲੀ ਕਰ ਰਹੀਆਂ ਸਨ। ਮੱਝੀਆਂ ਦੇ ਪਾਲੀ, ਗੁਰੂ ਨਾਨਕ, ਥੋੜ੍ਹੀ ਦੂਰ ਇਕ ਹੋਰ ਰੁੱਖ ਦੀ ਛਾਂ ਹੇਠਾਂ, ਗੂੜ੍ਹੀ ਨੀਂਦਰ ਵਿਚ ਸੁੱਤੇ ਹੋਏ ਸਨ। ਸਿਖ਼ਰ ਦੁਪਹਿਰ ਹੋਣ ਕਾਰਨ ਰੁੱਖ ਦੀ ਛਾਂ ਨੇ ਦਿਸ਼ਾ ਬਦਲ ਲਈ ਸੀ, ਸੂਰਜ ਦੀ ਧੁੱਪ ਗੁਰੂ ਨਾਨਕ ਦੇ ਬਦਨ 'ਤੇ ਪੈ ਰਹੀ ਸੀ। ਜਦੋਂ ਰਾਏ ਬੁਲਾਰ, ਮਹਿਤਾ ਕਾਲੂ ਅਤੇ ਸ਼ਿਕਾਇਤੀ ਕਿਸਾਨ ਉਸ ਰੁੱਖ ਪਾਸ ਪੁੱਜੇ, ਜਿਥੇ ਗੁਰੂ ਨਾਨਕ ਘੂਕ ਸੁੱਤੇ ਪਏ ਸਨ, ਕਿਹਾ ਜਾਂਦਾ ਹੈ ਕਿ ਇਕ ਵੱਡੇ ਕਾਲੇ ਫਨ੍ਹੀਅਰ ਨਾਗ ਨੇ ਆਪਣਾ ਫੰਨ ਫੈਲਾਅ ਕੇ ਗੁਰੂ ਨਾਨਕ ਦੇਵ ਜੀ ਦੇ ਮੁਖੜੇ 'ਤੇ ਛਾਂ ਕੀਤੀ ਹੋਈ ਸੀ। ਇਹ ਅਦਭੁੱਤ ਦ੍ਰਿਸ਼ ਵੇਖ ਕੇ ਰਾਏ ਬੁਲਾਰ ਦੇ ਮੂੰਹੋਂ ਸੁੱਤੇ ਸਿੱਧ ਨਿਕਲ ਗਿਆ। 'ਯਾ ਅੱਲਾਹ, ਨਾਨਕ ਤੇ ਨਿਰਾ ਈ ਅੱਲਾ ਦਾ ਨੂਰ ਏ, ਅਸੀਂ ਸਭ ਧੰਨ ਹੋ ਗਏ ਹਾਂ, ਰਾਇ ਭੋਇ ਦੀ ਤਲਵੰਡੀ ਦੀ ਕੁੱਲ ਖ਼ਾਕ ਪਾਕ ਹੋ ਗਈ ਏ, ਕਾਲੂ ਜੀ, ਤੁਸਾਂ ਦੇ ਘਰ ਇਕ ਵੱਡੇ ਬਜ਼ੁਰਗ ਫਕੀਰ ਨੇ ਜਨਮ ਲਿਆ ਸੂ।' ਯਾ ਅੱਲਾਹ, ਯਾ ਅੱਲਾਹ, ਪੁਕਾਰਦਾ ਹੋਇਆ ਰਾਇ ਬੁਲਾਰ, ਮੱਝੀਆਂ ਦੇ ਪਾਲੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨੀਂ ਢਹਿ ਪਿਆ, "ਹੇ ਅੱਲਾ ਦੇ ਬਜ਼ੁਰਗ ਫ਼ਕੀਰ, ਸਾਡੀਆਂ ਖ਼ਤਾਵਾਂ ਮੁਆਫ਼ ਕਰੀਂ, ਸਾਥੋਂ ਵੱਡੀ ਖ਼ਤਾ ਹੋਈ ਏ, ਅਸਾਂ ਅੱਲਾਹ ਦੀ ਜ਼ਾਤ ਨੂੰ ਨਹੀਂ ਪਛਾਤਾ, ਨਾਨਕ ਤੇ ਵੱਡੀਆਂ ਬਰਕਤਾਂ ਬਰਸਾਣ ਵਾਲਾ, ਮਿਹਰਾਂ ਦਾ ਸਾਂਈ ਏ, ਇਸ ਨੂੰ ਅੱਜ ਤੋਂ ਬਾਅਦ ਕਿਸੇ ਨੇ ਕੁੱਝ ਨਹੀਂ ਆਖਣਾ, ਰੱਬ ਦੀ ਰਜ਼ਾ ਵਿਚ, ਜੋ ਮਰਜ਼ੀ ਪਿਆ ਕਰੇ।"

ਰਾਇ ਬੁਲਾਰ, ਗੁਰੂ ਨਾਨਕ ਦੇਵ ਜੀ ਪਾਸੋਂ, ਉਮਰ ਵਿਚ 22 ਸਾਲ ਵੱਡੇ ਸਨ, ਮਜ਼ਹਬੀ ਤੌਰ 'ਤੇ ਇਕ ਮੁਸਲਮਾਨ ਸਨ ਤੇ ਅੱਲਾ ਦੀ ਬੰਦਗੀ ਵਿਚ ਯਕੀਨ ਰੱਖਦੇ ਸਨ, ਪਰ ਮੁਸਲਮਾਨ ਹੁੰਦਿਆਂ ਹੋਇਆਂ ਵੀ ਉਨ੍ਹਾਂ ਦੀ ਅਸਰੀਰੀ ਅਕੀਦਤ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰੂਹਾਨੀ ਅਜ਼ਮਤ ਤੋਂ ਜੁਦਾ ਨਹੀਂ ਸੀ। ਏਹੀ ਵਜ੍ਹਾ ਸੀ ਕਿ ਰਾਇ ਬੁਲਾਰ ਸਾਹਿਬ ਨੇ ਆਪਣੀ ਕੁੱਲ ਮਿਲਖ ਦਾ ਲਗਪਗ ਅੱਧਾ ਹਿੱਸਾ, ਭਾਵ 19000 ਏਕੜ ਜ਼ਮੀਨੀ ਰਕਬਾ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਂਅ 'ਤੇ ਮਨਸੂਬ ਕਰਵਾ ਦਿੱਤਾ ਸੀ। ਜ਼ਿਕਰ ਯੋਗ ਹੈ ਕਿ ਨਨਕਾਣਾ ਸਾਹਿਬ ਦੇ ਮਾਲ ਰਿਕਾਰਡ ਦੇ ਖਾਨਾ ਮਲਕੀਅਤ ਵਿਚ, ਇਸ ਰਕਬੇ ਦਾ ਮਾਲਕ, ਅੱਜ ਵੀ 'ਬਾਬਾ ਨਾਨਕ' ਹੀ ਹੈ। ਇਹ ਵੀ ਇਕ ਵਚਿੱਤਰ ਸੱਚ ਹੈ, ਕਿ ਇਸ ਜ਼ਮੀਨ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਾ ਕਦੇ ਹਲ ਜੋਤਾ ਤੇ ਨਾ ਹੀ ਕਦੇ ਖੇਤੀ ਕੀਤੀ ਹੈ। ਇਸ ਸਮੁੱਚੇ ਰਕਬੇ ਦੀ ਦੇਖ-ਰੇਖ ਪਾਕਿਸਤਾਨ ਦੇ ਮਹਿਕਮਾ ਔਕਾਫ਼ ਦੇ ਜ਼ੇਰ-ਏ-ਬੰਦੋਬਸਤ ਹੈ। ਇਸੇ ਰਕਬੇ ਦੇ ਕੁਝ ਹਿੱਸੇ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪੁਰਬ ਦੇ ਯਾਦਗਾਰੀ ਉਤਸਵ 'ਤੇ, ਪਾਕਿਸਤਾਨ ਦੀ ਸਰਕਾਰ ਵਲੋਂ ਬਾਬਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਸਥਾਪਨਾ ਕੀਤੀ ਜਾ ਰਹੀ ਹੈ। ਵਿਸ਼ਵ ਪੱਧਰ ਦੀ ਇਸ ਯੂਨੀਵਰਸਿਟੀ ਦਾ ਨੀਂਹ ਪੱਥਰ, ਪੰਜਾਬ (ਪਾਕਿਸਤਾਨ) ਦੇ ਵਜ਼ੀਰ-ਏ-ਆਹਲਾ, ਜਨਾਬ ਉਸਮਾਨ ਬੁਜ਼ਗਾਰ ਸਾਹਿਬ ਵਲੋਂ, ਨਨਕਾਣਾ ਸਾਹਿਬ ਵਿਖੇ, ਮਿਤੀ 13 ਜੁਲਾਈ 2019 ਨੂੰ ਰੱਖਿਆ ਗਿਆ ਹੈ। ਬਾਬਾ ਗੁਰੂ ਨਾਨਕ ਯੂਨੀਵਰਸਿਟੀ ਦੀ ਤਾਮੀਰ 'ਤੇ ਲਗਪਗ 259 ਕਰੋੜ ਰੁਪਏ ਦਾ ਅਨੁਮਾਨਤ ਖਰਚਾ ਆਵੇਗਾ। ਪਾਕਿਸਤਾਨ ਦੀ ਮਰਕਜ਼ੀ ਹਕੂਮਤ ਅਤੇ ਪੱਛਮੀ ਪੰਜਾਬ ਦੀ ਸੂਬਾਈ ਹਕੂਮਤ ਅੱਗੇ ਮੇਰੀ ਅਰਜ਼ੋਈ ਹੈ ਕਿ ਬਾਬਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਤਾਮੀਰ ਦਾ ਕੰਮ ਮੁਕੰਮਲ ਹੋਣ ਉਪਰੰਤ, ਉਸ ਦੇ ਪ੍ਰਬੰਧਕੀ ਕੰਪਲੈਕਸ ਦਾ ਨਾਂਅ ਰਾਏ ਬੁਲਾਰ ਸਾਹਿਬ ਦੇ ਨਾਂਅ 'ਤੇ ਇਸ ਤਰ੍ਹਾਂ ਮਨਸੂਬ ਕੀਤਾ ਜਾਵੇ : 'ਰਾਏ ਬੁਲਾਰ ਸ਼ੋਅਬਾ-ਏ-ਇੰਤਜ਼ਾਮੀਆ'। ਇਸ ਯੂਨੀਵਰਸਿਟੀ ਦੇ ਸੰਗੀਤ ਵਿਭਾਗ ਦਾ ਨਾਂਅ ਭਾਈ ਮਰਦਾਨਾ ਦੇ ਨਾਂਅ 'ਤੇ 'ਭਾਈ ਮਰਦਾਨਾ ਸ਼ੋਅਬਾ-ਏ-ਮੌਸੀਕੀ' ਰੱਖਿਆ ਜਾਵੇ ਅਤੇ ਯੂਨੀਵਰਸਿਟੀ ਦੇ ਪ੍ਰਕਾਸ਼ਕ ਵਿਭਾਗ ਦਾ ਨਾਂਅ ਭਾਈ ਬਾਲਾ ਜੀ ਦੇ ਨਾਂਅ 'ਤੇ, 'ਭਾਈ ਬਾਲਾ ਸ਼ੋਅਬਾ-ਏ-ਤਬਾਅਤ-ਓ-ਇਸ਼ਾਅਤ' ਰੱਖਿਆ ਜਾਵੇ, ਤਾਂ ਕਿ ਇਨ੍ਹਾਂ ਸਾਰਿਆਂ ਦੀ ਯਾਦ, ਭਵਿੱਖ ਦੀਆਂ ਨਸਲਾਂ ਦੇ ਜ਼ਿਹਨ ਵਿਚ, ਸਦੀਆਂ ਬੀਤ ਜਾਣ ਤੋਂ ਬਾਅਦ ਵੀ ਸਲਾਮਤ ਰਹੇ।

ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਤੀਸਰੀ ਉਦਾਸੀ ਦੇ ਸਮੇਂ, ਕਸ਼ਮੀਰ, ਸੁਮੇਰ ਪਰਬਤ 'ਤੇ ਸਿੱਧ-ਗੋਸ਼ਟੀ ਵਿਚ ਮੁਬਤਲਾ ਸਨ ਜਦੋਂ ਉਨ੍ਹਾਂ ਦਾ ਪਰਮ ਸਨੇਹੀ, ਰਾਇ ਭੋਇ ਦੀ ਤਲਵੰਡੀ ਦਾ ਉਦਾਰ, ਸਰਦਾਰ, ਰਾਏ ਬੁਲਾਰ ਭੱਟੀ (1515 ਈਸਵੀ) ਵਫ਼ਾਤ ਪਾ ਗਏ। ਸਾਖੀ ਸਾਹਿਤ ਵਿਚ ਇਕ ਕਥਾ ਇਹ ਵੀ ਦਰਜ ਹੈ ਕਿ ਰਾਇ ਬੁਲਾਰ ਸਾਹਿਬ ਨੇ, ਆਖ਼ਰਤ ਦੇ ਵਕਤ ਗੁਰੂ ਨਾਨਕ ਸਾਹਿਬ ਨੂੰ ਬਹੁਤ ਯਾਦ ਕੀਤਾ ਤੇ ਗੁਰੂ ਨਾਨਕ ਦੇਵ ਜੀ ਆਪਣੀ ਤੀਸਰੀ ਉਦਾਸੀ ਵਿਚੇ ਹੀ ਛੱਡ ਕੇ ਆਪਣੇ ਮਹਿਰਮ ਮੁਰੀਦ ਰਾਇ ਬੁਲਾਰ ਦੇ ਆਖਰੀ ਦਰਸ਼ਨ ਦੀਦਾਰਿਆਂ ਲਈ ਅਚਨਚੇਤ ਰਾਇ ਭੋਇ ਦੀ ਤਲਵੰਡੀ ਪਰਤ ਆਏ, ਰਾਇ ਬੁਲਾਰ ਜੀ ਦਾ ਸਿਰ ਗੁਰੂ ਨਾਨਕ ਦੀ ਗੋਦ ਵਿਚ ਸੀ, ਕਿ ਰਾਏ ਬੁਲਾਰ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਆਖ ਗਏ।

ਰਾਇ ਬੁਲਾਰ ਸਾਹਿਬ ਦੇ ਜਸਦ-ਏ-ਖ਼ਾਕੀ ਨੂੰ, ਰਾਇ ਭੋਇ ਦੀ ਤਲਵੰਡੀ ਦੇ ਇਕ ਬੁਲੰਦ ਟਿੱਲੇ ਉੱਤੇ ਗੁਰੂ ਨਾਨਕ ਸਾਹਿਬ ਦੀ ਮੌਜੂਦਗੀ ਵਿਚ ਸਪੁਰਦ-ਏ-ਖ਼ਾਕ ਕੀਤਾ ਗਿਆ। ਇਸ ਟਿੱਲੇ ਉੱਤੇ ਹੀ ਉਨ੍ਹਾਂ ਦਾ ਇਕ ਭੁੱਲਿਆ ਵਿਸਰਿਆ ਮਜ਼ਾਰ ਵੀ ਹੈ, ਜਿਸ ਉੱਪਰ ਇਕ ਗੁੰਬਦ ਥਮਲਿਆਂ ਦੇ ਸਹਾਰੇ ਉਸਾਰਿਆ ਹੋਇਆ ਹੈ। ਰਾਇ ਬੁਲਾਰ ਜੀ ਦਾ ਮਜ਼ਾਰ ਅੱਜ ਬੇਹੱਦ ਅਣਗੌਲੀ ਹਾਲਤ ਵਿਚ ਜਾਪਦਾ ਏ। ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਉਤਸਵ ਸਮੇਂ ਤਾਂ ਰਾਇ ਬੁਲਾਰ ਸਾਹਿਬ ਦੇ ਮਜ਼ਾਰ ਨੂੰ ਸੰਵਾਰਨਾ ਤੇ ਸੰਭਾਲਣ ਦਾ ਕੰਮ ਸਾਡਾ ਫ਼ਰਜ਼-ਏ-ਅੱਵਲ ਹੋਣਾ ਚਾਹੀਦਾ ਸੀ। ਕੁੱਲ ਜਹਾਨ ਵਿਚ ਸਿੱਖਾਂ ਦੀ ਸ਼ੋਭਾ ਹੋਣੀ ਸੀ, ਜੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਅਤੇ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂ, ਸਿੱਖ ਯਾਤਰੂਆਂ ਨੂੰ ਨਾਲ ਲੈ ਕੇ ਰਾਏ ਬੁਲਾਰ ਸਾਹਿਬ ਦੀ ਮਜ਼ਾਰ 'ਤੇ ਪੁੱਜ ਕੇ, ਪੂਰੀ ਸਿੱਖ ਕੌਮ ਵਲੋਂ ਰਸਮੀ ਤੌਰ 'ਤੇ ਖ਼ਿਰਾਜ਼-ਏ-ਅਕੀਦਤ ਭੇਟ ਕਰਦੇ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਹਿਲੇ ਮੁਸਲਮਾਨ ਪੈਰੋਕਾਰ ਦੀ ਮਜ਼ਾਰ 'ਤੇ ਚਾਦਰਾਂ ਚੜ੍ਹਾਈਆਂ ਜਾਂਦੀਆਂ, ਗ਼ੁਲਪੋਸ਼ ਵਿਛਾਏ ਜਾਂਦੇ, ਚਿਰਾਗ ਜਗਾਏ ਜਾਂਦੇ । ਪਰ ਅਫ਼ਸੋਸ ! ਕਿ ਕੁਝ ਵੀ ਅਜਿਹਾ ਨਹੀਂ ਹੋਇਆ। ਰੱਬ ਜਾਣੇ ਸਾਡੇ ਸਲੀਕਿਆਂ ਵਿਚੋਂ ਅਜਿਹੇ ਸੂਖ਼ਮ ਅਦਬ ਕਿਉਂ ਗਵਾਚ ਗਏ ਹਨ, ਇਸ ਉੱਦਮ ਦੀ ਪਹਿਲ ਨਾ ਕਰਨ ਵਿਚ, ਸਾਥੋਂ ਏਡੀ ਵੱਡੀ ਭੁੱਲ ਕਿਉਂ ਹੋ ਗਈ? ਇਸ ਉਕਾਈ ਨੂੰ ਤੁਰੰਤ ਸੁਧਾਰਨਾ ਬਣਦਾ ਹੈ। 504 ਵਰ੍ਹੇ ਬੀਤ ਜਾਣ ਤੋਂ ਬਾਅਦ ਰਾਏ ਬੁਲਾਰ ਸਾਹਿਬ ਦੇ ਮਜ਼ਾਰ ਨੂੰ ਇਕ ਮਕਬਰਾ ਵੀ ਦਰਕਾਰ ਨਹੀਂ, ਜਿਸ ਰਾਏ ਬੁਲਾਰ ਨੇ 19000 ਏਕੜ ਜ਼ਮੀਨੀ ਰਕਬਾ ਗੁਰੂ ਨਾਨਕ ਸਾਹਿਬ ਦੀ ਰੁਹਾਨੀ ਅਜ਼ਮਤ ਨੂੰ ਸਜਦੇ ਵਜੋਂ ਅਰਪਿਤ ਕੀਤਾ ਹੋਵੇ, ਅੱਜ ਪੰਜ ਸਦੀਆਂ ਬਾਅਦ ਵੀ ਉਸ ਦੀ ਮਜ਼ਾਰ ਨੂੰ ਮਕਬਰਾ ਮੁਯੱਸਰ ਨਾ ਹੋ ਸਕੇ। ਪਿਆਰੇ ਖਾਲਸਾ ਜੀਓ, ਅਸੀਂ ਸੰਗਮਰੀ ਗੁਰਦੁਆਰੇ ਤਾਂ ਥਾਂ-ਥਾਂ ਉਸਾਰ ਲਏ ਹਨ, ਪਰ ਗੁਰੂ ਨਾਨਕ ਦੇਵ ਜੀ ਦੇ ਫਲਸਫ਼ੇ ਦੇ ਸਹਿਪਾਤਰਾਂ ਨੂੰ ਕੌਣ ਯਾਦ ਕਰੇਗਾ?

ਚੰਗਾ ਹੋਵੇਗਾ ਇਹ ਕਾਰਜ ਹੁਣੇ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ, ਦਿੱਲੀ ਗੁਰਦੁਆਰਾ ਮੈਨੇਜਮੈਂਟ ਕਮੇਟੀ ਅਤੇ ਪਾਕਿਸਤਾਨ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਆਗੂ ਆਪਣੇ ਹੱਥਾਂ ਵਿਚ ਲੈ ਕੇ ਆਪਣੀ ਭੁੱਲ ਨੂੰ ਸੁਧਾਰ ਲੈਣ ਨਹੀਂ ਤਾਂ ਇਹ ਕਾਰਜ ਸਿੱਖ ਸੰਗਤਾਂ ਨੂੰ ਸਿੱਧੇ ਤੌਰ 'ਤੇ ਆਪਣੇ ਹੱਥਾਂ ਵਿਚ ਲੈ ਲੈਣਾ ਚਾਹੀਦਾ ਹੈ। ਇਸ ਮਕਬਰੇ ਦੀ ਤਾਮੀਰ ਦਾ ਸਾਰਾ ਤਾਮੀਰੀ ਖਰਚਾ, ਰਾਇ ਬੁਲਾਰ ਸਾਹਿਬ ਦੇ ਖ਼ਾਨਦਾਨ ਦੀ ਅਠਾਰਵੀਂ ਪੀੜ੍ਹੀ ਦੇ ਜੋ ਵੀ ਅਹਿਲ-ਏ-ਖਾਨਾ, ਇਸ ਵਕਤ ਨਨਕਾਣਾ ਸਾਹਿਬ ਵਿਚ ਮੁਕੀਮ ਹਨ, ਉਨ੍ਹਾਂ ਨਾਲ ਸਲਾਹ ਮਸ਼ਵਰਾ ਕਰਕੇ, ਸਮੁੱਚੀ ਸਿੱਖ ਕੌਮ ਨੂੰ ਅਦਾ ਕਰਨਾ ਚਾਹੀਦਾ ਹੈ। ਇਸ ਕਾਰਜ ਨੂੰ ਪਾਇਆ-ਏ-ਤਕਮੀਲ ਤੱਕ ਲੈ ਕੇ ਜਾਣਾ ਅਤੇ ਰਾਇ ਬੁਲਾਰ ਸਾਹਿਬ ਦੀ ਯਾਦ ਨੂੰ ਅੱਗੇ ਤੋਰਨਾ, ਸੰਸਾਰ ਵਿਚ ਵਸਦੇ, ਕੁੱਲ ਗੁਰੂ ਨਾਨਕ ਨਾਮ ਲੇਵਾ ਦਾ ਫਰਜ਼ ਬਣਦਾ ਹੈ।

ਮੈਂ ਜਦੋਂ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰੁਹਾਨੀ ਅਜ਼ਮਤ ਨੂੰ ਮਹਿਸੂਸ ਕਰਦਾ ਹਾਂ ਤਾਂ ਮੇਰੀ ਜੀਵਨ ਚੇਤਨਾ ਵਿਚ, ਰਾਏ ਬੁਲਾਰ ਸਾਹਿਬ ਦੀ ਭੁੱਲੀ ਵਿਸਰੀ, ਮਜ਼ਾਰ ਦਾ ਦ੍ਰਿਸ਼, ਇੱਕ ਉਦਾਸ ਸ਼ਿਕਵਾ ਲੈ ਕੇ ਮੇਰੇ ਜ਼ਿਹਨ 'ਤੇ ਸਵਾਰ ਹੋ ਜਾਂਦਾ ਹੈ, ਜਿਸ ਦੀ ਪੀੜਾ ਬਹਾਦੁਰ ਸ਼ਾਹ ਜ਼ਫ਼ਰ ਦੇ ਬੋਲਾਂ ਵਿਚ ਬਿਆਨ ਕਰ ਰਿਹਾ ਹਾਂ;

**ਬਰ ਮਜ਼ਾਰ-ਏ-ਮਾ ਗ਼ਰੀਬਾਂ ਨੀ ਚਿਰਾਗੀ, ਨੀ ਗ਼ੁਲੀ,**
**ਨੀ ਪਰ-ਏ-ਪਰਵਾਨਾ ਸੋਜ਼ਦ, ਨੀ ਸਦਾ-ਈ-ਬੁਲਬੁਲੀ।**

(ਅਰਥਾਤ : ਮੇਰੇ ਬੇਵਤਨ ਦੇ ਮਜ਼ਾਰ ਉੱਪਰ ਹੁਣ ਨਾ ਕੋਈ ਚਿਰਾਗ ਜਗਦਾ ਹੈ ਅਤੇ ਨਾ ਹੀ ਕੋਈ ਫੁੱਲ ਮਹਿਕਦਾ ਹੈ, ਇਸ ਕਰਕੇ ਨਾ ਇਥੇ ਕਿਸੇ ਪਰਵਾਨੇ ਦੇ ਖੰਭ ਸੜਦੇ ਹਨ ਅਤੇ ਨਾ ਕਿਸੇ ਬੁਲਬੁਲ ਦੀ ਹੂਕ ਸੁਣਾਈ ਦਿੰਦੀ ਹੈ)

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਨਹੀਂ ਲੱਭਣੇ ਲਾਲ ਗੁਆਚੇ

**ਕਾਂਡ 10**

- ਬਲਦੇਵ ਸਿੰਘ ਬੁੱਧ ਸਿੰਘ ਵਾਲਾ

'ਹੋਰ ਕਿਵੇਂ ਮਾਰਨਾ ਸੀ?' ਦਰਸ਼ਨ ਨੇ ਪੁੱਛਿਆ।

'ਤੁਸੀਂ ਵੀ ਕਮਲੇ ਓ ਲੋਕ ਕੈਂਦੇ ਸੀ ਕਿ ਦਰਬਾਰ ਸੈਬ ਦੇ ਹਮਲੇ ਤੋਂ ਬਾਦ ਪਾਕਿਸਤਾਨ ਤੇ ਹਮਲਾ ਕਰਨਾ ਸੀ' ਕਾਮਰੇਡ ਨੇ ਸੂਝਵਾਨ ਬਣਕੇ ਕਿਹਾ।

'ਓਹ ਕਿਓਂ? ਨਾਲੇ ਪਾਕਿਸਤਾਨ ਤਾਂ ਨੰਗ ਆ?' ਕੇਵਲ ਨੇ ਕਿਹਾ।

'ਪਾਕਿਸਤਾਨ ਨਾਲ ਲੜਾਈ ਦਾ ਬਹਾਨਾ ਬਣਾਕੇ ਬੰਬ ਸਿੱਟਣੇ ਸੀ ਪੰਜਾਬ ਤੇ ਸਿੱਖਾਂ ਨੂੰ ਮਾਰਨ ਵਾਸਤੇ'

'ਏਦੇ 'ਚ' ਤਾਂ ਹਿੰਦੂ ਮੁਸਲਮਾਨ ਤੇ ਈਸਾਈ ਵੀ ਮਾਰੇ ਜਾਂਦੇ' ਕਾਮਰੇਡ ਨੇ ਕਿਹਾ।

'ਓ ਕਾਮਰੇਡਾ ਤੈਨੂੰ ਪਤੈ ਕਿ ਜਦੋਂ ਆਪਣੇ ਘਰ ਨੂੰ ਅੱਗ ਲੱਗਦੀ ਆ ਤਾਂ ਸੇਕ ਗੁਆਂਢੀਆਂ ਨੂੰ ਵੀ ਲਗਦਾ!' ਮੀਕੇ ਨੇ ਕਿਹਾ।

'ਹੱਛਾ ਤੇ ਬੰਬ ਸਿੱਟਦਾ ਕੌਣ'? ਨਿਰਮਲ ਨੇ ਪੁੱਛਿਆ

'ਤੂੰ ਵੀ ਕਮਲੈਂ! ਬੰਬ ਵੀ ਆਪਣੇ ਕੋਲੋਂ ਸਿਟਵੌਣੇ ਸੀ'? ਕਾਮਰੇਡ ਨੇ ਕਿਹਾ।

'ਹੱਛਾ ਮਾਰਨ ਵਾਲੇ ਵੀ ਅਸੀਂ ਤੇ ਮਰਨ ਵਾਲੇ ਵੀ ਅਸੀਂ?' ਕੇਵਲ ਨੇ ਸੁਚੇਤ ਹੋ ਕੇ ਕਿਹਾ।

'ਹਾਂ ਜੀ ਜਿਵੇਂ ਜਪਾਨੀਆਂ ਨੇ ਚੀਨੀਆਂ ਨਾਲ ਕੀਤਾ ਸੀ' ਦਰਸ਼ਨ ਨੇ ਕਿਹਾ।

'ਕਿਵੇਂ?' ਮੀਕੇ ਨੇ ਪੁੱਛਿਆ।

'ਜਪਾਨੀਆਂ ਨੇ ਚੀਨੀਆਂ ਨੂੰ ਕਹਿਣਾ ਟੋਏ ਪੱਟੋ ਉਨਾ ਟੋਏ ਪੱਟਣੇ'

'ਫਿਰ?'

'ਫਿਰ ਕੈਂਣਾ ਟੋਇਆਂ ਵਿੱਚ ਵੜੋ, ਚੀਨਿਆਂ ਨੇ ਟੋਇਆਂ ਵਿੱਚ ਵੜ ਜਾਣਾ! ਫਿਰ ਜੋ ਇੱਕ ਦੋ ਬਚ ਜਾਂਦੇ ਸੀ ਓਨਾਂ ਤੋਂ ਟੋਇਆਂ ਵਿੱਚ ਬੈਠਿਆਂ ਤੇ ਮਿੱਟੀ ਪੁਆ ਕੇ ਜਿਊਂਦਿਆਂ ਨੂੰ ਦੱਬ ਦੇਣਾ!' ਦਰਸ਼ਨ ਨੇ ਕਿਹਾ।

'ਜੋ ਬਚ ਜਾਂਦੇ ਸੀ?' ਮੀਕੇ ਨੇ ਪੁੱਛਿਆ।

'ਓਨਾਂ ਨੂੰ ਛੱਡ ਦਿੰਦੇ ਹੋਣੇ ਟੋਏ ਪੱਟਣ ਵਾਸਤੇ' ਕੇਵਲ ਨੇ ਕਿਹਾ।

'ਛੱਡ ਨੀ ਸੀ ਦਿੰਦੇ! ਓਨਾਂ ਤੇ ਜਪਾਨੀ ਆਪ ਮਿੱਟੀ ਪਾ ਕੇ ਦੱਬ ਦਿੰਦੇ ਸੀ, ਬੱਸ ਏਵੇਂ ਆਪਣੇ ਨਾਲ ਹੋਣੀ ਸੀ' ਦਰਸ਼ਨ ਨੇ ਲੰਮਾਂ ਸਾਹ ਲੈ ਕੇ ਕਿਹਾ।

'ਓ ਪਾਗਲੋ ਐਨੀ ਦੂਰ ਕਿਓਂ ਜਾਂਦੇ ਓ ਦਰਬਾਰ ਸੈਬ ਤੇ ਹਮਲਾ ਕਰਨ ਸਮੇਂ ਰਾਸ਼ਟਰਪਤੀ ਸਿੱਖ, ਹੋਮ ਮਨਿਸਟਰ ਸਿੱਖ, ਚਾਰੇ ਜਰਨਲ ਸਿੱਖ ਤੇ ਪੁਲਸ ਦਾ ਆਈ ਜੀ ਸਿੱਖ ਏਹ ਸਾਰੇ ਸਿੱਖ ਸੀ, ਆਪਾਂ ਨੂੰ ਵੀ ਕਿਹਾ ਸੀ ਕਿ ਦਰਬਾਰ ਸੈਬ ਉੱਤੇ ਹਮਲੇ ਵਾਸਤੇ ਤਿਆਰ ਰਹੋ, ਸਿੱਖਾਂ ਨੂੰ ਮਾਰਨ ਵਾਲੇ ਵੀ ਸਿੱਖ ਤੇ ਮਰਨ ਵਾਲੇ ਵੀ ਸਿੱਖ!' ਕਾਮਰੇਡ ਨੇ ਕਿਹਾ।

'ਪੰਡਤ ਨੇ ਟੇਵਾ ਵੈਸੇ ਠੀਕ ਲਾਇਆ ਕਿ ਬੰਬਾਂ ਨਾਲ ਪੰਜਾਬ ਨੂੰ ਤਬਾਹ ਕਰਨਾ ਤਾਂ 5 ਮਿੰਟ ਦਾ ਕੰਮ ਸੀ' ਮੀਕੇ ਨੇ ਕਿਹਾ। ਪਰ ਦਰਸ਼ਨ ਨੂੰ ਗੁੱਸਾ ਆ ਗਿਆ ਤੇ ਬੋਲਿਆ–

'ਗੱਲ ਸੁਣ ਉਏ ਭਾਊਆ ਮੇਰਾ ਟੇਵਾ ਗਲਤ ਆ ਜਾ ਠੀਕ ਮੈਨੂੰ ਪੰਡਤ ਪੁੰਡਤ ਨਾ ਕਹੀਂ'

'ਬਰਾੜ ਸਾਬ ਗਲਤੀ ਹੋਗੀ! ਆਹ ਲੈ! ਕੰਨ ਫੜ ਲੈਨਾ!' ਮੀਕੇ ਨੇ ਕੰਨ ਫੜ ਕੇ ਕਿਹਾ। ਦਰਸ਼ਨ ਹੱਸ ਪਿਆ।

'ਹਾਂ ਵਈ ਕੇਵਲਾ ਕੀ ਪਤਾ ਲੋਕ ਚਰਚਾ ਠੀਕ ਸੀ ਜੇ ਏਹ ਦੋ ਸਿੱਖ ਨਾ ਮਾਰਦੇ ਤੇ ਆਪਾਂ ਵੀ ਖਤਮ ਸੀ ਹੁਣ ਚਲੋ ਜਿਊਂਦੇ ਆਂ' ਮੀਕੇ ਨੇ ਕਿਹਾ।

'ਹੁਣ ਦੱਸੋ ਮੈਂ ਕੈਂਦਾ ਸੀ ਮੇਰੀ ਖੱਬੀ ਅੱਖ ਫਰਕਦੀ ਸੁਫਨੇ 'ਚ' ਭੌਂਜਲ ਜਿਆ ਦਿਸਦਾ ਖੈਰ ਨੀ ਆਹ ਵੱਡਾ ਕੌਮਨਿਸਟ ਮੈਨੂੰ ਕੈਂਦਾ ਸੀ ਤੂੰ ਬਾਮਣ ਹੋ ਕੇ ਡਰਦਾ ਹੁਣ ਦੱਸ ਓਏ ਸਾਲਿਆ ਮੇਰਿਆ ਕੰਮਰੇੜਾ ਮੇਰਾ ਟੇਵਾ ਗਲਤ ਸੀ ਕਿ ਠੀਕ?' ਦਰਸ਼ਨ ਨੇ ਹੱਥ ਤੇ ਹੱਥ ਮਾਰ ਕੇ ਕਿਹਾ।

'ਹਾਂ ਕਿਤੇ ਤੀਰ ਤੁੱਕਾ ਵੀ ਚੱਲ ਜਾਂਦੈ!' ਕਾਂਮਰੇਡ ਨੇ ਸਿਰ ਮਾਰਕੇ ਕਿਹਾ।

'ਏਸ ਭੈਣ ਚੋਨੇ ਨੀ ਮੰਨਣਾ, ਜਾਹ ਓਏ ਮੈਂ ਮਾਰੂੰ ਤੇਰੇ ਸਿਰ 'ਚ' ਕੁਸ਼' ਦਰਸ਼ਨ ਗੁੱਸੇ ਵਿੱਚ ਆ ਗਿਆ।

'ਪੈਂਲਾਂ ਕੌਮਨਸ਼ਟ ਨੂੰ ਬੰਦੇ ਦਾ ਪੁੱਤ ਬਣਾਓ' ਕੇਵਲ ਨੇ ਕਿਹਾ। ਫਿਰ ਸੀਟੀ ਵੱਜੀ ਸਾਰੇ ਬੈਰਕ ਵਿੱਚੋਂ ਬਾਹਰ ਆ ਗਏ।

'ਕੇਵਲ ਸਿੰਘ ਪੰਜ ਕਦਮ ਅੱਗੇ' ਸੂਬੇਦਾਰ ਨੇ ਆਡਰ ਦਿੱਤਾ ਉਹ ਅੱਗੇ ਹੋ ਗਿਆ।

'ਦਾਹਿਨੇ ਮੁੜ ਤੇਜ ਚੱਲ' ਇੱਕ ਹੌਲਦਾਰ ਨੇ ਕੜਕਵੀਂ ਆਵਾਜ਼ ਵਿੱਚ ਕਿਹਾ ਜਿਵੇਂ ਉਸਦੀ ਭੈਣ ਛੇੜ ਦਿੱਤੀ ਹੋਵੇ। ਕੇਵਲ ਨੂੰ ਇੱਕ ਕਮਰੇ ਵਿੱਚ ਵਾੜ ਦਿੱਤਾ। ਕੇਵਲ ਜਾਂਦੇ ਨੂੰ ਦੇਖਕੇ ਸਾਰੇ ਫੌਜੀ ਵਾਹਗੁਰੂ ਵਾਹਗੁਰੂ ਕਰ ਰਹੇ ਸਨ। ਕਮਰੇ ਵਿੱਚ ਇੱਕ ਸਿੱਖ ਕੈਪਟਨ ਦਾਹੜੀ ਨੂੰ ਫਿਕਸੋ ਲਾ ਕੇ ਮੁੱਛਾਂ ਮਹਾਂਰਾਸ਼ਟਰ ਦੇ ਬਲਦ ਵਾਂਗੂੰ ਪਿੱਛੇ ਨੂੰ ਕੀਤੀਆਂ ਸਨ। ਕੇਵਲ ਦੇਖ ਕੇ ਕੁਛ ਖੁਸ਼ ਹੋ ਗਿਆ ਕਿ ਚਲੋ ਸਿੱਖ ਹੈ ਥੋੜੀ ਬਹੁਤੀ ਨਰਮੀ ਵਰਤੂਗਾ ਆਵਦਾ ਮਾਰੂ ਛਾਂਵੇ ਸਿੱਟੂ, ਮੀਕੇ ਨੇ ਸਲੂਟ ਮਾਰਿਆ ਪਰ ਕੈਪਟਨ ਨੇ ਕੋਈ ਜਵਾਬ ਨਾ ਦਿੱਤਾ ਸਾਹਮਣੇ ਪਈ ਕੁਰਸੀ ਤੇ ਬੈਠਣ ਦਾ ਇਸ਼ਾਰਾ ਕੀਤਾ। ਕੁਛ ਕਾਗਜਾਂ ਦੀ ਫਾਈਲ ਖੋਹਲ ਕੇ ਅੱਗੇ ਰੱਖ ਲਈ ਤੇ ਪਿੰਨ ਹੱਥ ਵਿੱਚ ਫੜਕੇ ਕਹਿਣ ਲੱਗਾ।

'ਕੇਵਲ ਸਿੰਘ ਤੇਰਾ ਨਾ ਈ ਆ'?

'ਹਾਂ ਜੀ'!




'ਸੁਣਿਆਂ ਭੱਜਣ ਵਾਸਤੇ ਤੂੰ ਉਕਸਾਇਆ'? ਡਰਾਉਣੀਆਂ ਅੱਖਾਂ ਦੇ ਡੇਲੇ ਕੱਢ ਕੇ ਕੈਪਟਨ ਨੇ ਕਿਹਾ।

'ਨਹੀਂ ਜੀ ਮੈਂ ਕਿਸੇ ਨੂੰ ਨੀ ਕਿਹਾ ਦਰਬਾਰ ਸਾਬ ਤੇ ਹਮਲੇ ਦਾ ਦੁੱਖ ਹਰ ਇੱਕ ਨੂੰ ਸੀ। ਕੇਵਲ ਨੇ ਕਿਹਾ ਤੇ ਦਿਲ ਵਿੱਚ ਸੋਚਿਆ ਕਿ ਜਿਸਨੇ ਉਕਸਾਇਆ ਸੀ ਉਹ ਤਾਂ ਸ਼ਹੀਦ ਹੋ ਗਿਆ।

'ਸੱਚ ਦੱਸ ਨਹੀਂ ਤਾਂ ਤੇਰੀ ਚਮੜੀ ਉਧੇੜ ਦੂੰਗਾ' ਹਰਮੰਦਰ ਦਾ ਨਾ ਸੁਣਕੇ ਜਿਵੇਂ ਕੈਪਟਨ ਨੂੰ ਅੱਗ ਲੱਗ ਗਈ।

'ਫੌਜ਼ ਨੂੰ ਬਾਗੀ ਕਰਨ ਵਾਸਤੇ ਦੱਸ ਭਿੰਡਰਾਂਵਾਲੇ ਕੋਲੋਂ ਕਿੰਨੇ ਪੈਸੇ ਲਏ?'

'ਮੇਰੀ ਤਾਂ ਜੀ ਕੋਈ ਓਹਦੇ ਨਾਲ. . ਕੋਈ ਗੱਲਬਾਤ ਹੀ ਨੀਂ. .!'

'ਦੱਸ ਤੂੰ ਕਿੰਨੇ ਸਿਵਲੀਅਨ ਮਾਰੇ'?

'ਅਸੀਂ ਤਾਂ ਜੀ ਕਿਸੇ ਕੁੱਤੇ ਦੇ ਸੋਟੀ ਵੀ ਨੀ ਮਾਰੀ ਬੰਦਾ ਮਾਰਨਾ ਤਾਂ ਦੂਰ ਦੀ ਗੱਲ' ਕੇਵਲ ਨੇ ਕਿਹਾ। ਤਿੰਨ ਹੌਲਦਾਰ ਕੋਲ ਖੜੇ ਸਨ। ਕੇਵਲ ਸੋਚ ਰਿਹਾ ਸੀ ਕਿ ਕੈਪਟਨ ਮੇਰੇ ਨਾਲ ਸਖ਼ਤੀ ਹੌਲਦਾਰਾਂ ਨੂੰ ਦਿਖਾਉਣ ਵਾਸਤੇ ਕਰ ਰਿਹਾ ਹੈ ਸੋ ਕੇਵਲ ਜ਼ਿਆਦਾ ਸੀਰੀਅਸ ਨਾ ਹੋਇਆ।

'ਸਾਬ ਇਸਕੀ ਗਾਂਡ ਮੇਂ ਡੰਡਾ ਦੋ! ਫਿਰ ਸਾਲਾ ਮਾਨੇਗਾ!' ਇੱਕ ਭਈਏ ਹੌਲਦਾਰ ਨੇ ਕਿਹਾ। ਭਈਏ ਦੀ ਗੱਲ ਮੀਕੇ ਦੇ ਗੋਲੀ ਵਾਂਗੂੰ ਲੱਗੀ ਪਰ ਕੀ ਕਰ ਸਕਦਾ ਸੀ।

'ਵੋ ਭੀ ਕਰੇਂਗੇ ਸਭ ਕੁਛ ਕਰੇਂਗੇ' ਆਖ ਕੇ ਕੈਪਟਨ ਨੇ ਖੜਾ ਹੋ ਕੇ ਜ਼ੋਰਦਾਰ ਲੱਫੜ ਕੇਵਲ ਦੇ ਕੰਨ ਤੇ ਜੜ ਦਿੱਤਾ ਕੇਵਲ ਦੀਆਂ ਅੱਖਾਂ ਅੱਗੇ ਭੱਬੂ ਤਾਰੇ ਆ ਗਏ ਇੱਕ ਪੂਰਾ ਗੁਰਸਿੱਖ ਦੂਜੇ ਪੂਰੇ ਗੁਰਸਿੱਖ ਨਾਲ ਇਹ ਸਲੂਕ ਕਰੂਗਾ? ਉਸਨੇ ਸੋਚਿਆ ਵੀ ਨਹੀਂ ਸੀ।

'ਹੱਥ ਅੱਗੇ ਕਰ!' ਕੈਪਟਨ ਨੇ ਕਿਹਾ ਜਿਵੇਂ ਸਕੂਲ ਵਿੱਚ ਮਾਸਟਰ ਜੁਆਕਾਂ ਨੂੰ ਕਹਿੰਦੇ ਹੁੰਦੇ ਆ। ਕੇਵਲ ਨੇ ਹੱਥ ਅੱਗੇ ਕਰ ਦਿੱਤੇ। ਕੇਵਲ ਦੇ ਲੰਮੇਂ ਲੰਮੇ ਨਹੁੰ ਸਨ ਕਿਉਂਕਿ ਇਹਨਾਂ ਕੋਲ ਕੋਈ ਚਾਕੂ ਜਾਂ ਨਹੁੰ ਕੱਟਣੀ ਨਹੀਂ ਸੀ।

'ਸੂਰ ਦਿਤਾ ਪੁੱਤਾ ਨਹੁੰ ਕਿਓਂ ਨੀਂ ਕੱਟੇ?' ਦੂਜੇ ਕੰਨ ਤੇ ਪੁੱਠੇ ਹੱਥ ਦਾ ਲੱਫੜ ਜੜਦੇ ਹੋਏ ਕੈਪਟਨ ਨੇ ਅੱਖਾਂ ਲਾਲ ਕਰਕੇ ਕਿਹਾ। ਕੇਵਲ ਨੇ ਸੋਚਿਆ ਕਿ ਤੂੰ ਕੇਹੜਾ ਮੈਨੂੰ ਆਵਦੀ ਕੁੜੀ ਦਾ ਸਾਕ ਕਰਨਾਂ ਜਿਹੜਾ ਨਹੁੰ ਚੈਕ ਕਰਦਾ।

'ਇਸਕੇ ਨਾਖ਼ੂਨ ਸਾਫ ਕਰੋ' ਇੱਕ ਮਦਰਾਸੀ ਹੌਲਦਾਰ ਨੂੰ ਅੱਖ ਮਾਰਦੇ ਹੋਏ ਕੈਪਟਨ ਨੇ ਕਿਹਾ।

'ਓ ਕੇ ਸਾਬ" ਆਖ ਕੇ ਮਦਰਾਸੀ ਨਾਲ ਦੇ ਕਮਰੇ ਵਿੱਚੋਂ ਰੇਤੀ ਚੱਕ ਲਿਆਇਆ। ਰੇਤੀ ਦੇਖ ਕੇ ਕੇਵਲ ਨੂੰ ਕੁਛ ਸਮਝ ਨਾ ਲੱਗੀ।

'ਇਸਕੋ ਪਿੱਲਰ ਕੇ ਸਾਥ ਬਾਂਧ ਦੋ!' ਹੌਲਦਾਰਾਂ ਨੇ ਧੱਕੇ ਮਾਰ ਕੇ ਇੱਕ ਥੰਮ ਕੋਲ ਲੈ ਆਂਦਾ! ਜਿਵੇਂ ਕਿਸੇ ਬੱਕਰੇ ਨੂੰ ਝਟਕਾਉਣਾ ਹੋਵੇ ਕੇਵਲ ਦਾ ਸਾਰਾ ਸਰੀਰ ਤੂੜੀ ਦੇ ਕੁੱਪ ਵਾਂਗੂੰ ਨੂੜ ਦਿੱਤਾ।

'ਰਗੜ ਦੋ ਇਸਕੇ ਨਾਖ਼ੂੰਨ' ਕੈਪਟਨ ਨੇ ਕਿਹਾ। ਇੱਕ ਭਈਏ ਹੌਲਦਾਰ ਨੇ ਗੁੱਟ ਫੜ ਲਿਆ ਤੇ ਮਦਰਾਸੀ ਰੇਤੀ ਨਾਲ ਨਹੁੰ ਰਗੜਨ ਲੱਗ ਪਿਆ। ਜਿਵੇਂ ਕੁਤਰੇ ਵਾਲੀ ਮਸ਼ੀਨ ਦੇ ਟੋਕੇ ਰੇਤਦਾ ਹੋਵੇ।

'ਹਾਏ ਸਾਬ ਜੀ ਮਰ ਗਿਆ! ਭਾਂਵੇ ਗੋਲੀ ਮਾਰ ਦਿਓ ਸਾਬ ਪਰ ਇਵੇਂ ਨਾ ਕਰੋ ਜੀ' ਕੇਵਲ ਦੀਆਂ ਅੱਖਾਂ ਵਿੱਚ ਪਰਲ ਪਰਲ ਹੰਝੂ ਵਹਿ ਤੁਰੇ ਸਰੀਰ ਵਿੱਚ ਸੀਤ ਫਿਰ ਗਿਆ। ਐਨੀ ਤਕਲੀਫ ਹੋ ਰਹੀ ਸੀ ਜਿਹੜਾ ਰਹੇ ਰੱਬ ਦਾ ਨਾ।

'ਹੁਣ ਬੋਲ ਕਿੰਨੇ ਪੈਸੇ ਭਿੰਡਰਾਂਵਾਲੇ ਤੋਂ ਲੈ ਕੇ ਫੌਜ ਨੂੰ ਭਗੌੜਾ ਕੀਤਾ'?

'ਮੈਂ ਕਿਹਾ ਜੀ ਮੈਂ ਤਾਂ ਉਨਾਂ ਨੂੰ ਜਾਣਦਾ ਵੀ ਨਈਂ! ਹਾਏ ਓਏ ਰੱਬਾ ਚੱਕ ਲਾ' ਕੇਵਲ ਨੇ ਰੋ-ਰੋ ਕੇ ਕਿਹਾ।

'ਮੰਨ ਜਾ ਜੇ ਬਚਣਾਂ ਤਾ'

'ਕੀ ਮੰਨਾਂ ਜੀ ਏਹ ਤਾਂ ਅਸੀਂ ਵੀ ਤੇ ਤੁਸੀਂ ਵੀ ਭਰਤੀ ਵੇਲੇ ਕਸਮਾਂ ਖਾਧੀਆਂ ਸੀ ਇਹ ਤਾਂ ਕੁਦਰਤੀ ਸਭਦੇ ਦਿਲਾਂ ਚ ਭਾਵਨਾ ਸੀ'

'ਪਰ ਪੈਲ ਤੂੰ ਕੀਤੀ'?

'ਠੀਕ ਆ ਜੀ ਮੈਂ ਆਵਦੀ ਯੂਨਿਟ ਚ ਪਹਿਲ ਕੀਤੀ ਪਰ ਗੰਗਾਨਗਰ, ਜੰਮੂ ਕਸ਼ਮੀਰ, ਅਲਵਰ, ਪੂਨੇ ਤੇ ਹੋਰ ਯੂਨਿਟਾਂ ਚੋਂ ਫੌਜ ਭੱਜੀ ਓਹ ਵੀ ਮੇਰੇ ਕੈਣ ਤੇ ਭੱਜੀ?' ਕੇਵਲ ਨੇ ਕਿਹਾ ਤੇ ਉਸਦੀ ਗੱਲ ਸੁਣਕੇ ਕੈਪਟਨ ਬਰਫ਼ ਵਿੱਚ ਲੱਗ ਗਿਆ। ਪਰ ਬੱਕਰੇ ਤੇ ਬਘਿਆੜ ਵਾਲੀ ਗੱਲ ਸੀ ਬਘਿਆੜ ਨੇ ਲੇਲੇ ਨੂੰ ਖਾਣਾ ਹੀ ਖਾਣਾ ਸੀ ਭਾਂਵੇ ਲੇਲਾ ਪਾਣੀ ਗੰਦਾ ਕਰਦਾ ਸੀ ਜਾਂ ਨਹੀ।

'ਤੇਰੇ ਵਰਗੇ ਕੱਟੜ ਸਾਰੀ ਫੌਜ 'ਚ' ਹੈਗੇ ਆ ਹੁਣ ਅਸੀਂ ਕੱਟੜ ਨਹੀਂ ਛੱਡਣੇ'

'------- '

'ਦੱਸ ਬ੍ਰਗੇਡੀਅਰ ਨੂੰ ਕਿਸਨੇ ਮਾਰਿਆ'

'ਜੀ ਹਰਨਾਮ ਸਿੰਘ ਨੇ'

'ਤੈਨੂੰ ਕਿਵੇਂ ਪਤਾ?'

'ਜੀ ਮੈਨੂੰ ਆਖਕੇ ਗਿਆ ਕਿ ਇਸਨੂੰ ਛੱਡਣਾ ਨੀਂ!' ਕੇਵਲ ਨੇ ਕਿਹਾ।

'ਫਿਰ ਤੂੰ ਕੀ ਕੀਤਾ?'

'ਅਸੀਂ ਜੀ ਗੱਡੀਆਂ ਲੈ ਕੇ ਭੱਜ ਪਏ ਓਹ ਬਾਦ 'ਚ' ਆਇਆ ਕੈਂਦਾ ਮੈਂ ਮੈਥੋਂ ਬ੍ਰਗੇਡੀਅਰ ਸਾਬ ਦੇ ਗੋਲੀ ਵੱਜਗੀ'

'ਤੂੰ ਚਲਾਕ ਬੌਤ ਏਂ! ਬ੍ਰਗੇਡੀਅਰ ਦਾ ਕਾਤਲ ਮਰੇ ਬੰਦੇ ਨੂੰ ਬਣਾ ਦਿੱਤਾ ਤਾਂ ਕਿ ਅਸਲੀ ਕਾਤਲ ਨਾ ਫੜਿਆ ਜਾਏ'

'ਜੀ ਓਹ ਮਾਰਤਾ?'

'ਮਾਰਤਾ ਨੀ ਆਵਦੇ ਆਪ ਗੋਲੀ ਮਾਰਕੇ ਮਰਿਆ' ਇਹਨਾਂ ਦੀਆਂ ਗੱਲਾ ਸੁਣਨ ਵਾਸਤੇ ਨਹੂੰ ਰਗੜਨ ਵਾਲੇ ਖੜ ਗਏ ਸਨ।

'ਤੁਮਕੋ ਰੁਕਨੇ ਕੇ ਲੀਏ ਕਿਸਨੇ ਬੋਲਾ?' ਦਬਕਾ ਮਾਰ ਕੇ ਕੈਪਟਨ ਨੇ ਕਿਹਾ ਉਨਾ ਨੇ ਫਿਰ ਨਹੂੰ ਰਗੜਨੇ ਸੁਰੂ ਕਰ ਦਿੱਤੇ। ਕੇਵਲ ਦੁਹਾਈਆਂ ਪਾ ਰਿਹਾ ਸੀ।

'ਅਰੇ ਅਬ ਬੋਲ ਹਮਕੋ ਤੋ ਤੁਮ ਸਰਦਾਰ ਚਾਵਲ ਖਾਣੀ ਜਾਤ ਬੋਲਤੇ ਥੇ? ਅਬ ਹਿੱਲਕੇ ਦਿਖਾਓ' ਮਦਰਾਸੀ ਬੋਲਿਆ।

'ਅਗਰ ਜ਼ੋਰ ਦੇਖਨਾ ਹੈ ਤੋ ਜ਼ਰਾ ਮੇਰੇ ਹਾਥ ਪੈਰ ਖੋਲ! ਫਿਰ ਦੇਖਨਾ ਕਿਸਨੇ ਮਾਂ ਕਾ ਦੂਧ ਪੀਆ ਹੈ' ਮੀਕਾ ਉੱਚੀ ਚੀਕਾਂ ਮਾਰ ਰਿਹਾ ਸੀ, ਕਿਉਂਕਿ ਨਹੂੰ ਰਗੜਨ ਨਾਲ ਬਹੁਤ ਤਕਲੀਫ ਹੋ ਰਹੀ ਸੀ। ਤਿੰਨ-ਤਿੰਨ ਉਂਗਲਾ ਦੇ ਨਹੂੰ ਰਗੜ ਦਿੱਤੇ। ਉਂਗਲੀਆਂ ਵਿੱਚ ਲਹੂ ਨਿਕਲ ਕੇ ਫਰਸ਼ ਤੇ ਡਿੱਗਣ ਲੱਗ ਪਿਆ। ਕੇਵਲ ਨੂੰ ਚੱਕਰ ਆਉਣ ਵਾਲਾ ਹੋ ਗਿਆ!

'ਅਜੇ ਵੀ ਮੌਕਾ ਮੰਨ ਜਾ ਨਈਂ ਤਾਂ ਤੇਰੀ ਐਸੀ ਹਾਲਤ ਕਰਦੂੰਗਾ ਨਾ ਤੂੰ ਜਿਓਂ ਸਕੇਂਗਾ ਨਾ ਮਰ'!

'ਪਰ ਮੈਂ ਮੰਨਾ ਕੀ ਸਾਬ'

'ਕਿ ਤੂੰ ਕਿੰਨੇ ਬੰਦੇ ਮਾਰੇ ਆ ਕਿੰਨੇ ਪੈਸੇ ਭਿੰਡਰਾਂਵਾਲੇ ਐਂਡ ਕੰਪਨੀ ਤੋਂ ਲਏ ਆ?'

'. . . . . .'

'ਦੇਖ ਜਾਦਾ ਈਮਾਨਦਾਰ ਨਾ ਬਣ, ਅਸੀਂ ਕੁੱਤਿਆਂ ਵਾਂਗੂੰ ਅੰਬਰਸਰ ਅੱਤਵਾਦੀ ਮਾਰਤੇ ਕਿਸੇ ਨੇ ਨੀ ਉਨਾ ਨੂੰ ਪੁੱਛਣਾ ਤੇ ਜੇ ਤੈਨੂੰ ਮਾਰਤਾ ਪੁੱਛਣਾ ਤੈਨੂੰ ਵੀ ਨਈਂ। ਜਾਨ ਬਚੌਣ ਵਾਸਤੇ ਬੰਦਾ ਸੌ ਹੱਥ ਪੈਰ ਮਾਰਦਾ, ਏਹ ਜਿੰਦਗੀ ਇੱਕ ਵਾਰ ਮਿਲੀ ਦੁਬਾਰਾ ਨੀ ਮਿਲਣੀ, ਸੱਚ ਸੱਚ ਦੱਸਦੇ ਅਜੇ ਮੌਕਾ ਹੈਗਾ, ਨਈਂ ਤਾ ਤੇਰੀ ਖੈਰ ਨੀ, ਤੇਰੀ ਤੇਰੇ ਸਾਥੀਆਂ ਨੂੰ ਵੀ ਅਸੀਂ ਪਾਗਲ ਕਰਕੇ ਛੱਡਾਂਗੇ ਵੱਡੇ ਆਏ ਦਰਬਾਰ ਸਾਬ ਦੇ ਹਮਦਰਦ?'

'ਦਰਬਾਰ ਸਾਬ ਬਾਰੇ ਕੁਛ ਨਾ ਬੋਲੋ ਸਾਬ?' ਕੇਵਲ ਨੇ ਕਿਹਾ।

'ਅਸੀਂ ਟੈਂਕਾਂ ਨਾਲ ਢਾਹਤਾ, ਹਿਦੂੰਆਂ ਨੇ ਬੀੜੀਆਂ ਪੀਤੀਆਂ ਅਸੀਂ ਰੰਮ ਵਿਸਕੀ ਪੀਤੀ ਕੀ ਕਰ ਲਿਆ ਥੋਡੇ ਗੁਰੂ ਨੇ?' ਕੈਪਟਨ ਨੇ ਦਾਹੜੀ ਤੇ ਹੱਥ ਫੇਰਕੇ ਕਿਹਾ। ਕੇਵਲ ਨੂੰ ਅੱਗ ਲੱਗ ਗਈ ਕਿ ਇੱਕ ਸਿੱਖ ਹੋ ਕੇ ਦਰਬਾਰ ਸਾਹਿਬ ਬਾਰੇ ਉਲਟ ਪੁੱਲਟ ਬੋਲਦਾ! ਅਕਸਰ ਕਿਉਂ? ਇੱਕ ਅਸੀਂ ਆਂ ਜਿਹੜੇ ਦਰਬਾਰ ਸਹਿਬ ਦੀ ਇੱਜਤ ਖਾਤਰ ਬੈਰਕਾਂ ਛੱਡ ਆਏ! ਕੇਵਲ ਦੇ ਰਗੜੇ ਨਹੂੰਆਂ ਵਿੱਚ ਬਹੁਤ ਪੀੜ ਹੋ ਰਹੀ ਸੀ ਪਰ ਦਿਲ ਕਰਦਾ ਸੀ ਕਿ ਕੈਪਟਨ ਦੇ ਸਿਰ ਵਿੱਚ ਕੁਛ ਚੱਕ ਕੇ ਮਾਰੇ। ਪਰ ਫਿਰ ਸੋਚਦਾ ਇਹ ਚਲਾ ਜਾਊ ਕੋਈ ਦੂਜਾ ਆ ਜਾਊ ਬੱਕਰੇ ਨੇ ਤਾਂ ਹਲਾਲ ਹੋਣੈ! ਚਾਹੇ ਕੋਈ ਕਸਾਈ ਕਰੇ। ਪਰ ਇਹ ਗੁਰੂ ਕਾ ਸਿੱਖ ਹੋ ਕੇ ਐਨਾ ਬੱਦਤਮੀਜ਼ ਕਿਉਂ? ਸੋਚਿਆ ਸੀ ਸਿੱਖ ਹੋਣ ਦੇ ਨਾਤੇ ਹਮਦਰਦੀ ਕਰੂਗਾ ਪਰ ਏਨੇ ਤਾਂ ਹਿੰਦੂਆਂ ਦਾ ਨੰਬਰ ਕੱਟ ਦਿੱਤਾ ਉਹਨਾਂ ਨਹੂੰ ਤਾ ਨਹੀਂ ਸੀ ਰਗੜੇ। ਦਰਬਾਰ ਸਾਹਿਬ ਦਾ ਨਾ ਲੈਣ ਤੇ ਇਹ ਕਿਉਂ ਚਿੜ ਗਿਆ? ਇਹ ਬੁੱਚੜ ਆ ਜਿਹੜਾ ਸਿੱਖ ਹੋ ਕੇ ਸਿੱਖ ਨੂੰ ਤੰਗ ਕਰ ਰਿਹਾ ਹੈ। ਕੇਵਲ ਨੇ ਦਿਲ ਵਿੱਚ ਕਿਹਾ–

'ਕਿਤੇ ਏਹ ਸਾਲਾ ਬੁੱਚੜ ਭਾਪਾ ਤਾਂ ਨਹੀ? ਪਰ ਭਾਪੇ ਤਾਂ ਫੌਜ ਚ ਭਰਤੀ ਨੀ ਹੁੰਦੇ! ਨਾਲੇ ਭਾਪੇ ਤਾਂ ਅੰਬਰਸਰ ਨੂੰ ਬੌਤ ਮੰਨਦੇ ਆ। ਹੈ ਇਹ ਕੁੱਤੇ ਦਾ ਪੁੱਤ ਜੱਟ! ਪਰ ਹੈ ਹਰਾਮ ਦੀ ਸੱਟ!'

'ਜਾਓ ਇਸਨੂੰ ਦਫ਼ਾ ਕਰੋ' ਕੈਪਟਨ ਚਲਾ ਗਿਆ। ਕੇਵਲ ਦਰਦ ਨਾਲ ਕਰਾਹ ਰਿਹਾ ਸੀ। ਦੋ ਹੌਲਦਾਰ ਜਲਾਦਾਂ ਵਾਂਗੂੰ ਫੜਕੇ ਤੜਫਦੇ ਨੂੰ ਘੜੀਸ ਕੇ ਬੈਰਕ ਵਿੱਚ ਵਾਪਸ ਛੱਡ ਆਏ।

# ਪੰਜਾਬੀ ਭਾਸ਼ਾ ਤੇ ਸਾਹਿਤ ਦੇ ਵਿਕਾਸ ਦੀ ਜ਼ਰੂਰਤ



ਪੰਡਤਰਾਉ ਧਰੇਨਵਰ

ਸ੍ਰੀ ਗੁਰੂ ਅੰਗਦ ਦੇਵ ਫਰਮਾਉਂਦੇ ਹਨ:

**'ਨਾਨਕ ਚਿੰਤਾ ਮਤਿ ਕਰਹੁ**
**ਚਿੰਤਾ ਤਿਸ ਹੀ ਹੇਇ ॥**
**ਜਲ ਮਹਿ ਜੰਤ ਉਪਾਇਅਨੁ**
**ਤਿੰਨਾ ਭਿ ਰੋਜੀ ਦੇਇ ॥(ਅੰਗ, 955)**

ਭਾਵ ਹੈ ਕਿ ਇਨਸਾਨ ਨੂੰ ਚਿੰਤਾ ਨਹੀਂ ਕਰਨੀ ਚਾਹੀਦੀ, ਕਿਉਂਕਿ ਭਗਵਾਨ ਜਲ ਵਿੱਚ ਜੀਵ-ਜੰਤੂ ਨੂੰ ਉਪਾਇਅਨੁ ਤੋਂ ਬਾਅਦ ਉਨਾਂ ਲਈ ਖਾਣ ਦਾ ਬੰਦੋਬਸਤ ਵੀ ਕਰਦਾ ਹੈ। ਇਸੇ ਤਰਾਂ ਹੀ ਇਨਸਾਨ ਨੂੰ ਉਪਾਇਅਨੁ ਤੋਂ ਬਾਅਦ ਖਾਣ ਲਈ ਬੰਦੋਬਸਤ ਜ਼ਰੂਰ ਕਰਦਾ ਹੈ, ਪਰ ਆਧੁਨਿਕ-ਕਾਲ ਵਿੱਚ ਮਾਨਵ, ਗੁਰੂ ਸਾਹਿਬ ਦੇ ਇਸ ਸ਼ਬਦ ਨੂੰ ਨਾ ਸਮਝ ਕੇ ਗਲਤ ਕਰਮ ਤੋਂ ਖਾਣ ਦਾ ਪ੍ਰਬੰਧ ਖ਼ੁਦ ਕਰਨ ਦਾ ਸਾਹਸ ਕਰਦਾ ਹੈ। ਇਸ ਲਈ ਉਹ ਇਨਸਾਨ ਚਿੰਤਾ ਦੇ ਜਾਲ ਵਿੱਚ ਫਸ ਜਾਂਦਾ ਹੈ। ਪਵਿੱਤਰ ਪੰਜਾਬੀ-ਭਾਸ਼ਾ ਵਿੱਚ ਲੱਚਰ ਗਾਣੇ ਗਾ ਕੇ ਪੈਸੇ ਕਮਾਉਣ ਵਾਲੇ ਕੁਝ ਗਾਇਕਾਂ ਵਰਗੇ ਲੋਕਾਂ ਨੂੰ ਗੁਰੂ ਦੀ ਇਸ ਬਾਣੀ ਨੂੰ ਸਮਝਣਾ ਪਵੇਗਾ: ਕਿਉਂਕਿ ਪੰਜਾਬੀ-ਭਾਸ਼ਾ ਗੁਰੂ ਅੰਗਦ ਦੇਵ ਦੀ ਮਹਾਨ ਦੇਣ ਹੈ। ਦੁਨੀਆਂ ਵਿੱਚ ਇਹੋ ਜਿਹੀ ਇਕੋ ਇਕ ਭਾਸ਼ਾ ਇਹੀ ਹੋਵੇਗੀ, ਜਿਸ ਦਾ ਅੱਖਰ ਇਕ ਗੁਰੂ ਨੇ ਸਜਾਇਆ ਹੋਵੇਗਾ। ਪੰਜਾਬੀ ਹੀ ਇਕ ਭਾਸ਼ਾ ਹੋਵੇਗੀ, ਜਿਸ ਵਿੱਚ ਨਾ-ਸਿਰਫ ਸੂਫੀਵਾਦ ਦਾ ਰਸ ਮਿਲੇਗਾ, ਬਲਕਿ ਮਾਨਵੀਅਤ ਦੇ ਸੰਦੇਸ਼ ਨੂੰ ਸਭ ਲਈ ਦੱਸਣ ਵਾਲੇ ਗੁਰੂ ਗ੍ਰੰਥ ਸਾਹਿਬ ਵੀ ਇਸ ਭਾਸ਼ਾ ਵਿੱਚ ਸੁਸ਼ੋਭਿਤ ਹੈ। ਇਸ ਭਾਸ਼ਾ ਸਭ ਨੂੰ ਸਿਖਾਉਣ ਲਈ ਗੁਰੂ ਅੰਗਦ ਦੇਵ ਨੇ ਖਡੂਰ ਸਾਹਿਬ ਵਿੱਚ ਜਿੰਨੀ ਮਿਹਨਤ ਕੀਤੀ ਸੀ, ਓਨੀ ਕਿਸੇ ਹੋਰ ਨੇ ਨਹੀਂ ਕੀਤੀ ਹੋਵੇਗੀ। ਆਧੁਨਿਕ-ਕਾਲ ਵਿੱਚ ਭਾਵੇਂ 'ਕਿੱਟਲ', 'ਮੈਕਸ-ਮੂਲਰ' ਵਰਗੇ ਵਿਦੇਸ਼ੀ ਭਾਸ਼ਾ-ਗਿਆਨੀ ਲੋਕਾਂ ਨੇ ਭਾਰਤੀਯ ਸੂਬਾ-ਭਾਸ਼ਾ ਲਈ ਬਹੁਤ ਵੱਡਾ ਯੋਗਦਾਨ ਦਿੱਤਾ ਹੈ, ਪਰ ਗੁਰੂ ਅੰਗਦ ਦੇਵ 15ਵੀਂ ਸਦੀ ਵਿੱਚ ਹੀ ਪ੍ਰਾਂਤਕ-ਭਾਸ਼ਾ ਦੀ ਦੁਰਗਤੀ ਸਮਝ ਚੁੱਕੇ ਸਨ। ਇਸ ਲਈ ਖਡੂਰ ਸਾਹਿਬ ਦੇ ਵਿੱਚ ਦਰਖਤ ਦੇ ਨੀਚੇ ਬੈਠ ਕੇ ਬੱਚਿਆਂ ਨੂੰ ਪੰਜਾਬੀ ਸਿਖਾਉਂਦੇ ਸਨ। ਗੁਰੂ ਸਾਹਿਬ ਇੰਨੇ ਅੰਤਰਜਾਮੀ ਸਨ ਕਿ ਬਿਨ ਬੋਲੇ ਲੋਕਾਂ ਦੇ ਦਰਦ ਸਮਝਦੇ ਸਨ। ਇਸ ਲਈ ਇੰਨੇ ਵੱਡੇ ਤੌਰ 'ਤੇ ਲੰਗਰ ਪ੍ਰਥਾ ਚਲਾ ਕੇ ਹਜ਼ਾਰਾਂ ਲੋਕਾਂ ਦੇ ਖਾਣ ਦਾ ਪ੍ਰਬੰਧ ਕਰਦੇ ਸਨ। ਸ੍ਰੀ ਗੁਰੂ ਅੰਗਦ ਦੇਵ ਦੀ ਇਕ ਮਹਾਨ ਦੇਣ ਇਹ ਵੀ ਹੈ ਕਿ ਔਰਤ ਨੂੰ ਸਮਾਜ ਵਿੱਚ ਕੋਈ ਦਰਜਾ ਨਾ ਦੇਣ ਦੇ ਵਕਤ ਗੁਰੂ ਸਾਹਿਬ ਨੇ ਆਪਣੀ ਪਤਨੀ ਖੀਵੀ ਨੂੰ ਪੂਰੀ ਲੰਗਰ-ਪ੍ਰਥਾ ਦੀ ਦੇਖ-ਰੇਖ ਦੀ ਜ਼ਿੰਮੇਵਾਰੀ ਦੇ ਦਿੱਤੀ ਸੀ। ਇਸ ਲਈ ਪੂਰੇ ਗੁਰੂ ਗ੍ਰੰਥ ਸਾਹਿਬ ਵਿੱਚ ਇਕੋ-ਇਕ ਮਹਿਲਾ ਦਾ ਨਾਮ ਜੇਕਰ ਦਰਜ ਹੈ ਤਾਂ ਉਹ ਮਾਤਾ ਖੀਵੀ ਦਾ ਹੈ। ਗੁਰੂ ਸਾਹਿਬ ਨਾ ਸਿਰਫ ਨੌਜਵਾਨਾਂ ਨੂੰ ਤੰਦਰੁਸਤ ਰੱਖਣ ਲਈ ਖੇਡਾਂ ਦਾ ਪ੍ਰਬੰਧ ਕਰਦੇ ਸਨ, ਬਲਕਿ ਗਰੀਬ ਲੋਕਾਂ ਲਈ ਦੀਨ-ਦਿਆਲ ਵੀ ਸਨ। ਉਹ ਇੰਨੇ ਦਿਆਲੂ ਸਨ ਕਿ ਜਦੋਂ 'ਹਮਾਯੂੰ' ਨੇ ਆਪਣੀ ਤਲਵਾਰ ਗੁਰੂ ਸਾਹਿਬ ਦੇ ਗਲ 'ਤੇ




ਰੱਖ ਦਿੱਤੀ ਸੀ ਤਾਂ ਉਨਾਂ ਨੂੰ ਵੀ ਗੁਰੂ ਸਾਹਿਬ ਨੇ ਮਾਫ ਕੀਤਾ ਸੀ। ਇਸ ਲਈ ਗੁਰੂ ਨਾਨਕ ਦੇਵ ਦੀ ਗੱਦੀ 'ਤੇ ਬੈਠ ਕੇ ਮਨੁੱਖਤਾ ਦੇ ਸੰਦੇਸ਼ ਦਾ ਚਾਰੇ ਪਾਸੋਂ ਪ੍ਰਸਾਰ ਕੀਤਾ ਸੀ। ਪਰ, ਬਹੁਤ ਦੁੱਖ ਹੁੰਦਾ ਹੈ, ਜਦੋਂ ਲੋਕ ਕਹਿੰਦੇ ਹਨ ਕਿ ਪੰਜਾਬੀ-ਭਾਸ਼ਾ ਅਗਲੇ 50 ਸਾਲਾਂ ਵਿੱਚ ਖਤਮ ਹੋ ਜਾਵੇਗੀ। ਮਨ ਉਦਾਸ ਹੋ ਜਾਂਦਾ ਹੈ ਜਦੋਂ ਪੰਜਾਬੀ ਗੱਭਰੂ ਨਸ਼ਾ ਕਰਕੇ ਖੇਡ ਖੇਡਦੇ ਹਨ। ਮਨ ਉਦੋਂ ਵੀ ਦੁਖੀ ਹੋ ਜਾਂਦਾ ਹੈ, ਜਦੋਂ ਜਨਮ ਤੋਂ ਪਹਿਲਾਂ ਹੀ ਕੁੜੀ ਨੂੰ ਕੁੱਖ ਵਿਚ ਮਾਰ ਦਿੰਦੇ ਹਨ। ਇਸ ਸਾਰੀ ਸਚਾਈ ਤੋਂ ਵੱਡੀ ਸਚਾਈ ਤਾਂ ਇਹ ਹੈ ਕਿ ਆਧੁਨਿਕ ਪੰਜਾਬ ਵਿੱਚ ਕਿਤੇ ਵੀ ਸੱਚੇ ਪੰਜਾਬੀ ਭਾਸ਼ਾ-ਪ੍ਰੇਮੀ ਨਹੀਂ ਦਿਸਦੇ। ਜੇ ਸੱਚਾ ਪੰਜਾਬੀ ਭਾਸ਼ਾ-ਪ੍ਰੇਮੀ ਹੁੰਦਾ ਤਾਂ ਸ੍ਰੀ ਗੁਰੂ ਅੰਗਦ ਦੇਵ ਦੇ ਨਾਂ 'ਤੇ ਪੰਜਾਬ ਵਿੱਚ ਭਾਸ਼ਾ ਯੂਨੀਵਰਸਿਟੀ ਹੁੰਦੀ, ਨਾ ਕਿ ਇੱਥੇ ਖੇਤੀਬਾੜੀ ਯੂਨੀਵਰਸਿਟੀ ਹੁੰਦੀ। ਜੇ ਸੱਚੇ ਪੰਜਾਬੀ ਭਾਸ਼ਾ-ਪ੍ਰੇਮੀ ਹੁੰਦੇ ਤਾਂ ਇੱਥੇ ਨਾ ਹੀ ਕੋਈ ਲੱਚਰ ਗਾਣੇ ਬਣਦੇ ਅਤੇ ਨਾ ਹੀ ਕੋਈ ਲੱਚਰ ਗਾਣੇ ਤੇ ਨੱਚਦੇ। ਪੂਰੇ ਪੰਜਾਬ ਵਿੱਚ ਹਜ਼ਾਰਾਂ ਕੋਚਿੰਗ-ਸੈਂਟਰ ਦਿਸਦੇ ਹਨ। ਪਰ ਜੇਕਰ ਸੱਚੇ ਪੰਜਾਬੀ-ਪ੍ਰੇਮੀ ਹੁੰਦੇ ਤਾਂ ਹਰ ਥਾਂ 'ਤੇ ਪੰਜਾਬੀ-ਪਾਠਸ਼ਾਲਾ ਹੁੰਦੀ। ਪੰਜਾਬ ਵਿੱਚ ਜੇਕਰ ਸੱਚੇ ਪੰਜਾਬੀ-ਪ੍ਰੇਮੀ ਹੁੰਦੇ ਤਾਂ ਕਲਾਕਾਰ, ਗੀਤਕਾਰ ਪੈਸੇ ਲੈ ਕੇ ਸਟੇਜ ਉਤੇ ਨਾ ਗਾਉਂਦੇ, ਬਲਕਿ ਸੁੰਨੇ ਪਏ ਹੋਏ ਪਿੰਡਾਂ ਦੀਆਂ ਗਲੀਆਂ ਵਿੱਚ, ਪੰਜਾਬੀ ਗਾਣੇ ਗਾਉਂਦੇ। ਪਰ, ਇਹ ਸਾਰੀਆਂ ਗਤੀਵਿਧੀਆਂ ਨਹੀਂ ਹੁੰਦੀਆਂ ਇਸੇ ਲਈ ਪੰਜਾਬੀ-ਭਾਸ਼ਾ ਖਤਰੇ ਵਿੱਚ ਹੈ।

ਹਰੀ-ਕ੍ਰਾਂਤੀ ਵੇਖਦਿਆਂ ਹੋਇਆਂ ਪੰਜਾਬ ਵਿਚ ਸਾਹਿਤਕ-ਕ੍ਰਾਂਤੀ ਦੀ ਲੋੜ ਹੈ। ਕਰਨਾਟਕਾ ਵਿੱਚ ਵੀ 1970 ਵਿੱਚ ਇਹੋ ਜਿਹੀ ਸਾਹਿਤਕ-ਕ੍ਰਾਂਤੀ ਦੀ ਲੋੜ ਸੀ। ਉਸ ਵਕਤ ਕੱਨੜ-ਭਾਸ਼ਾ ਦੇ ਕਲਾਕਾਰ ਤੇ ਗਾਇਕ ਡਾ. ਰਾਜ ਕੁਮਾਰ ਨੇ ਸੜਕ 'ਤੇ ਆ ਕੇ ਕੱਨੜ ਭਾਸ਼ਾ ਲਈ ਅੰਦੋਲਨ ਕੀਤਾ ਸੀ। ਅੰਦੋਲਨ ਇੰਨਾ ਮਜ਼ਬੂਤ ਸੀ ਕਿ ਕੱਨੜ ਭਾਸ਼ਾ ਵਿੱਚ ਮਹਾਨ-ਕ੍ਰਾਂਤੀ ਹੋਈ। ਇਸ ਦਾ ਨਤੀਜਾ ਸੀ ਕਿ ਕੱਨੜ ਭਾਸ਼ਾ ਲਈ 8 'ਗਿਆਨਪੀਠ' ਪੁਰਸਕਾਰ ਮਿਲ ਚੁੱਕੇ ਹਨ। ਪਰ, ਪਵਿੱਤਰ ਪੰਜਾਬੀ ਭਾਸ਼ਾ ਲਈ ਹੁਣ ਤੱਕ ਸਿਰਫ ਡੇਢ ਹੀ 'ਗਿਆਨਪੀਠ' ਪੁਰਸਕਾਰ ਮਿਲਣ ਬਹੁਤ ਚਿੰਤਾ ਦਾ ਵਿਸ਼ਾ ਹੈ।

ਇਹੋ-ਜਿਹੇ ਚਿੰਤਾਜਨਕ ਵਿਸ਼ੇ 'ਤੇ ਗਾਣਾ ਗਾ ਕੇ ਜਨਤਾ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਪੰਜਾਬੀ ਗਾਇਕ-ਕਲਾਕਾਰ ਸੜਕ ਤੇ ਕਿਉ ਨਹੀਂ ਆ ਸਕਦੇ? ਖਡੂਰ ਸਾਹਿਬ ਦੇ 'ਸ੍ਰੀ ਅੱਖਰ ਸਾਹਿਬ ਗੁਰਦੁਆਰੇ' ਵਿੱਚ ਮੱਥਾ ਟੇਕ ਕੇ ਹੋਸ਼ ਵਿੱਚ ਕੁਝ ਲਿਖਣ ਦਾ ਵਾਅਦਾ ਜੇਕਰ ਕੁਝ ਪੰਜਾਬੀ-ਲੇਖਕ ਕਰਨਗੇ ਤਾਂ ਪੰਜਾਬੀ ਸਾਹਿਤਕ-ਲੋਕ ਵਿੱਚ ਕ੍ਰਾਂਤੀ ਆ ਸਕਦੀ ਹੈ। ਸ਼ਰਾਬ ਵੇਚ ਕੇ ਇਕੱਠੇ ਹੋਏ ਪੈਸੇ 'ਤੇ ਰਾਜ ਕਰਨ ਵਾਲੀ ਸਰਕਾਰ ਵੱਲੋਂ ਜੇਕਰ ਹਰ ਜ਼ਿਲੇ ਵਿੱਚ ਇਕ 'ਗੁਰੂ ਅੰਗਦ ਦੇਵ ਸਾਹਿਤ ਕੇਂਦਰ' ਖੋਲਿਆ ਜਾਵੇ ਤਾਂ ਘੱਟੋ ਘੱਟ ਪੰਜਾਬ ਵਿੱਚ ਗੁਰੂ ਅੰਗਦ ਦੇਵ ਜੀ ਦੀ 'ਭਾਸ਼ਾ-ਪ੍ਰੇਮ' ਪੰਜਾਬੀ ਲੋਕਾਂ ਨੂੰ ਪਤਾ ਲੱਗ ਜਾਵੇਗਾ। ਕਰਨਾਟਕਾ ਸਰਕਾਰ ਨੇ ਕਰਨਾਟਕਾ ਦੇ ਮਸ਼ਹੂਰ ਲੇਖਕ ਗਿਆਨਪੀਠੀ 'ਕੁਵੈੱਪ' ਦੇ ਨਾਂ 'ਤੇ ਭਾਸ਼ਾ ਅਨੁਵਾਦ ਕੇਂਦਰ ਖੋਲ ਕੇ ਹਰ ਸਾਲ 50 ਕਰੋੜ ਰੁਪਏ ਦਾ ਪ੍ਰਬੰਧ ਕੀਤਾ ਹੈ। ਪਰ, ਦੁੱਖ ਦੀ ਗੱਲ ਹੈ ਕਿ ਪੰਜਾਬ ਵਿੱਚ ਅਜਿਹਾ ਨਾ ਤਾਂ ਕੋਈ ਅਨੁਵਾਦ-ਕੇਂਦਰ ਹੈ ਅਤੇ ਨਾ ਹੀ ਕੋਈ ਗੁਰੂ ਨੂੰ ਸਤਿਕਾਰ ਕਰਨ ਦੀ ਸਮਰੱਥਾ ਹੈ।

# ਬੇਅਦਬੀ ਦੀਆਂ ਘਟਨਾਵਾਂ ਪਿੱਛੇ ਕਾਂਗਰਸ ਦਾ ਹੱਥ: ਸੁਖਬੀਰ ਬਾਦਲ

**ਚੰਡੀਗੜ/ਏ.ਟੀ.ਨਿਊਜ਼:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦੋਸ਼ ਲਾਇਆ ਹੈ ਕਿ ਅਕਾਲੀ-ਭਾਜਪਾ ਸਰਕਾਰ ਵੇਲੇ ਪੰਜਾਬ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਵਾਪਰੀਆਂ ਘਟਨਾਵਾਂ ਲਈ ਕਾਂਗਰਸ ਪਾਰਟੀ ਹੀ ਪੂਰੀ ਤਰਾਂ ਜ਼ਿੰਮੇਵਾਰ ਹੈ। ਇੱਥੇ ਮੀਡੀਆ ਨਾਲ ਗੱਲਬਾਤ ਦੌਰਾਨ ਉਨਾਂ ਕਿਹਾ ਕਿ ਇਹ ਚੋਣਾਂ ਤੋਂ ਪਹਿਲਾਂ ਅਕਾਲੀ-ਭਾਜਪਾ ਸਰਕਾਰ ਨੂੰ ਬਦਨਾਮ ਕਰਨ ਲਈ ਰਚੀ ਗਈ ਇੱਕ ਡੂੰਘੀ ਸਾਜ਼ਿਸ਼ ਸੀ। ਉਨਾਂ ਕਿਹਾ ਕਿ ਬਹਿਬਲ ਕਲਾਂ ਗੋਲੀ ਕਾਂਡ ਦੇ ਗਵਾਹ ਦੀ ਮੌਤ ਪਿੱਛੇ ਮੁੱਖ ਮੰਤਰੀ ਦੇ ਸਲਾਹਕਾਰ ਅਤੇ ਇੱਕ ਮੰਤਰੀ ਦਾ ਕਥਿਤ ਹੱਥ ਹੋਣ ਨੇ ਕਾਂਗਰਸ ਦੀ ਸਾਜ਼ਿਸ਼ ਨੂੰ ਬੇਪਰਦ ਕਰ ਦਿੱਤਾ ਹੈ। ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਪੀੜਤ ਪਰਿਵਾਰ ਵੱਲੋਂ ਸ਼ਰੇਆਮ ਦੋਸ਼ ਲਾਉਣ ਤੋਂ ਬਾਅਦ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਮਾਮਲੇ ਉੱਤੇ ਨਾ ਸਿਰਫ਼ ਚੁੱਪੀ ਧਾਰੀ ਹੋਈ ਹੈ। ਸੁਖਬੀਰ ਬਾਦਲ ਨੇ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਦੇ ਤਿੰਨ ਸਾਲਾਂ ਦੇ ਸਮੇਂ ਨੂੰ ਪੰਜਾਬ ਦਾ ਸਭ ਤੋਂ ਮਾੜਾ ਦੌਰ ਕਰਾਰ ਦਿੱਤਾ। ਉਨਾਂ ਕਿਹਾ ਕਿ ਸੱਤਾ ਦੇ ਨਸ਼ੇ ਵਿਚ ਚੂਰ ਇੱਕ 'ਘੁਮੰਡੀ ਹਾਕਮ' ਕੋਲੋਂ ਪੰਜਾਬ ਦੇ ਲੋਕਾਂ ਨੂੰ ਵਿਸ਼ਵਾਸਘਾਤ, ਲਾਪ੍ਰਵਾਹੀ ਅਤੇ ਅਣਗਹਿਲੀ ਤੋਂ ਇਲਾਵਾ ਕੁੱਝ ਨਹੀਂ ਮਿਲਿਆ। ਉਨਾਂ ਕਿਹਾ ਕਿ ਇਸ ਹਾਕਮ ਨੇ ਪੰਜਾਬ ਨੂੰ ਰੱਜ ਕੇ ਜਲੀਲ ਕੀਤਾ ਅਤੇ ਆਮ



ਲੋਕਾਂ ਨੂੰ ਮਿਲਣਾ ਵੀ ਆਪਣੀ 'ਮਹਾਰਾਜਿਆਂ' ਵਾਲੀ ਸ਼ਾਨ ਦੇ ਖ਼ਿਲਾਫ਼ ਸਮਝਿਆ। ਉਨਾਂ ਕਿਹਾ ਕਿ ਮੁੱਖ ਮੰਤਰੀ ਪਿਛਲੇ ਤਿੰਨ ਸਾਲਾਂ ਦੌਰਾਨ ਆਪਣੇ ਦਫ਼ਤਰ ਜਾਂ ਪੰਜਾਬ ਦੇ ਲੋਕਾਂ 'ਚ ਕਿੰਨੇ ਘੰਟੇ ਬਿਤਾਏ ਇਹ ਦੱਸ ਦੇਣ ਤਾਂ ਪੰਜਾਬੀਆਂ ਲਈ ਕੀਤੇ ਕੰਮਾਂ ਦਾ ਨਿਤਾਰਾ ਹੋ ਜਾਵੇਗਾ। ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਮੁੱਖ ਮੰਤਰੀ ਨੇ ਗੁਟਕਾ ਸਾਹਿਬ ਦੀ ਸਹੁੰ ਖਾ ਕੇ ਪੰਜਾਬ ਦੇ ਕਿਸਾਨਾਂ, ਨੌਜਵਾਨਾਂ, ਦਲਿਤਾਂ ਅਤੇ ਹੋਰ ਲੋਕਾਂ ਨਾਲ ਧੋਖਾ ਕੀਤਾ। ਉਨਾਂ ਕਿਹਾ ਕਿ ਕੈਪਟਨ ਨੇ ਕਿਸਾਨਾਂ ਨਾਲ ਮੁਕੰਮਲ ਕਰਜ਼ਾ ਮੁਆਫ਼ੀ, ਕਿਸਾਨ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਨੂੰ ਸਰਕਾਰੀ ਨੌਕਰੀ ਅਤੇ 10 ਲੱਖ ਰੁਪਏ ਮੁਆਵਜ਼ਾ, ਨੌਜਵਾਨਾਂ ਨੂੰ ਘਰ-ਘਰ ਰੁਜ਼ਗਾਰ, 2500 ਰੁਪਏ ਪ੍ਰਤੀ ਮਹੀਨਾ ਬੇਰੁਜ਼ਗਾਰੀ ਭੱਤਾ ਅਤੇ ਸਮਾਰਟ ਫੋਨ, ਦਲਿਤਾਂ ਨੂੰ 51 ਹਜ਼ਾਰ ਰੁਪਏ ਸ਼ਗਨ ਰਾਸ਼ੀ, ਮੁਫ਼ਤ ਘਰ ਅਤੇ ਪੋਸਟ ਮੈਟ੍ਰਿਕ ਵਜ਼ੀਫ਼ੇ, ਲੜਕੀਆਂ ਨੂੰ ਪੀਐੱਚਡੀ ਤੱਕ ਮੁਫ਼ਤ ਪੜਾਈ ਅਤੇ ਸੀਨੀਅਰ ਨਾਗਰਿਕਾਂ ਨੂੰ 2500 ਰੁਪਏ ਪੈਨਸ਼ਨ ਦੇਣ ਦੇ ਵਾਅਦੇ ਕੀਤੇ ਸਨ, ਜੋ ਨਹੀਂ ਪੁਗਾਏ।

ਉਨਾਂ ਕਿਹਾ ਕਿ ਤਿੰਨ ਸਾਲਾਂ ਵਿਚ ਬਿਜਲੀ ਦਰਾਂ 17 ਵਾਰ ਵਧਾਈਆਂ ਗਈਆਂ ਹਨ। ਉਨਾਂ ਕਿਹਾ ਕਿ ਇਸੇ ਤਰਾਂ ਇਸ ਸਰਕਾਰ ਨੇ 4300 ਕਰੋੜ ਰੁਪਏ ਦਾ ਬਿਜਲੀ ਘੁਟਾਲਾ ਕੀਤਾ ਹੈ, ਜਿਸ ਤਹਿਤ ਪ੍ਰਾਈਵੇਟ ਥਰਮਲ ਪਲਾਂਟਾਂ ਨੂੰ 2700 ਕਰੋੜ ਰੁਪਏ ਅਤੇ ਇੱਕ ਕੋਲਾ ਕੰਪਨੀ ਨੂੰ 1602 ਕਰੋੜ ਰੁਪਏ ਦਾ ਲਾਭ ਪਹੁੰਚਾਉਣ ਲਈ ਅੰਦਰਖਾਤੇ ਸੌਦੇਬਾਜ਼ੀਆਂ ਕੀਤੀਆਂ ਗਈਆਂ ਹਨ।

**'ਨੌਜਵਾਨਾਂ ਨੂੰ ਨਸ਼ਿਆਂ ਵੱਲ ਧੱਕ ਰਹੀ ਹੈ ਸਰਕਾਰ'**

ਸੁਖਬੀਰ ਬਾਦਲ ਨੇ ਕਿਹਾ ਕਿ ਕਾਂਗਰਸ ਸਰਕਾਰ ਵਾਅਦੇ ਮੁਤਾਬਕ ਚਾਰ ਹਫ਼ਤਿਆਂ ਅੰਦਰ ਨਸ਼ਾ ਖ਼ਤਮ ਕਰਨ ਦੀ ਬਜਾਏ ਨੌਜਵਾਨਾਂ ਨੂੰ ਉਲਟਾ ਨਸ਼ਿਆਂ ਵੱਲ ਧੱਕ ਰਹੀ ਹੈ। ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਹਾਲ ਹੀ ਵਿਚ ਫੜੀਆਂ ਗਈਆਂ ਹੈਰੋਇਨ ਦੀਆਂ ਖੇਪਾਂ ਵਿਚ ਕਾਂਗਰਸੀ ਆਗੂਆਂ ਦੀ ਸਿੱਧੇ ਤੌਰ 'ਤੇ ਸ਼ਮੂਲੀਅਤ ਸਾਬਿਤ ਹੋ ਰਹੀ ਹੈ। ਉਨਾਂ ਕਿਹਾ ਕਿ ਮੁੱਖ ਮੰਤਰੀ ਨੇ ਕਾਂਗਰਸੀ ਆਗੂਆਂ ਨੂੰ ਸੂਬੇ ਨੂੰ ਲੁੱਟਣ ਦੀ ਪੂਰੀ ਖੁੱਲ ਦੇ ਰੱਖੀ ਹੈ। ਕਾਂਗਰਸੀ ਆਗੂਆਂ ਦੀ ਅਗਵਾਈ ਵਾਲਾ ਮਾਫ਼ੀਆ ਗੁੰਡਾ ਟੈਕਸ ਵਸੂਲ ਰਿਹਾ ਹੈ। ਉਨਾਂ ਕਿਹਾ ਕਿ ਇਸੇ ਤਰਾਂ ਕਾਂਗਰਸੀ ਆਗੂਆਂ ਵੱਲੋਂ ਸ਼ਰਾਬ ਦੀ ਕੀਤੀ ਜਾ ਰਹੀ ਅੰਤਰਰਾਜੀ ਤਸਕਰੀ ਕਰਕੇ ਆਬਕਾਰੀ ਕਰ ਬਹੁਤ ਘੱਟ ਗਿਆ ਹੈ।

# ਬੇਅਦਬੀ ਮਾਮਲੇ: ਇਨਸਾਫ ਨਾ ਹੋਣ ਦੇ ਰੋਸ ਵਜੋਂ ਸਿੱਖ ਜਥੇਬੰਦੀਆਂ ਨੇ ਵਿਧਾਇਕ ਦੇ ਘਰ ਬਾਹਰ ਧਰਨਾ ਲਾਇਆ



**ਅੰਮ੍ਰਿਤਸਰ/ ਏ.ਟੀ.ਨਿਊਜ਼:** ਵੱਖ ਵੱਖ ਸਿੱਖ ਜਥੇਬੰਦੀਆਂ ਦੇ ਗੱਠਜੋੜ ਅਲਾਇੰਸ ਆਫ ਸਿੱਖ ਆਰਗੇਨਾਈਜੇਸ਼ਨ ਨੇ ਅੱਜ ਬਰਗਾੜੀ ਬੇਅਦਬੀ ਮਾਮਲੇ ਵਿਚ ਨਿਆਂ ਪ੍ਰਾਪਤੀ ਦੀ ਮੰਗ ਨੂੰ ਲੈ ਕੇ ਸ਼ੁਰੂ ਕੀਤੇ ਸੰਘਰਸ਼ ਦੇ ਦੂਜੇ ਪੜਾਅ ਵਿਚ ਪੱਟੀ ਤੋਂ ਕਾਂਗਰਸ ਵਿਧਾਇਕ ਹਰਮਿੰਦਰ ਸਿੰਘ ਗਿੱਲ ਦੇ ਘਰ ਦੇ ਬਾਹਰ ਰੋਸ ਧਰਨਾ ਦਿੱਤਾ।

ਸਥਾਨਕ ਰਣਜੀਤ ਐਵੀਨਿਊ ਵਿਖੇ ਜਥੇਬੰਦੀ ਦੇ ਆਗੂ ਸੁਖਦੇਵ ਸਿੰਘ ਫਗਵਾੜਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਬਰਗਾੜੀ ਇਨਸਾਫ਼ ਲਈ ਸ਼ੁਰੂ ਕੀਤੇ ਸੰਘਰਸ਼ ਦੇ ਪਹਿਲੇ ਪੜਾਅ ਤੋਂ ਬਾਅਦ ਅੱਜ ਦੂਜੇ ਪੜਾਅ ਵਿਚ ਸਰਕਾਰ ਦੇ ਕਈ ਆਗੂਆਂ ਦੀ ਜਵਾਬ-ਤਲਬੀ ਕੀਤੀ ਜਾਵੇਗੀ, ਜਿਨਾਂ ਨੇ ਉਸ ਵੇਲੇ ਵੱਡੇ ਵੱਡੇ ਭਾਸ਼ਨ ਦਿੱਤੇ ਸਨ। ਇਸੇ ਤਹਿਤ ਅੱਜ ਸ੍ਰੀ ਹਰਮਿੰਦਰ ਸਿੰਘ ਗਿੱਲ ਦੇ ਘਰ ਬਾਹਰ ਧਰਨਾ ਦਿੱਤਾ ਹੈ।

ਉਨਾਂ ਆਖਿਆ ਕਿ ਗਿੱਲ ਨੇ ਇਸ ਮਾਮਲੇ ਵਿਚ ਸੀਬੀਆਈ ਨੂੰ ਕਸੂਰਵਾਰ ਠਹਿਰਾਇਆ ਪਰ ਉਹ ਕੋਈ ਤਸੱਲੀਬਖਸ਼ ਜਵਾਬ ਨਹੀਂ ਦੇ ਸਕੇ ਹਨ। ਇਸ ਮੌਕੇ 1986 ਦੇ ਨਕੋਦਰ ਗੋਲੀ ਕਾਂਡ ਦੇ ਦੋਸ਼ੀਆਂ ਖ਼ਿਲਾਫ਼ ਕੋਈ ਕਾਰਵਾਈ ਨਾ ਹੋਣ ਦਾ ਮਾਮਲਾ ਵੀ ਉਭਾਰਿਆ ਗਿਆ। ਸਿੱਖ ਆਗੂਆਂ ਨੇ ਐਲਾਨ ਕੀਤਾ ਕਿ 22 ਮਾਰਚ ਨੂੰ ਫਰੀਦਕੋਟ ਤੋਂ ਵਿਧਾਇਕ ਕੁਸ਼ਲਦੀਪ ਸਿੰਘ , 29 ਮਾਰਚ ਨੂੰ ਖਡੂਰ ਸਾਹਿਬ ਤੋਂ ਵਿਧਾਇਕ ਰਮਨਜੀਤ ਸਿੰਘ ਸਿੱਕੀ ਅਤੇ 5 ਅਪਰੈਲ ਨੂੰ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੇ ਘਰ ਬਾਹਰ ਇਨਾਂ ਮੁੱਦਿਆਂ ਨੂੰ ਲੈ ਕੇ ਜਵਾਬ-ਤਲਬੀ ਕੀਤੀ ਜਾਵੇਗੀ। ਗਿੱਲ ਨੇ ਭਰੋਸਾ ਦਿੱਤਾ ਕਿ ਉਹ ਇਹ ਮਾਮਲਾ ਮੁੱਖ ਮੰਤਰੀ ਕੋਲ ਰੱਖਣਗੇ।




# ਪਾਠਕਾਂ ਦਾ ਨਜ਼ਰੀਆ

## ਕਰੋਨਾ ਵਾਇਰਸ ਪਦਾਰਥਵਾਦੀ ਯੁੱਗ ਦੇ ਲੋਕਾਂ ਲਈ ਇੱਕ ਟਰੇਲਰ

ਕਰੋਨਾ ਵਾਇਰਸ ਤਾਂ ਪਦਾਰਥਵਾਦੀ ਸਾਇੰਸ ਯੁੱਗ ਦੇ ਲੋਕਾਂ ਲਈ ਇੱਕ ਟਰੇਲਰ ਹੈ, ਭਵਿੱਖ ਵਿੱਚ ਕਰੋਨਾ ਫਿਲਮਾਂ ਆਉਣੀਆਂ ਹਾਲੇ ਬਾਕੀ ਹਨ। ਜੇ ਸਾਇੰਸਵਾਦੀ ਮਨੁੱਖ ਨੇ ਅਖੌਤੀ ਪਦਾਰਥਵਾਦੀ ਤਰੱਕੀ ਦੀ ਰਫ਼ਤਾਰ ਘਟਾ ਕੇ ਆਪਣੇ ਆਪ ਨੂੰ ਸਹਿਜ ਵਿੱਚ ਨਾ ਲਿਆਂਦਾ, ਆਧੁਨਿਕ ਗਿਆਨ ਦੇ ਸੋਮੇ ਤੇਜ਼ੀ ਨਾਲ ਨਾ ਬਦਲੇ, ਤਾਂ ਧਰਤੀ ਦੇ ਵਧ ਰਹੇ ਤਾਪਮਾਨ ਕਾਰਨ ਜੋ ਪਰਲੋ ਆਵੇਗੀ, ਤੇਜ਼ੀ ਨਾਲ ਪਿਘਲ ਰਹੇ ਗਲੇਸ਼ੀਅਰਾਂ ਕਾਰਨ ਹੜਾਂ ਤੋਂ ਬਾਅਦ ਜੋ ਸੋਕੇ ਪੈਣਗੇ, ਸੋਕਿਆਂ ਤੋਂ ਬਾਅਦ ਭੁੱਖਮਰੀ ਅਤੇ ਨਵੇਂ ਵਾਇਰਸਾਂ ਕਾਰਨ ਜੋ ਲੱਖਾਂ ਅਤੇ ਕਰੋੜਾਂ ਦੀ ਗਿਣਤੀ ਵਿੱਚ ਮਨੁੱਖ ਅਤੇ ਜੀਵ ਜੰਤੂ ਮਰਨਗੇ, ਧਰਤੀ ‘ਤੇ ਹਰ ਤਰਾਂ ਦੇ ਜੀਵਨ ਨੂੰ ਖਤਮ ਕਰਨ ਲਈ ਤਿਆਰ ਮਨੁੱਖ ਸ਼ਾਇਦ ਉਦੋਂ ਹੀ ਸਾਇੰਸ ਯੁੱਗ ਦੇ ਗੋਗੇ ਗਾਉਣ ਤੋਂ ਹਟੇਗਾ, ਮੁੜ ਪਦਾਰਥਵਾਦੀ ਭੁੱਖ ਦੇ ਗਿਆਨ ਨੂੰ ਭੁੱਲ ਕੇ ਬਚੀ ਹੋਈ ਕੁਦਰਤ ਨੂੰ ਸਾਂਭਣ ਅਤੇ ਆਤਮਿਕ ਗਿਆਨ ਦੀ ਖੋਜ ਦੇ ਰਾਹ ਪਵੇਗਾ ।

**ਗੋਲਡੀ ਦਿਉਲ ਸਰੀ**

## ਦਹਿਲਿਆ ਹੋਇਆ ਭਾਰਤੀ ਹਿੰਦੂਤਵ

ਦਹਿਲਿਆ ਹੋਇਆ ਭਾਰਤੀ ਹਿੰਦੂਤਵਾ ਹਥਿਆਰਾਂ ਦੇ ਅੰਬਾਰਾਂ ਦੇ ਅੰਬਾਰ ਲਾਈ ਜਾ ਰਿਹੈ ।ਇਹ ਪਿਛਲੇ 10 ਸਾਲਾਂ ਤੋਂ ਹਥਿਆਰਾਂ ਦੀ ਕੌਮਾਂਤਰੀ ਮੰਡੀ ਦਾ ਲਗਾਤਾਰ ਦੂਜਾ ਵਡਾ ਗਾਹਕ ਬਣਿਆ ਬੈਠਾ ਹੈ । ਸੰਸਾਰ ਦਾ ਸਭ ਤੋਂ ਵਡਾ ਖਰੀਦਦਾਰ ਸਾਊਦੀ ਅਰਬ ਹੈ। ਅਰਬਾਂ ਦੀ ਧਰਤੀ ਹੇਠ ਕੁਦਰਤ ਨੇ ਡਾਲਰਾਂ ਦੇ ਖਜ਼ਾਨੇ ਦਬੇ ਹੋਏ ਹਨ । ਪਰ ਹਿੰਦੁਸਤਾਨ ਨੂੰ ਗ਼ਰੀਬਾਂ ਦੇ ਖ਼ੂਨ ਬਦਲੇ ਹਥਿਆਰ ਖਰੀਦਣੇ ਪੈ ਰਹੇ ਹਨ। ਰੂਸ ਸੰਸਾਰ ਵਿਚ ਹਥਿਆਰਾਂ ਦਾ ਸਭ ਤੋਂ ਵਡਾ ਉਤਪਾਦਕ/ਸਪਲਾਇਰ ਹੈ ਜੋ ਆਪਣੇ ਮਾਲ ਦਾ 25% ਇਕਲੇ ਹਿੰਦੁਸਤਾਨ ਨੂੰ ਵੇਚਦਾ ਹੈ । ਹਿੰਦੁਸਤਾਨ ਅਮਰੀਕਾ, ਫਰਾਂਸ, ਜਰਮਨ, ਇਸਰਾਈਲ ਅਤੇ ਦਖਣੀ ਕੋਰੀਆ ਦੇ ਹਥਿਆਰਾਂ ਦੇ ਵਡੇ ਗਾਹਕਾਂ ਵਿਚ ਵੀ ਸ਼ਾਮਲ ਹੈ । ਦੂਜੇ ਪਾਸੇ ਚੀਨ ਅਤੇ ਪਾਕਿਸਤਾਨ ਵੀ ਹਥਿਆਰਾਂ ਦੀ ਖਰੀਦ ਵਿਚ ਮਸਤ ਹਨ । ਵੇਖਦੇ ਜਾਉ, ਕੀ ਬਣਦਾ ਇਥੇ ਵਸਦੀ ਮਨੁਖਤਾ ਦਾ ।

**ਸੁਖਦੇਵ ਸਿੰਘ ਸੀਨੀਅਰ ਪੱਤਰਕਾਰ**

## ਘੱਟ ਗਿਣਤੀਆਂ, ਖੇਤਰੀ ਭਾਸ਼ਾਵਾਂ, ਸੱਭਿਆਚਾਰਾਂ ਨੂੰ ਨਿਗਲਣ ਦਾ ਵਰਤਾਰਾ

ਧਰਮ ਤੋਂ ਪ੍ਰੇਰਿਤ ਭਾਰਤੀ ਲੋਕ-ਮਨ ਦੇ ਵੱਡੇ ਹਿੱਸੇ ਨੇ ਅਜਿਹੀ ਫਿਰਕੂ ਸਿਆਸਤ ਨੂੰ ਨਕਾਰਨ ਦਾ ਕਦੇ ਹੀਆ ਨਹੀਂ ਕੀਤਾ। ਲੋਕ-ਮਨ ਦੇ ਇਸ ਹਿੱਸੇ ਨੇ ਆਪਣੀ ਸੋਚਣ ਸ਼ਕਤੀ ਲਗਾਤਾਰ ਫਿਰਕੂ ਸ਼ਕਤੀਆਂ ਦੇ ਹੱਥ ਦੇ ਰੱਖੀ ਹੈ ਅਤੇ ਇਹ ਸ਼ਕਤੀਆਂ ਸਮੇਂ-ਸਮੇਂ ‘ਤੇ ਜਦੋਂ ਚਾਹੇ, ਜਿਵੇਂ ਚਾਹੇ, ਇਸ ਹਿੱਸੇ ਦੀ ਸਰੀਰਿਕ ਸ਼ਕਤੀ ਨੂੰ ਆਪਣੇ ਮੁਫ਼ਾਦ ਲਈ ਵਰਤਦੀ ਆਈ ਹੈ। ਦੂਸਰੇ ਪਾਸੇ ਮਨੁੱਖੀ ਅਧਿਕਾਰ ਸੰਸਥਾਵਾਂ ਅਤੇ ਰਾਸ਼ਟਰ ਸੰਘ ਵਰਗੇ ਵਿਸ਼ਵ ਪੱਧਰ ਦੇ ਅਦਾਰਿਆਂ ਨੇ ਵੀ ਇਨਾਂ ਲਾਸ਼ਾਂ ਦੇ ਢੇਰਾਂ ਪ੍ਰਤੀ ਕੋਈ ਸਲਾਹੁਣਯੋਗ ਸੰਜੀਦਗੀ ਪੇਸ਼ ਨਹੀਂ ਕੀਤੀ। ਜੇਕਰ ਇਨਾਂ ਸੰਸਥਾਵਾਂ ਨੇ ਕਦੀ ਅੰਗੜਾਈ ਲਈ ਵੀ ਤਾਂ ਮੁਲਕ ਵੱਲੋਂ ਇਸਨੂੰ ਆਪਣਾ ਅੰਦਰੂਨੀ ਮਾਮਲਾ ਦੱਸ ਕੇ ਉਨਾਂ ਦੀ ਕਾਰਵਾਈ ਦੇ ਰਸਤੇ ਸਦਾ ਰੋਕੀ ਰੱਖੇ ਹਨ। ਇਸਤੋਂ ਇਲਾਵਾ ਵਿਸ਼ਵ ਭਰ ਵਿਚ ਉੱਭਰ ਰਿਹਾ ਨਵ-ਪੂੰਜੀਵਾਦ ਦਾ ਸਿਧਾਂਤ ਵੀ ਪੂੰਜੀ ਤੋਂ ਇਲਾਵਾ ਖੇਤਰ, ਨਸਲ, ਭਾਸ਼ਾ ਅਤੇ ਸੱਭਿਆਚਾਰ ਵਰਗੇ ਪਹਿਲੂਆਂ ਨੂੰ ਉਦਾਰਵਾਦ ਤੋਂ ਉਲਟ ਹੋਰ ਤਿੱਖਾ ਕਰ ਰਿਹਾ ਹੈ ਅਤੇ ਇਸੇ ਪ੍ਰਭਾਵ ਦੇ ਕਾਰਨ ਜਿੱਥੇ ਵਿਸ਼ਵ ਪੱਧਰ ‘ਤੇ ਮਨੁੱਖਤਾਵਾਦੀ ਰਾਜਸੀ ਪ੍ਰਬੰਧ ਲੜਖੜਾ ਰਿਹਾ ਹੈ, ਉੱਥੇ ਸਾਡਾ ਮੁਲਕ ਵੀ ਇਸ ਵਰਤਾਰੇ ਤੋਂ ਅਭਿੱਜ ਨਹੀਂ ਰਿਹਾ ਹੈ। ਮੁਲਕ ਵਿਚ ਘੱਟ ਗਿਣਤੀਆਂ, ਖੇਤਰੀ ਭਾਸ਼ਾਵਾਂ, ਸੱਭਿਆਚਾਰਾਂ ਨੂੰ ਨਿਗਲਣ ਦਾ ਇਹ ਵਰਤਾਰਾ ਲਗਾਤਾਰ ਇਨਾਂ ਲਾਸ਼ਾਂ ਦੇ ਢੇਰਾਂ ਨੂੰ ਜਨਮ ਦੇ ਰਿਹਾ ਹੈ।

ਮੌਜੂਦਾ ਸਮੇਂ ਇਸ ਵਰਤਾਰੇ ਨੂੰ ਠੱਲਣ ਦਾ ਕੋਈ ਠੋਸ ਹੱਲ ਨਜ਼ਰ ਨਹੀਂ ਆ ਰਿਹਾ ਕਿਉਂਕਿ ਪੂਰਾ ਵਿਸ਼ਵ ਇਕ ਆਰਥਿਕ ਮੰਡੀ ਦਾ ਰੂਪ ਧਾਰ ਚੁੱਕਾ ਹੈ, ਜਿਸ ਵਿਚ ਹਰ ਦੇਸ਼ ਦੇ ਆਪਣੇ-ਆਪਣੇ ਵਪਾਰਕ ਹਿੱਤ ਹਨ ਅਤੇ ਕੋਈ ਕਿਸੇ ਦੇਸ਼ ਦੇ ਅੰਦਰੂਨੀ ਮਾਮਲਿਆਂ, ਸਰਗਰਮੀਆਂ ਅਤੇ ਕਾਰਜ ਵਿਧੀਆਂ ਵਿਚ ਦਖਲਅੰਦਾਜ਼ੀ ਕਰਕੇ ਆਪਣੇ ਵਪਾਰਕ ਹਿੱਤਾਂ ਨੂੰ ਨੁਕਸਾਨ ਨਹੀਂ ਪਹੁੰਚਾਉਣਾ ਚਾਹੁੰਦਾ। ਦੂਸਰੇ ਪਾਸੇ ਵਿਸ਼ਵ ਪੱਧਰ ‘ਤੇ ਰਾਸ਼ਟਰਵਾਦੀ ਵਿਚਾਰਧਾਰਾ ਦਾ ਫੈਲਾਅ ਲਗਾਤਾਰ ਬੇਰੋਕ ਜਾਰੀ ਹੈ, ਲੋਕ-ਮਨ ਨੂੰ ਰਾਸ਼ਟਰਵਾਦ ਦੀ ਪੁੱਠ ਚਾੜ ਕੇ ਉਨਾਂ ਨੂੰ ਮਾਨਸਿਕ ਪੱਖ ਤੋਂ ਗ਼ੁਲਾਮ ਬਣਾਇਆ ਜਾ ਰਿਹਾ ਹੈ ਅਤੇ ਆਜ਼ਾਦ ਸੋਚ ਦੇ ਘੇਰੇ ਸਮੇਟੇ ਜਾ ਰਹੇ ਹਨ। ਇਨਾਂ ਸਭ ਕਾਰਨਾਂ ਅਤੇ ਹਾਲਤਾਂ ਦਾ ਲਾਭ ਉਠਾ ਕੇ ਹੀ ਫਿਰਕੂ ਸ਼ਕਤੀਆਂ ਸਮੇਂ-ਸਮੇਂ ‘ਤੇ ਲਾਸ਼ਾਂ ਦੇ ਢੇਰ ਉਸਾਰ ਰਹੀਆਂ ਹਨ। ਅਜਿਹੇ ਹਾਲਾਤ ਦੌਰਾਨ ਉਹ ਮੁਲਕ ਵਿਚ ਫੈਲੀ ਅਸ਼ਾਂਤੀ ‘ਤੇ ਮਗਰਮੱਛ ਦੇ ਹੰਝੂ ਵਹਾਉਂਦੀਆਂ ਨਜ਼ਰ ਆਉਂਦੀਆਂ ਹਨ, ਪਰ ਅਸਲ ਵਿਚ ਉਹ ਇਨਾਂ ਹਾਲਤਾਂ ਦੌਰਾਨ ਆਪਣੇ ਵੱਧ ਰਹੇ ਵੋਟ ਬੈਂਕ ਤੋਂ ਖ਼ੁਸ਼ੀ ਮਹਿਸੂਸ ਕਰਦੀਆਂ ਹਨ। ਭਵਿੱਖ ਵਿਚ ਲਾਸ਼ਾਂ ਦੇ ਢੇਰ ਵਿਚ ਤਖ਼ਤ ਦੇ ਪਾਵਿਆਂ ਦੀ ਡੂੰਘਾਈ ਨਾਪਣ ਵਾਲੀਆਂ ਸ਼ਕਤੀਆਂ ਤੋਂ ਨਿਜਾਤ ਪਾਉਣ ਲਈ ਮੁਲਕ ਦੇ ਆਮ ਨਾਗਰਿਕ ਦਾ ਸਿੱਖਿਅਤ, ਜਾਗਰੂਕ, ਧਰਮ ਦੇ ਪੱਖ ਤੋਂ ਉਦਾਰ ਅਤੇ ਫਿਰਕੂ ਸ਼ਕਤੀਆਂ ਦੀ ਰਾਜਨੀਤੀ ਨੂੰ ਗਲੇ ਲਾਉਣ ਦੀ ਥਾਂ ਪਿਛਾਂਹ ਧੱਕਣਾ ਅਤਿ ਜ਼ਰੂਰੀ ਹੈ ਤਾਂ ਹੀ ਸਾਡਾ ਇਹ ਸਦੀਆਂ ਤੋਂ ਚੱਲਿਆ ਆ ਰਿਹਾ ਲਾਸ਼ਾਂ ਗਿਣਨ ਦਾ ਕੰਮ ਮੁੱਕ ਸਕਦਾ ਹੈ, ਨਹੀਂ ਤਾਂ ਅਸੀਂ ਅਤੇ ਸਾਡੀ ਆਉਣ ਵਾਲੀ ਨਸਲ ਇਹ ਵਰਤਾਰਾ ਲਗਾਤਾਰ ਦੇਖਦੀ ਰਹੇਗੀ ਅਤੇ ਆਜ਼ਾਦੀ ਦੇ ਅਸਲ ਅਰਥ ਕਦੇ ਨਹੀਂ ਜਾਣ ਸਕੇਗੀ।

**ਗੁਰਪ੍ਰੀਤ ਸਿੰਘ ਮੰਡ**

## ਨਿਰਾ ਬਾਬੇ ਦੇ ਤਵੀਤਾਂ ‘ਤੇ

ਕਾਫੀ ਅਰਸਾ ਪਹਿਲਾਂ ਮੇਰੇ ਨੇੜਲੇ ਪਿੰਡ ਤੋਂ ਇੱਕ ਵਿਅਕਤੀ ਨੇ ਘਰੋਂ ਭੱਜ ਕੇ ਕਿਸੇ ਵਿਆਹੀ ਔਰਤ ਨਾਲ ਅੰਤਰਜਾਤੀ ਵਿਆਹ ਕਰ ਲਿਆ। ਉਸ ਔਰਤ ਦੇ ਪਤੀ ਨੇ ਗਰੀਬ ਹੋਣ ਕਾਰਨ ਤੇ ਕਾਨੂੰਨੀ ਝੰਜਟਾਂ ਤੋਂ ਬਚਣ ਲਈ ਕੋਈ ਵੀ ਕਾਨੂੰਨੀ ਕਾਰਵਾਈ ਨਹੀਂ ਕੀਤੀ। ਘਰੋਂ ਭੱਜਣ ਵਾਲਾ ਜੋੜਾ ਰਾਜਸਥਾਨ ਵਿੱਚ ਕਿਤੇ ਰਹਿਣ ਲੱਗ ਪਿਆ। ਉਸ ਵਿਅਕਤੀ ਦੇ ਪਿਤਾ ਨੇ ਗੁੱਸੇ ਵਿੱਚ ਆਪਣੀ ਸਾਰੀ ਚੱਲ ਅਚੱਲ ਜਾਇਦਾਦ ਆਪਣੇ ਦੂਸਰੇ ਪੁੱਤਰ ਨੂੰ ਰਜਿਸਟਰਡ ਵਸੀਅਤ ਰਾਹੀਂ ਦੇ ਦਿੱਤੀ। ਕਾਫੀ ਸਮਾਂ ਬੀਤਣ ਤੋਂ ਬਾਅਦ ਬਜ਼ੁਰਗ ਪਿਤਾ ਦੀ ਮੌਤ ਹੋ ਗਈ, ਜਿਸ ਦੀ ਵਿਰਾਸਤ ਵਸੀਅਤ ਮੁਤਾਬਕ ਉਸ ਦੇ ਕੋਲ ਰਹਿਣ ਵਾਲੇ ਲੜਕੇ ਨੂੰ ਚਲੀ ਗਈ ਅਤੇ ਰਿਕਾਰਡ ਮਾਲ ਵਿੱਚ ਅਮਲ ਹੋ ਗਿਆ।

ਰਿਕਾਰਡ ਮਾਲ ਵਿੱਚ ਇੰਤਕਾਲ ਮਨਜ਼ੂਰ ਹੋਣ ਤੋਂ ਕਰੀਬ ਦਸ ਸਾਲ ਬਾਅਦ ਵਿਰਾਸਤ ਹਾਸਲ ਕਰਨ ਵਾਲਾ ਭਰਾ ਪੰਚਾਇਤੀ ਚੋਣਾਂ ਨੂੰ ਲੈ ਕੇ ਪਿੰਡ ਦੇ ਕੁਝ ਲੋਕਾਂ ਦੀਆਂ ਅੱਖਾਂ ਵਿੱਚ ਰੜਕਣ ਲੱਗ ਪਿਆ। ਰੜਕ ਮਿਟਾਉਣ ਲਈ ਪਿੰਡ ਦੇ ਕੁਝ ਬੰਦਿਆਂ ਨੇ ਬਾਹਰ ਰਹਿੰਦੇ ਭਰਾ ਨੂੰ ਉਕਸਾ ਕੇ ਪਿਤਾ ਦੀ ਵਿਰਾਸਤ ਨੂੰ ਅਦਾਲਤ ਵਿੱਚ ਚੁਨੌਤੀ ਦਿਵਾ ਦਿੱਤੀ ਅਤੇ ਨਾਲ ਹੀ ਜੱਦੀ ਜਾਇਦਾਦ ਹੋਣ ਨੂੰ ਵੀ ਆਪਣੇ ਕੇਸ ਦਾ ਅਧਾਰ ਬਣਾ ਲਿਆ। ਲਾਭਪਾਤਰੀ ਭਰਾ ਨੂੰ ਸੰਮਨ ਹੋਣ ਤੇ ਮੈਂ ਉਸ ਵਿਅਕਤੀ ਵੱਲੋਂ ਅਦਾਲਤ ਵਿੱਚ ਬਤੌਰ ਵਕੀਲ ਪੇਸ਼ ਹੋਇਆ। ਮੇਰਾ ਸਾਇਲ ਕਿਸੇ ਤਵੀਤ ਵਾਲੇ ਸਾਧ ਦਾ ਪੱਕਾ ਚੇਲਾ ਸੀ ਜਿਹੜਾ ਕਿ ਕੇਸਾਂ ਦੇ ਸੰਬੰਧ ਵਿੱਚ ਪੁੱਛਾਂ ਦਿੰਦਾ ਸੀ। ਮੇਰੇ ਨਾਲੋਂ ਵੱਧ ਵਿਸ਼ਵਾਸ ਉਸ ਨੂੰ ਸਾਧ ਉੱਤੇ ਸੀ। ਉਸ ਦੇ ਦੱਸਣ ਮੁਤਾਬਕ ਪਹਿਲਾਂ ਸਾਧ ਨੇ ਹੀ ਮੇਰਾ ਨਾਮ ਕੇਸ ਜਿੱਤ ਸਕਣ ਵਾਲੇ ਵਕੀਲ ਵਜੋਂ ਦੱਸਿਆ ਸੀ। ਮੈਂਨੂੰ ਯਕੀਨ ਸੀ ਕਿ ਸਾਧ ਸ਼ਾਤਿਰ ਬੰਦਾ ਸੀ, ਉਸ ਨੂੰ ਮੇਰੇ ਸਾਇਲ ਨੇ ਹੀ ਮੇਰਾ ਨਾਮ ਦੱਸਿਆ ਸੀ। ਸਾਡੇ ਕੇਸ ਦੀ ਸ਼ੁਰੂ ਤੋਂ ਹੀ ਕਾਨੂੰਨੀ ਸਥਿਤੀ ਮਜ਼ਬੂਤ ਸੀ, ਵਸੀਅਤ ਵੀ ਗਵਾਹਾਂ ਨੇ ਸਹੀ ਸਾਬਤ ਕਰ ਦਿੱਤੀ ਸੀ। ਪਰ ਬਹਿਸ ਸਮੇਂ ਮੇਰਾ ਸਾਇਲ ਵਾਰ ਵਾਰ ਅੱਗੇ ਤਰੀਕ ਲੈਣ ਲਈ ਕਹਿੰਦਾ ਰਿਹਾ ਤਾਂ ਕਿ ਸਾਧ ਕੇਸ ਜਿੱਤਣ ਦਾ ਓਹੜ ਪੋਹੜ ਕਰ ਸਕੇ। ਕੇਸ ਦਾ ਸਾਡੇ ਹੱਕ ਵਿੱਚ ਫੈਸਲਾ ਹੋਣ ‘ਤੇ ਵੀ ਮੇਰੇ ਸਾਇਲ ਨੇ ਸਾਰਾ ਸਿਹਰਾ ਸਾਧ ਨੂੰ ਦੇ ਦਿੱਤਾ। ਬੜੀ ਅਹਿਸਾਨ ਫਰਾਮੋਸ਼ੀ ਵਾਲੀ ਗੱਲ ਹੈ। ਉਸ ਦਾ ਕੇਸ ਅਦਾਲਤ ਵਿੱਚ ਚਾਰ ਸਾਲ ਚਲਦਾ ਰਿਹਾ ਸੀ ਅਤੇ ਵਿਰੋਧੀ ਵਕੀਲ ਸਮੇਤ ਅਦਾਲਤ ਨੂੰ ਵੀ ਮਿਹਨਤ ਕਰਨੀ ਪਈ ਹੋਵੇਗੀ, ਪਰ ਸਾਧ ਪੱਕਿਆ ਪਕਾਇਆ ਛਕ ਗਿਆ ਸੀ।

ਮੇਰੇ ਇਸ ਕੇਸ ਦੇ ਸਾਇਲ ਨੂੰ ਦੁਬਾਰਾ ਇੱਕ ਕੇਸ ਵਿੱਚ ਵਕੀਲ ਦੀ ਜ਼ਰੂਰਤ ਪਈ। ਉਸ ਨੇ ਕਿਸੇ ਨਾਲ ਰਿਹਾਇਸ਼ੀ ਜਗਾਹ ਦਾ ਇਕਰਾਰਨਾਮਾ ਕੀਤਾ ਸੀ ਜਿਸ ਉੱਤੇ ਮੇਰੇ ਖਾਸ ਮਿੱਤਰ ਦੀ ਪਤਨੀ ਨੇ ਸਰਪੰਚ ਹੋਣ ਕਾਰਨ ਗਵਾਹੀ ਪਾਈ ਸੀ। ਕਾਨੂੰਨੀ ਰੂਪ ਵਿੱਚ ਉਹ ਬੰਦਾ ਮਾੜੀ ਸਥਿਤੀ ਵਿੱਚ ਸੀ। ਮੈਂ ਉਸ ਦੇ ਕੇਸ ਵਿੱਚ ਵਕੀਲ ਵਜੋਂ ਪੇਸ਼ ਹੋਣ ਤੋਂ ਇਸ ਵਜਾਹ ਕਰਕੇ ਇਨਕਾਰ ਕਰ ਦਿੱਤਾ ਕਿ ਭਵਿੱਖ ਵਿੱਚ ਕੇਸ ਖਿਲਾਫ ਹੋਣ ‘ਤੇ ਸਾਧ ਪਤਾ ਨਹੀਂ ਕੀ ਪੁੱਠੀ ਗੱਲ ਜਚਾ ਦੇਵੇ। ਵੈਸੇ ਵੀ ਸਰਪੰਚ ਗਵਾਹ ਨਾਲ ਮੇਰੇ ਪਰਿਵਾਰਕ ਸੰਬੰਧ ਹੋਣ ਕਾਰਨ ਮੇਰੇ ਉੱਪਰ ਵਕੀਲ ਮਿਲਣ ਦਾ ਦੋਸ਼ ਲੱਗ ਸਕਦਾ ਸੀ। ਉਸ ਨੂੰ ਮੈਂ ਕਰੀਬੀ ਦੋਸਤ ਵਕੀਲ ਕੋਲ ਭੇਜ ਦਿੱਤਾ, ਜਿਸ ਨੇ ਉਸ ਕੇਸ ਤੇ ਬਹੁਤ ਮਿਹਨਤ ਕੀਤੀ। ਕਾਨੂੰਨੀ ਸਥਿਤੀ ਵਧੀਆ ਨਾ ਹੋਣ ਕਰਕੇ ਉਹ ਵਿਅਕਤੀ ਕੇਸ ਹਾਰ ਗਿਆ।ਸ਼ਾਤਿਰ ਦਿਮਾਗ ਸਾਧ ਨੇ ਮੇਰੇ ਵੱਲੋਂ ਪੈਰਵੀ ਨਾ ਕਰਨ ਨੂੰ ਕੇਸ ਹਾਰਨ ਦਾ ਕਾਰਨ ਦੱਸਿਆ। ਅਪੀਲ ਵਾਸਤੇ ਉਹ ਬੰਦਾ ਮੇਰੇ ਕੋਲ ਆਇਆ ਤੇ ਜ਼ਿਲਾ ਅਦਾਲਤ ਦੇ ਪੰਜ ਸੀਨੀਅਰ ਵਕੀਲਾਂ ਦੇ ਨਾਮ ਪੁੱਛਣ ਲੱਗਾ। ਮੇਰੇ ਦੱਸਣ ‘ਤੇ ਉਸ ਨੇ ਕਿਹਾ ਕਿ ਬਾਬਾ ਜੀ ਇਹਨਾਂ ਵਿੱਚੋਂ ਇੱਕ ਨਾਮ ਚੁਣ ਕੇ ਦੱਸਣਗੇ। ਬਾਬਾ ਜੀ ਨੇ ਨਾਮ ਚੁਣ ਦਿੱਤਾ ਤੇ ਸਾਇਲ ਨੂੰ ਕਹਿ ਦਿੱਤਾ ਕਿ ਬੱਸ ਹੁਣ ਤੂੰ ਅਪੀਲ ਵਿੱਚ ਜਿੱਤ ਜਾਵੇਂਗਾ। ਉਸ ਬੰਦੇ ਨੇ ਅਪੀਲੀ ਅਦਾਲਤ ਦੇ ਵਕੀਲ ਨਾਲ ਕੇਸ ਦੇ ਸੰਬੰਧ ਵਿੱਚ ਮੇਰੀ ਗੱਲ ਵੀ ਕਰਵਾਈ। ਦੋ ਦਿਨ ਬਾਅਦ ਅਪੀਲੀ ਅਦਾਲਤ ਦੇ ਵਕੀਲ ਦਾ ਮੈਂਨੂੰ ਫੋਨ ਆਇਆ ਕਿ ਇਸ ਕੇਸ ਵਿੱਚ ਲਿਖਾਉਣ ਨੂੰ ਵੀ ਕੁਝ ਨਹੀਂ। ਕਾਨੂੰਨੀ ਸਥਿਤੀ ਬੇਹੱਦ ਮਾੜੀ ਹੈ। ਮੈਂ ਉਸ ਬੰਦੇ ਨੂੰ ਸਮਝਾਉਣ ਦੀ ਵੀ ਨਾਕਾਮ ਕੋਸ਼ਿਸ਼ ਕੀਤੀ ਕਿ ਅਜਿਹੇ ਸਾਧਾਂ ਦੀ ਅੱਖ ਤੁਹਾਡੇ ਚੜਾਵੇ ‘ਤੇ ਹੁੰਦੀ ਹੈ ਪਰ ਆਖਿਰ ਤੱਕ ਉਸ ਨੂੰ ਵਿਸ਼ਵਾਸ ਸਾਧ ਉੱਤੇ ਹੀ ਰਿਹਾ।

ਮੇਰੇ ਖਿਆਲ ਵਿੱਚ ਉਸ ਬੰਦੇ ਦਾ ਸਾਧ ਨੇ ਬਹੁਤ ਨੁਕਸਾਨ ਕੀਤਾ। ਇਕਰਾਰਨਾਮੇ ਤੋਂ ਮੁਕਰਨ ਦੀ ਉਸ ਨੂੰ ਸਾਧ ਨੇ ਹੀ ਪੱਟੀ ਪੜਾਈ ਸੀ, ਕੇਸ ਜਿਤਾਉਣ ਦੀ ਗਰੰਟੀ ਵੀ ਸਾਧ ਨੇ ਲਈ ਸੀ। ਕਿੰਨਾ ਹੀ ਆਰਥਿਕ ਤੇ ਭਾਈਚਾਰਕ ਨੁਕਸਾਨ ਉਸ ਸਾਧ ਨੇ ਕਰਾਇਆ। ਅਪੀਲ ਖਾਰਜ ਹੋਣ ਤੋਂ ਬਾਅਦ ਵੀ ਉਸ ਬੰਦੇ ਦੀਆਂ ਅੱਖਾਂ ਨਹੀਂ ਖੁੱਲੀਆਂ, ਅੱਜ ਵੀ ਉਸ ਨੂੰ ਸਾਧ ਉੱਤੇ ਪੂਰਾ ਵਿਸ਼ਵਾਸ ਹੈ ਕਿ ਜੇ ਮੈਂ ਹੇਠਲੀ ਅਦਾਲਤ ਵਿੱਚ ਉਸਦਾ ਕੇਸ ਝਗੜਦਾ ਤਾਂ ਉਹ ਕੇਸ ਹਾਰਨਾ ਨਹੀਂ ਸੀ।

**ਸਤਪਾਲ ਸਿੰਘ ਦਿਓਲ**

## ਮੁਸਲਿਮ ਭਾਈਚਾਰੇ ਦਾ ਕਤਲੇਆਮ ਇਕ ਸੋਚੀ ਸਮਝੀ ਯੋਜਨਾ

ਕੀ ਕਿਸੇ ਸੂਝਵਾਨ ਮਨੁਖ ਨੂੰ ਅਜੇ ਵੀ ਰਤੀ ਭਰ ਸ਼ਕ ਹੈ ਕਿ ਦਿੱਲੀ ਵਿਚ 25-26-27 ਫਰਵਰੀ ਨੂੰ ਹੋਇਆ ਮੁਸਲਿਮ ਭਾਈਚਾਰੇ ਦਾ ਕਤਲੇਆਮ ਬਾਕਾਇਦਾ ਇਕ ਸੋਚੀ ਸਮਝੀ ਯੋਜਨਾ ਅਧੀਨ ਕੀਤਾ ਗਿਆ ਹੈ। ਨਰੇਂਦਰ ਮੋਦੀ, ਅਮਿਤ ਸ਼ਾਹ ਤੇ ਅਜੀਤ ਡੋਵਾਲ ਇਸ ਯੋਜਨਾ ਦੇ ਘਾੜੇ ਹਨ। ਇਸ ਤ੍ਰਿਕੜੀ ਦੀ ਸਹਿਮਤੀ ਤੋਂ ਬਗੈਰ ਕੀ ਪੁਲਿਸ ਅਤੇ ਅਦਾਲਤਾਂ ਨੂੰ ਇਸ ਤਰਾਂ ਸ਼ਰੇਆਮ ਆਪਣੇ ਹਕ ਵਿਚ ਵਰਤਿਆ ਜਾ ਸਕਦਾ ਹੈ ? ਜਿਵੇਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਭਾਰਤ ਯਾਤਰਾ ਨੂੰ ਇਸ ਕਤਲੇਆਮ ਲਈ ਇਕ ਓਹਲੇ ਵਜੋਂ ਵਰਤਿਆ ਗਿਆ ਹੈ, ਕੀ ਉਸ ਤੋਂ ਸਪਸ਼ਟ ਨਹੀਂ ਕਿ ਇਸ ਕਤਲੇਆਮ ਦੀ ਯੋਜਨਾ ਨੂੰ ਕਈ ਦਿਨ ਪਹਿਲਾ ਅੰਤਿਮ ਰੂਪ ਦੇ ਦਿਤਾ ਗਿਆ ਸੀ ? ਕੁਝ ਰਾਜਸੀ ਆਗੂਆਂ ਅਤੇ ਪਤਰਕਾਰਾਂ ਨੇ ਇਸ ਕਤਲੇਆਮ ਦੀ ਨਵੰਬਰ 1984 ਦੇ ਸਿਖ ਕਤਲੇਆਮ ਨਾਲ ਤੁਲਨਾ ਕੀਤੀ ਹੈ। ਪਰ ਉਦੋਂ ਘਟੋਘਟ ਰਾਜੀਵ ਗਾਂਧੀ ਕੋਲ ਇਹ ਬਹਾਨਾ ਤਾਂ ਸੀ ਕਿ ਸਿਖਾਂ ਨੇ ਉਸ ਦੀ ਮਾਂ ਤੇ ਦੇਸ ਦੀ ਪ੍ਰਧਾਨ ਮੰਤਰੀ ਮਾਰੀ ਹੈ ਤੇ ਸਿਖਾਂ ਦਾ ਹੋਇਆ ਕਤਲੇਆਮ ਲੋਕਾਂ ਦੇ ਮਨਾਂ ਵਿਚ ਪੈਦਾ ਹੋਏ ਰੋਸ ਦਾ ਸਿਟਾ ਹੈ। ਜਿਸ ਨੂੰ ਉਸ ਨੇ ਇਹ ਕਹਿ ਕੇ ਜਾਇਜ ਠਹਿਰਾਇਆ ਸੀ ਕਿ ਜਦੋਂ ਕੋਈ ਵਡਾ ਦਰਖਤ ਡਿਗਦਾ ਹੈ ਤਾਂ ਧਰਤੀ ਹਿਲਦੀ ਹੈ। ਗੁਜਰਾਤ 2002 ਦੇ ਮੁਸਲਿਮ ਕਤਲੇਆਮ ਲਈ ਵੀ ਅਯੋਧਿਆ ਤੋਂ ਆ ਰਹੇ ਕਾਰਸੇਵਕਾਂ ਨੂੰ ਗੋਧਰਾ ਵਿਖੇ ਗੱਡੀ ਵਿਚ ਸਾੜਣ ਦਾ ਬਹਾਨਾ ਬਣਾਇਆ ਗਿਆ ਸੀ। ਪਰ ਹੁਣ ਤਾਂ ਅਜਿਹਾ ਕੋਈ ਬਹਾਨਾ ਵੀ ਨਹੀਂ ਸੀ। ਫਿਰ ਸੋਚਣ ਵਾਲੀ ਗੱਲ ਹੈ ਕਿ ਇਹ ਕਤਲੇਆਮ ਕਿਉਂ ਹੋਇਆ ?

ਇਸ ਕਤਲੇਆਮ ਦੇ ਫੌਰੀ ਦੋ ਕਾਰਨ ਤਾਂ ਬੜੇ ਸਪਸ਼ਟ ਹਨ। ਪਹਿਲਾ, ਕਿ ਸ਼ਹੀਨ ਬਾਗ ਦੇ ਸ਼ਾਂਤਮਈ ਤੇ ਲਗਾਤਾਰ ਚਲ ਰਹੇ ਧਰਨੇ ਨੇ ਦੇਸ ਭਰ ਦੇ ਮੁਸਲਿਮ ਮਨਾਂ ਵਿਚ ਸੀ. ਏ. ਏ., ਐਨ ਪੀ. ਆਰ. ਤੇ ਐਨ. ਸੀ ਆਰ. ਦੇ ਪ੍ਰਚਾਰ ਕਾਰਨ ਬਣੀ ਦਹਿਸ਼ਤ ਨੂੰ ਇਕ ਹਦ ਤਕ ਤੋੜਿਆ ਸੀ ਅਤੇ ਉਨਾਂ ਨੂੰ ਆਸ ਬਝੀ ਸੀ ਕਿ ਸ਼ਾਇਦ ਅਜਿਹੀ ਲਾਮਬੰਦੀ ਨਾਲ ਉਨਾਂ ਨੂੰ ਕੋਈ ਰਾਹਤ ਮਿਲ ਜਾਏ। ਦੂਜਾ, ਬੇਬਹਾ ਪੈਸਾ ਖਰਚਣ ਅਤੇ ਸਾਰਾ ਪੁਠਾ-ਸਿਧਾ ਟਿੱਲ ਲਾਉਣ ਦੇ ਬਾਵਜੂਦ ਦਿੱਲੀ ਵਿਚ ਕੇਜਰੀਵਾਲ ਦੀ ਅਗਵਾਈ ਹੇਠ ਹੋਈ ਆਪ ਦੀ ਜਿਤ ਨੇ ਇਸ ਤ੍ਰਿਕੜੀ ਦੇ ਪੈਰਾਂ ਹੇਠੋਂ ਸਾਰੀ ਸਿਆਸੀ ਜਮੀਨ ਖਿਚ ਲਈ ਸੀ। ਦੇਸ ਦੀ ਰਾਜਧਾਨੀ ਵਿਚ ਆਪ ਦੀ ਹੋਈ ਇਸ ਜਿਤ ਨੇ ਤ੍ਰਿਕੜੀ ਕੋਲੋ ਦੇਸ ਉਤੇ ਰਾਜ ਕਰਨ ਦਾ ਇਖਲਾਕੀ ਹਕ ਖੋਹ ਲਿਆ ਸੀ। ਸਾਰੇ ਰਾਜਸੀ ਮਾਹਿਰਾਂ ਨੂੰ ਸਪਸ਼ਟ ਹੋ ਗਿਆ ਸੀ ਕਿ ਦਰਅਸਲ ਇਹ ਕੇਜਰੀਵਾਲ ਦੀ ਜਿਤ ਨਹੀਂ ਬਲਕਿ ਇਸ ਬੇਸ਼ਰਮ ਤ੍ਰਿਕੜੀ ਦੀ ਹੋਈ ਹਾਰ ਹੈ। ਇਸ ਵਹਿਸ਼ੀ ਕਤਲੇਆਮ ਨੇ ਇਕ ਵਾਰ ਫਿਰ ਦੇਸ ਭਰ ਦੇ ਮੁਸਲਿਮ ਮਨਾਂ ਵਿਚ ਇਹ ਦਹਿਸ਼ਤ ਭਰ ਦਿਤੀ ਹੈ ਕਿ ਜੇ ਦੇਸ ਦੀ ਰਾਜਧਾਨੀ ਵਿਚ ਦਿਨ-ਦਿਹਾੜੇ ਪੁਲਿਸ ਦੀ ਮੌਜੂਦਗੀ ਵਿਚ ਤਿੰਨ ਦਿਨ ਉਨਾਂ ਨਾਲ ਅਜਿਹਾ ਕੁਝ ਵਾਪਰ ਸਕਦਾ ਹੈ ਤਾਂ ਫਿਰ ਉਹ ਦੇਸ ਭਰ ਵਿਚ ਕਿਤੇ ਵੀ ਸੁਰਖਿਅਤ ਨਹੀਂ ਹਨ। ਦੂਜਾ, ਆਮ ਲੋਕਾਂ ਨੂੰ ਆਪ ਦੀ ਹੋਈ ਇਸ ‘ਬੇਮਿਸਾਲ’ ਜਿਤ ਦੀ ਔਕਾਤ ਪਤਾ ਲਗ ਗਈ ਹੈ। ਕੇਜਰੀਵਾਲ ਵਲੋਂ ਕਨਈਆ ਕੁਮਾਰ ਵਿਰੁਧ ਦੇਸਦ੍ਰੋਹ ਦਾ ਮੁਕਦਮਾ ਦਰਜ ਕਰਨ ਦੀ ਦਿਤੀ ਗਈ ਪ੍ਰਵਾਨਗੀ, ਉਸਦੀ ਇਸੇ ਰਾਜਸੀ ਔਕਾਤ ਨੂੰ ਨਸ਼ਰ ਕਰਦੀ ਹੈ। ਇਸ ਕਤਲੇਆਮ ਰਾਹੀਂ ਤ੍ਰਿਕੜੀ ਨੇ ਆਪਣੇ ਹਮਾਇਤੀਆਂ ਨੂੰ ਇਹ ਸੁਨੇਹਾ ਵੀ ਪੁਚਾ ਦਿਤਾ ਹੈ ਕਿ ਉਹ ਅਜਿਹੀਆਂ ਜਿਤਾਂ-ਹਾਰਾਂ ਦੀ ਪ੍ਰਵਾਹ ਨਾ ਕਰਨ। ਦਿੱਲੀ ਉਤੇ ਰਾਜ ਕਰਨ ਲਈ ਹਰ ਵਹਿਸ਼ੀ ਹਰਬਾ ਵਰਤਿਆ ਜਾਏਗਾ। ਇਹੀ ਸਾਮਰਾਜੀ ਫਾਸ਼ੀਵਾਦ ਹੈ। ਇਹ ਉਨਾਂ ਲੋਕਾਂ ਨੂੰ ਵੀ ਇਕ ਚੇਤਾਵਨੀ ਹੈ, ਜਿਹੜੇ ਦਿਲੀ ਵਿਚ ਆਪ ਦੀ ਇਸ ਜਿਤ ਨਾਲ ਆਸਵੰਦ ਹੋਏ ਸਨ ਕਿ ਸ਼ਾਇਦ ਹੁਣ ਚੋਣਾਂ ਰਾਹੀਂ ਦੇਸ ਭਰ ਦੇ ਲੋਕਾਂ ਦਾ ਇਸ ਫਾਸ਼ੀਵਾਦ ਤੋਂ ਖਹਿੜਾ ਛੁਟ ਜਾਏ। ਇਥੇ ਇਹ ਸਚਾਈ ਹਮੇਸ਼ਾਂ ਧਿਆਨ ਵਿਚ ਰਹਿਣੀ ਚਾਹੀਦੀ ਹੈ ਕਿ ਇਹ ਫਾਸ਼ੀਵਾਦ ਕੋਈ ਹਵਾ ਵਿਚੋਂ ਪ੍ਰਗਟ ਨਹੀਂ ਹੋਇਆ ਬਲਕਿ ਮੌਜੂਦਾ ਸਾਮਰਾਜੀ ਗਿਣਤੀਆ-ਮਿਣਤੀਆ ਤਹਿਤ ਭਾਰਤੀ ਹਾਕਮ ਜਮਾਤ ਦੀ ਲੋੜ ਵਿਚੋਂ ਤਾਕਤ ਵਿਚ ਆਇਆ ਹੈ। ਇਹ ਵੀ ਯਾਦ ਰਖਣਾ ਚਾਹੀਦਾ ਹੈ ਕਿ ਹਿਟਲਰ ਆਪਣੇ ਵੇਲੇ ਦੇ ਜਰਮਨੀ ਦੀਆਂ ਸਾਮਰਾਜੀ ਲੋੜਾਂ ਵਿਚੋਂ ਪੈਦਾ ਹੋਇਆ ਸੀ।

**ਗੁਰਬਚਨ ਸਿੰਘ ਦੇਸ ਪੰਜਾਬ**

## ਸਿੱਖਾਂ ਦੇ ਪਹਿਲੇ ਤੇ ਆਖਰੀ..

ਮੈਨੂੰ ਤਾਂ ਮੋਰਾਂ ਨਾਚੀ ਨਾਲ ਸਬੰਧਾਂ ਜਾਂ ਵਿਆਹ ਕਰਵਾਉਣ ਵਾਲੀ ਗੱਲ ਵੀ ਅੰਗਰੇਜ਼ਾਂ ਵੇਲੇ ਪ੍ਰਚੱਲਤ ਕੀਤੀ ਲੱਗਦੀ ਹੈ ਜਿਵੇਂ ਸਾਡੇ ਹੀ ਪ੍ਰਚਾਰਕਾਂ ਕੋਲੋਂ ਅੰਗਰੇਜ਼ਾਂ ਨੇ ਇਹ ਅਫਵਾਹ ਉਡਵਾਈ ਕਿ, 'ਗੁਰੂ ਤੇਗ ਬਹਾਦਰ ਜੀ ਲਾਲ ਕਿਲੇ ਦੀ ਛੱਤ ਤੇ ਖੜ ਕੇ ਦੂਰ ਨਜ਼ਰ ਮਾਰ ਕੇ ਵੇਖਦੇ ਸਨ ਕਿ ਮੇਰੇ ਟੋਪੀ ਵਾਲੇ ਸਿੱਖ ਆ ਕੇ ਮੁਗਲੀਆ ਸਲਤਨਤ ਦਾ ਖਾਤਮਾ ਕਰਨਗੇ। ਕਿਉਂਕਿ ਜਿਹੜਾ ਰਾਜਾ ਗਿਆਨੀ ਗਿਆਨ ਸਿੰਘ ਤੋਂ ਸੁਬਹ ਸਵੇਰੇ ਉਠ ਕੇ ਹਰ ਰੋਜ ਅੱਧਾ ਸੁਖਮਨੀ ਬਾਣੀ ਦਾ ਪਾਠ ਸੁਣਨ ਦਾ ਆਦੀ ਹੋਵੇ ਉਹ ਜਰੂਰ ਸ਼ਾਮ ਨੂੰ ਜਲਦੀ ਸੌਵੇਗਾ। ਬਾਬਾ ਪ੍ਰੇਮ ਸਿੰਘ ਹੋਤੀ ਜੀ ਆਪਣੀ ਕਿਤਾਬ ਵਿਚ ਲਿਖਦੇ ਹਨ ਕਿ ਦਰਬਾਰੀਆਂ ਨੇ ਕਈ ਵਾਰੀ ਰਾਜੇ ਨੂੰ ਆਪਣੇ ਮਹਿਲਾਂ ਵਿਚ ਅੰਮ੍ਰਿਤਸਰ ਵੱਲ ਮੂੰਹ ਕਰਕੇ ਧਰਤੀ ਤੇ ਬੈਠਿਆਂ, ਜਿੱਥੇ ਘਾਹ ਲਗਾਇਆ ਹੋਇਆ ਸੀ, ਰੋ ਰੋ ਕੇ ਅਰਦਾਸਾਂ ਕਰਦਿਆਂ ਦੇਖਿਆ ਸੀ, 'ਧੰਨ ਗੁਰੂ ਰਾਮਦਾਸ ਜੀ ਆਪਣੇ ਸੇਵਕ ਦੇ ਸਿਰ ਤੇ ਮਿਹਰ ਭਰਿਆ ਹੱਥ ਰੱਖਣਾ ਕਿਤੇ ਮੇਰੇ ਕੋਲੋਂ ਕੋਈ ਗਲਤੀ ਨਾ ਹੋ ਜਾਵੇ। ਐਸੇ ਰਾਜੇ ਦੇ ਰਾਜ-ਮਹਿਲਾਂ ਵਿਚ ਗੁਲੂ ਮਾਸ਼ਕੀ ਦੀ ਹਿੰਮਤ ਹੋ ਸਕਦੀ ਹੈ ਕਿ ਉਹ ਕਿਸੇ ਰਾਣੀ ਨਾਲ ਸੰਬੰਧ ਪੈਦਾ ਕਰ ਸਕੇ? ਬਲਦੇਵ ਸਿੰਘ ਸੜਕਨਾਮਾ ਵਾਲੇ ਨੇ ਆਪਣੀ ਕਿਤਾਬ, ਸੂਰਜ ਦੀ ਅੱਖ ਵਿਚ ਜੋ ਕੜੀ ਘੋਲੀ ਹੈ ਉਹ ਬਰਦਾਸ਼ਤੇ-ਕਾਬਿਲ ਨਹੀਂ। ਬਲਦੇਵ ਸਿੰਘ ਲਿਖਦਾ ਹੈ, ਸਿੱਖਾਂ ਦੇ ਮੂੰਹ ਨੂੰ ਰਾਜ ਕਰਨ ਦਾ ਲਹੂ ਲੱਗ ਚੁਕਿਆ ਸੀ, ਰਾਜੇ ਦਾ ਇਕ ਲੜਕਾ ਗੁਲੂ ਮਾਸਕੀ ਦਾ ਸੀ, ਰਾਜੇ ਰਣਜੀਤ ਸਿੰਘ ਨੇ ਇਕੱਲੀ ਮੋਰਾਂ ਨਾਚੀ ਨਾਲ ਹੀ ਨਿਕਾਹ ਨਹੀਂ ਕਰਵਾਇਆ ਸਗੋਂ ਚਾਰ ਪੰਜ ਹੋਰ ਮੁਸਲਮਾਨਣੀਆਂ ਨਾਲ ਵੀ ਨਿਕਾਹ ਕਰਾਏ ਸਨ। ਇਸ ਬਲਦੇਵ ਸਿੰਘ ਨੂੰ ਰਾਜੇ ਦਾ ਇਕ ਵੀ ਚੰਗਾ ਕੰਮ ਨਹੀਂ ਦਿਸਿਆ। ਜੇਕਰ ਇਸਨੂੰ ਰਾਜਾ ਦਿਸਿਆ ਤਾਂ ਅਯਾਸ਼ੀ ਕਰਦਾ ਹੀ ਦਿਸਿਆ। ਇਸ ਨੂੰ ਰਾਜੇ ਦੇ ਖਾਲਸਾ ਰਾਜ ਦਾ ਸੁਪਰ ਪਾਵਰ ਹੋਣਾ ਨਹੀਂ ਦਿਸਿਆ, ਉਸ ਵੇਲੇ ਅਮਰੀਕੀ 1.75 ਡਾਲਰ (ਪੌਣੇ ਦੋ ਡਾਲਰ) ਦੇ ਬਰਾਬਰ ਇਕ ਰੁਪੱਈਏ ਦਾ ਹੋਣਾ ਨਹੀਂ ਦਿਸਿਆ। ਘੁੱਗ ਵੱਸਦਾ ਪੰਜਾਬ ਨਹੀਂ ਦਿਸਿਆ ਪਰ ਕੁੱਝ ਅੰਗਰੇਜ਼ਾਂ ਦੀਆਂ ਕਿਤਾਬਾਂ ਦੇ ਵਿਚੋਂ ਰੈਫਰੈਂਸ ਲੈ ਕੇ ਇਸਨੇ ਰਾਜੇ ਰਣਜੀਤ ਸਿੰਘ ਦੀ ਦੂਜੀ ਅੱਖ ਤੇ ਵੀ ਮਿੱਟੀ ਮਲ ਦਿੱਤੀ ਜੋ ਬਹੁਤ ਹੀ ਨਿੰਦਣ ਯੋਗ ਹੈ।

ਬਲਦੇਵ ਸਿੰਘ ਜਿਹੜੇ ਅੰਗਰੇਜ਼ਾਂ ਨੇ ਖਾਲਸਾ ਰਾਜ ਨੂੰ ਹਥਿਆਉਣ ਲਈ ਡੋਗਰੇ ਖਰੀਦੇ, ਹੋਰ ਚੋਰ ਮੋਰੀਆਂ ਪੈਦਾ ਕੀਤੀਆਂ ਅਤੇ ਡਰਦੇ ਮਾਰੇ ਮਹਾਂਰਾਜੇ ਦੀ ਮੌਤ ਦੀ ਉਡੀਕ ਕਰਨ ਲੱਗੇ ਅੱਜ ਨਾ ਹੀ ਅੰਗਰੇਜ਼ਾਂ ਦੇ ਬੀ.ਬੀ.ਸੀ. ਦੇ ਸਰਵੇ ਦੀ ਰੀਪੋਰਟ ਵਿਚ ਮਹਾਂਰਾਜੇ ਰਣਜੀਤ ਸਿੰਘ ਨੂੰ ਉਨਵੀ ਸਦੀ ਦਾ ਸਰਬੋਤਮ ਰਾਜਾ ਐਲਾਨਿਆ ਗਿਆ ਹੈ। ਤੁਹਾਡੀ ਕਿਤਾਬ ਠੀਕ ਹੈ ਜਾਂ ਬੀ.ਬੀ. ਸੀ? ਭਾਵੇਂ ਉਹ ਅੱਖਰੀ ਗਿਆਨ ਤੋਂ ਕੋਰਾ ਸੀ ਪਰ ਫਿਰ ਵੀ ਉਹ ਬਹੁਤ ਹੀ ਸਿਆਣਾ ਤੇ ਸਮਝਦਾਰ ਰਾਜਾ ਸੀ। ਗਿਆਨ ਸਿਰਫ ਅੱਖਰਾਂ ਰਾਹੀਂ ਹੀ ਨਹੀਂ ਪ੍ਰਾਪਤ ਕੀਤਾ ਜਾਂਦਾ ਸਗੋਂ ਕੰਨਾਂ ਨਾਲ ਸੁਣ ਕੇ ਵੀ ਪ੍ਰਾਪਤ ਕੀਤਾ ਜਾਂਦਾ ਹੈ। ਬਾਦਸ਼ਾਹ ਅਕਬਰ ਵੀ ਇਸੇ ਨਸਲ ਦਾ ਰਾਜਾ ਸੀ। ਉਹ ਵੀ ਗਿਆਨ-ਗੋਸ਼ਟੀਆਂ ਕਰਵਾਉਂਦਾ, ਸੁਣਦਾ ਤੇ ਗਿਆਨ ਪ੍ਰਾਪਤ ਕਰਦਾ ਸੀ।

## ਸਤਲੁਜ ਦੇ ਹਮਸਫ਼ਰ...

ਖੈਰ, ਉਨ੍ਹਾਂ ਨੇ ਤਾਂ ਆਤਮ ਸਮਰਪਣ ਕੀਤਾ ਦਿੱਲੀ ਅਸੈਂਬਲੀ ਵਿੱਚ 8.4.1929 ਨੂੰ ਬੀ.ਕੇ. ਦੱਤ ਨਾਲ, ਪਰ ਫਿਲਮ ਦੇ ਭੂਤ ਨੇ ਇਨ੍ਹਾਂ ਨੂੰ ਸਾਂਡਰਸ ਦੇ ਕਤਲ ਤੋਂ ਐਨ ਪਹਿਲਾਂ ਭਾਵ 17.12.1928 ਦੀ ਪਿਛਲੀ ਰਾਤ 'ਕਾਕੋਰੀ ਡੇਅ' ਸਮਾਗਮ ਤੋਂ ਪਰਤਦੇ ਹੋਏ 'ਟੌਮ ਕਾਕਾ ਕੀ ਕੁਟੀਆ' ਵੇਖਣ ਦੀ ਐਨੀ ਜ਼ਬਰਦਸਤ ਤਲਬ ਹੋਈ ਕਿ ਸਾਥੀ ਭਗਵਾਨ ਦਾਸ ਲਾਹੌਰ ਤੋਂ ਜ਼ਬਰਦਸਤੀ ਰਾਤ ਦੇ ਖਾਣੇ ਲਈ ਦਿੱਤੀਆਂ ਚੁਆਨੀਆਂ ਖੋਹ ਕੇ ਸਿਨੇਮਾ ਹਾਲ ਜਾ ਕੇ ਫਿਲਮ ਦੀ ਟਿਕਟ ਖਰੀਦੀ ਤੇ ਫਿਲਮ ਦੇਖਣ ਉਪਰੰਤ ਹੀ ਰਾਤੀ ਨੀਂਦ ਆਈ।

ਬਾਕੀ ਰਹੀ ਗੱਲ ਸੁਖਦੇਵ ਹੋਰਾਂ ਦੀ ਪਤਾ ਨਹੀਂ ਕਿਸੇ ਕਾਰਨ ਇਨ੍ਹਾਂ ਬਾਰੇ ਕੋਈ ਅਜਿਹੀ ਭਵਿੱਖਬਾਣੀ ਨਹੀਂ ਸੀ ਕੀਤੀ ਗਈ ਸ਼ਾਂ ਭਗਤ ਸਿੰਘ ਨੇ ਆਜ਼ਾਦ ਨੂੰ ਹਾਸੀ-ਮਜ਼ਾਕ ਕਰਦੇ ਹੋਏ ਕਿਹਾ, "ਪੰਡਤ ਜੀ! ਫੜੇ ਜਾਣ 'ਤੇ ਤੁਹਾਡੇ ਲਈ ਦੋ ਰੱਸਿਆਂ ਦੀ ਲੋੜ ਪਵੇਗੀ।"ਤਾਂ ਆਜ਼ਾਦ ਕਹਿਣ ਲੱਗੇ, "ਦੇਖ ਫਾਂਸੀ ਜਾਣ ਦਾ ਸ਼ੌਕ ਮੈਨੂੰ ਨਹੀਂ ਹੈ। ਉਹ ਤੈਨੂੰ ਮੁਬਾਰਕ ਹੋਵੇ, ਰੱਸਾ-ਫੱਸਾ ਤੇਰੇ ਗਲੇ ਲਈ ਹੈ। ਜਦ ਤੱਕ ਇਹ 'ਬਮਤੁਲ ਬੁਖਾਰਾ' (ਮਾਉਜ਼ਰ) ਮੇਰੇ ਕੋਲ ਹੈ, ਕਿਸ ਨੇ ਮਾਂ ਦਾ ਦੁੱਧ ਪੀਤਾ ਹੈ, ਜੋ ਮੈਨੂੰ ਜਿੰਦੇ ਨੂੰ ਫੜ ਲੈ ਜਾਏ।"

ਆਗਰੇ ਆਪਣੇ ਨਿਵਾਸ ਦੌਰਾਨ ਸਾਰੇ ਹੀ ਕਦੇ-ਕਦੇ ਸ਼ਾਮੀਂ ਸੈਰ-ਸਪਾਟੇ ਲਈ ਤਾਜ ਮਹਿਲ ਜਾਂਦੇ ਸਨ। ਇਕ ਦਿਨ ਰਾਜਗੁਰੂ ਉੱਥੋਂ ਜਦੋਂ ਪਰਤੇ ਤਾਂ ਉਨ੍ਹਾਂ ਨੂੰ ਸ਼ਾਇਰੀ ਦਾ ਦੌਰਾ ਪੈ ਗਿਆ ਤੇ ਕਾਗਜ਼ ਪੈਨਸਿਲ ਲੈ ਕੇ ਇਕ ਸ਼ੇਅਰ ਲਿਖ ਮਾਰਿਆ:

"ਅਬ ਤੱਕ ਨਹੀਂ ਮਾਲੂਮ ਥਾ ਇਸ਼ਕ ਕਿਆ ਚੀਜ਼ ਹੈ,
ਰੋਜ਼ੇ ਕੋ ਦੇਖ ਕਰ ਮੇਰੇ ਭੀ ਇਸ਼ਕ ਨੇ ਬਲਵਾ ਕਿਆ।"

ਵਿਜੇ ਕੁਮਾਰ ਸਿਨਹਾ ਤਾਂ 'ਇਸ਼ਕ ਨੇ ਬਲਵਾ ਕਿਆ, ਇਸ਼ਕ ਨੇ ਬਲਵਾ ਕਿਆ' ਚੀਖਦਿਆਂ ਉਛਲ ਪਏ ਤੇ ਦੱਤ ਇਨ੍ਹਾਂ ਦਾ ਮੂੰਹ ਦੇਖਦੇ ਰਹਿ ਗਏ। ਭਗਤ ਸਿੰਘ ਨੇ ਆਪਣੀ ਜੇਬ ਵਿੱਚੋਂ ਪਿਸਤੌਲ ਕੱਢਿਆ ਅਤੇ ਨਾਲੀ ਵੱਲ ਤੋਂ ਇਸ ਨੂੰ ਫੜ ਕੇ ਰਾਜ ਗੁਰੂ ਵੱਲ ਵਧਾ ਕੇ ਬੋਲੇ, "ਤੂੰ ਮੈਨੂੰ ਜੀਉਂਦਾ ਨਹੀਂ ਰਹਿਣ ਦੇਣਾ ਤਾਂ ਲੈ ਮਾਰਦੇ, ਨਹੀਂ ਤਾਂ ਇਹ ਵਾਅਦਾ ਕਰ ਕਿ ਫਿਰ ਕਦੀ ਸ਼ੇਰ, ਚੀਤਾ, ਭੇੜੀਆ, ਕੁੱਤਾ ਕੁਝ ਨਹੀਂ ਬਣਾਏਂਗਾ।" ਵਿਚਾਰੇ ਰਾਜ ਗੁਰੂ ਦੰਗ ਰਹਿ ਗਏ। ਫਿਰ ਸ਼ਾਇਦ ਹੀ ਉਨ੍ਹਾਂ ਕਦੇ ਹਿੰਦੀ ਜਾਂ ਹਿੰਦੁਸਤਾਨੀ ਵਿੱਚ ਕਾਵਿ ਰਚਨਾ ਰਚੀ ਹੋਵੇ, ਮਰਾਠੀ ਦੀ ਰਾਮ ਜਾਣੇ। ਉੱਧਰ ਸੁਖਦੇਵ ਤੇ ਉਸ ਦੇ ਲੰਗੋਟੀਏ ਯਾਰ ਭਗਤ ਸਿੰਘ ਇਨ੍ਹਾਂ ਦਾ ਮੁੱਖ 'ਸ਼ੁਗਲ' ਲਾਹੌਰ ਦੀ ਪ੍ਰਸਿੱਧ ਦਵਾਰਕਾ ਦਾਸ ਲਾਇਬਰੇਰੀ ਦੇ ਇਨ੍ਹਾਂ ਦੇ ਹਮਉਮਰ ਲਾਇਬਰੇਰੀਅਨ, ਰਾਜਾ ਰਾਮ ਸ਼ਾਸਤਰੀ ਨੂੰ ਛੇੜਨਾ ਤੇ ਤੰਗ ਕਰਨਾ। ਅੱਧੀ ਰਾਤੀਂ ਸ਼ਾਸਤਰੀ ਜੀ ਦੇ ਬਿਲਕੁਲ ਤੰਗ ਜਿਹੇ ਕਮਰੇ ਦਾ ਦਰਵਾਜ਼ਾ ਖੜਕਾਉਣਾ ਤੇ ਦਰਵਾਜ਼ਾ ਖੁੱਲ੍ਹਣ 'ਤੇ ਬੂਟ ਜੁੱਤੀ ਲਾਹ ਕੇ ਮੇਜ਼ਬਾਨ ਦੇ ਬਿਸਤਰੇ 'ਤੇ ਉਹ ਦੇ ਦੋਹੀਂ ਪਾਸੇ ਪਹਿਲੀ ਨਿੱਠ ਕੇ ਬੈਠਣਾ ਤੇ ਫਿਰ ਲੇਟ ਕੇ ਤਦ ਸ਼ਾਸਤਰੀ ਨੇ ਤੰਗ ਆ ਕੇ ਮੰਜਾ ਛੱਡ ਕੇ ਹੇਠਾਂ ਲੇਟ ਜਾਣਾ। ਪ੍ਰਾਹੁਣਿਆਂ ਨੇ ਇਕ-ਦੂਜੇ ਨੂੰ ਮੁਖਾਤਬ ਹੋ ਕੇ ਕਹਿਣਾ, "ਇਸ ਵਿੱਚ ਰੱਤੀ ਵੀ ਸ਼ੱਕ ਨਹੀਂ ਕਿ ਰਾਜਾ ਰਾਮ ਆਪਣੇ ਦੋਸਤਾਂ (ਭਾਵ ਸਾਨੂੰ) ਕਿੰਨਾ ਪਿਆਰ ਕਰਦਾ ਹੈ, ਵਿਚਾਰਾ!" ਰਾਜਾ ਰਾਮ ਨੇ ਅੱਗ ਬਿਗੋਲੇ ਹੋ ਕੇ ਕਹਿਣਾ, "ਵੇਖੋ ਨਾਲੇ ਮੇਰਾ ਮੰਜਾ-ਬਿਸਤਰਾ ਖੋਹ ਲਿਐ ਉੱਤੋਂ ਝੇਡਾ ਕਰਦੇ ਨੇ।" ਐਨੇ ਨੂੰ ਪ੍ਰਾਹੁਣਿਆਂ ਵਿੱਚੋਂ ਇਕ ਨੇ ਕਹਿਣਾ, "ਭਾਈ ਸਮਾਜਵਾਦ ਕਹਿੰਦਾ ਹੈ ਮਿਲ ਕੇ ਆਨੰਦ ਲਵੋ" ਤੇ ਮੰਜਾ ਚੁੱਕ ਕੇ ਤਿੰਨੇ ਹੀ ਥੱਲੇ ਘਰਾੜੇ ਮਾਰਦੇ ਸੌਂ ਜਾਂਦੇ।

ਅਪਰੈਲ 1929 ਵਿੱਚ ਅਸੈਂਬਲੀ ਵਿੱਚ ਧਮਾਕਾ ਕਰਕੇ ਜਦੋਂ ਇਨਕਲਾਬੀ ਪਾਰਟੀ ਨੇ ਵੱਡਾ ਮੋੜ ਕੱਟਣਾ ਸੀ ਤਾਂ ਰਾਜ ਗੁਰੂ ਨੂੰ ਪਤਾ ਲੱਗਾ ਕਿ ਭਗਤ ਸਿੰਘ ਉਹਦੀ ਬਜਾਏ ਦੱਤ ਨੂੰ ਨਾਲ ਲੈ ਜਾ ਰਿਹਾ ਹੈ ਤਾਂ ਉਹਦੀ ਨੀਂਦਰ ਹਰਾਮ ਹੋ ਗਈ ਕਿਉਂਕਿ ਸਾਰਿਆਂ ਨੂੰ ਲੱਗਦਾ ਸੀ ਕਿ ਅਸੈਂਬਲੀ ਕਾਂਡ ਦੇ ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਹੋਵੇਗੀ। ਰਾਜ ਗੁਰੂ ਨੂੰ ਹਮੇਸ਼ਾ ਹੀ ਇਹ ਤੌਖਲਾ ਰਹਿੰਦਾ ਸੀ ਕਿ ਭਗਤ ਸਿੰਘ ਉਸ ਨੂੰ ਦਾਅ ਲਾ ਕੇ ਖੁਦ ਪਹਿਲਾਂ ਫਾਂਸੀ ਚੜ੍ਹ ਜਾਵੇਗਾ। ਸੋ ਉਹ ਭੱਜਾ-ਭੱਜਾ ਆਜ਼ਾਦ ਹੋਰਾਂ ਕੋਲ ਸਿਫਾਰਸ਼ ਪੁਆਉਣ ਲਈ ਪਹੁੰਚਿਆ। ਜਦ ਉਹਨੂੰ ਦੱਸਿਆ ਗਿਆ ਕਿ ਆਤਮ ਸਮਰਪਣ ਉਪਰੰਤ ਅਦਾਲਤੀ ਬਿਆਨ ਅੰਗਰੇਜ਼ੀ ਵਿੱਚ ਹੀ ਦੇਣਾ ਹੈ ਤਾਂ ਰਾਜ ਗੁਰੂ ਨੇ ਜਵਾਬ ਦਿੱਤਾ ਕਿ ਮੈਨੂੰ ਭਾਵੇਂ ਕਿੰਨਾ ਹੀ ਲੰਮਾ ਬਿਆਨ ਅੰਗਰੇਜ਼ੀ ਵਿੱਚ ਲਿਖ ਕੇ ਦੇ ਦਿਉ, ਮੈਂ ਤੋਤੇ ਵਾਂਗ ਰਟ ਲਵਾਂਗਾ, ਪਰ ਫਿਰ ਵੀ 'ਵੇਚਾਰੇ' ਦਾ ਕੰਮ ਨਹੀਂ ਬਣਿਆ। ਇਹ ਵੱਖਰੀ ਗੱਲ ਹੈ ਕਿ ਇਸ ਤੋਂ ਪਹਿਲਾਂ ਭਾਵ 17 ਦਸੰਬਰ, 1928 ਨੂੰ ਸਾਂਡਰਸ ਦੇ ਕਤਲ ਮੌਕੇ ਕਤਲ ਦੀ ਜ਼ਿੰਮੇਵਾਰੀ ਭਗਤ ਸਿੰਘ ਨੂੰ ਸੌਂਪੀ ਗਈ ਸੀ ਤੇ ਰਾਜ ਗੁਰੂ ਨੇ ਕੇਵਲ ਭਗਤ ਸਿੰਘ ਦੀ ਹਿਫਾਜ਼ਤ ਹੀ ਕਰਨੀ ਸੀ, ਪਰ ਭਾਈ ਕਾਹਲਾ ਗੋਲੀ ਚਲਾਉਣੋਂ ਰਹਿ ਨਾ ਸਕਿਆ ਤੇ ਪੈਂਦੀ ਸੱਟੇ ਸਾਂਡਰਸ 'ਤੇ ਗੋਲੀ ਦਾਗ਼ ਦਿੱਤੀ। ਉੱਧਰ ਪਾਰਟੀ ਭਗਤ ਸਿੰਘ ਦੀ ਕੁਰਬਾਨੀ ਦੇਣਾ ਨਹੀਂ ਸੀ ਚਾਹੁੰਦੀ ਤੇ ਸੈਂਟਰਲ ਕਮੇਟੀ ਮੀਟਿੰਗ ਵਿੱਚ ਅਜਿਹਾ ਹੀ ਫੈਸਲਾ ਲਿਆ ਗਿਆ। ਸੁਖਦੇਵ ਉਸ ਮੀਟਿੰਗ ਵਿੱਚ ਹਾਜ਼ਰ ਨਹੀਂ ਸੀ। ਜਦੋਂ ਉਹਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਦਿੱਲੀ ਪਹੁੰਚ ਕੇ ਆਪਣੇ ਜਿਗਰੀ ਦੋਸਤ ਭਗਤ ਸਿੰਘ ਨਾਲ ਮਿਹਣੋ-ਮਿਹਣੀ ਹੋ ਕੇ ਉਸ ਨੂੰ ਮਜਬੂਰ ਕੀਤਾ ਕਿ ਉਹ ਕਮੇਟੀ ਕੋਲੋਂ ਖੁਦ ਨੂੰ ਹੀ ਭੇਜੇ ਜਾਣ ਦੀ ਮੋਹਰ ਲੁਆਏ ਤੇ ਹੋਇਆ ਵੀ ਇੰਜ ਹੀ-ਧੰਨ ਅਜਿਹੀ ਦੋਸਤੀ ਤੇ ਧੰਨ ਅਜਿਹਾ ਸਾਥ! ਸੁਖਦੇਵ ਦਾ ਮੀਰੀ ਗੁਣ ਇਹ ਸੀ ਕਿ ਇਹ ਪਰਿਵਾਰ ਦੇ ਕਰਤਾ-ਧਰਤਾ ਵਾਂਗ ਹਰੇਕ ਸਾਥੀ ਦੀ ਛੋਟੀ-ਵੱਡੀ ਲੋੜ ਨੂੰ ਕਦੇ ਅੱਖੋਂ-ਪਰੋਖੇ ਨਹੀਂ ਸੀ ਕਰਦਾ ਤੇ ਵਸੀਲੇ ਜੁਟਾਉਣ ਦਾ ਧਨੀ ਸੀ, ਜਿਸ ਦੀ ਮੁੱਖ ਮਿਸਾਲ ਹੈ-ਭਗਤ ਸਿੰਘ, ਰਾਜ ਗੁਰੂ ਤੇ ਆਜ਼ਾਦ ਨੂੰ ਲਾਹੌਰੋਂ ਬਾਹਰ ਇੰਜ ਲੈ ਜਾਣਾ ਜਿਵੇਂ ਮੱਖਣ ਵਿੱਚੋਂ ਵਾਲ ਕੱਢੀਦਾ ਹੈ। ਪੈਸੇ ਮੰਗੇ ਦੁਰਗਾ 'ਭਾਬੀ' ਸੁਪਤਨੀ ਭਗਵਤੀ ਚਰਨ ਵੋਹਰਾ ਤੋਂ, ਤੇ ਇਸ ਵੀਰਾਂਗਨਾ ਨੇ ਨਾ ਸਿਰਫ ਆਪਣੀ ਬਲਕਿ ਆਪਣੇ ਤਿੰਨ ਸਾਲਾ ਬੇਟੇ ਦੀ ਜਾਨ ਦੀ ਬਾਜ਼ੀ ਲਾ ਕੇ ਭਗਤ ਸਿੰਘ ਦੀ ਸੁਪਤਨੀ ਦਾ ਡਰਾਮਾ ਖੇਡ ਕੇ 20 ਦਸੰਬਰ, 1928 ਨੂੰ ਰਾਜ ਗੁਰੂ ਸਮੇਤ ਗੱਡੀ ਫੜ ਕੇ ਉਨ੍ਹਾਂ ਨੂੰ ਲਾਹੌਰੋਂ ਬਾਹਰ ਕੱਢਿਆ। ਇਸ ਸਾਰੀ ਯੋਜਨਾ ਪਿੱਛੇ ਸੁਖਦੇਵ ਦਾ ਹੀ ਦਿਮਾਗ ਸੀ। ਉੱਧਰ ਆਜ਼ਾਦ ਨੂੰ ਆਪਣੀ ਮਾਤਾ, ਧਰਮ ਭੈਣ ਤੇ (ਪੰਡਤ) ਕਿਸ਼ੋਰੀ ਲਾਲ ਸਮੇਤ 25 ਦਸੰਬਰ, 1928 ਨੂੰ ਮਥੁਰਾ ਭੇਜ ਦਿੱਤਾ। ਸੁਖਦੇਵ ਤੇ ਜਥੇਬੰਦਕ ਦੇ ਤੌਰ 'ਤੇ ਲਾਹੌਰ ਸਾਜ਼ਿਸ਼ ਕੇਸ ਦੇ ਜੱਜਾਂ ਨੇ ਇਹ ਟਿੱਪਣੀ ਕੀਤੀ ਸੀ ਕਿ ਸਾਜ਼ਿਸ਼ ਦਾ ਦਿਮਾਗ ਇਹੀ ਸੀ ਤੇ ਭਗਤ ਸਿੰਘ ਇਸ ਦੀ ਸੱਜੀ ਬਾਂਹ ਵਾਂਗ ਸੀ।

ਸੁਖਦੇਵ ਦੀ ਗ੍ਰਿਫ਼ਤਾਰੀ 15 ਅਪਰੈਲ, 1929 ਨੂੰ ਲਾਹੌਰ ਦੀ ਕਸ਼ਮੀਰ ਬਿਲਡਿੰਗ 'ਚ ਸਥਿਤ 'ਬੰਬ ਫੈਕਟਰੀ' ਤੋਂ ਹੋਈ ਸੀ ਕਿਉਂਕਿ ਅਲਮਾਰੀ ਵਿੱਚ ਇਕ 'ਲਾਈਵ ਬੰਬ' ਪਿਆ ਹੋਇਆ ਸੀ। ਇਸ ਨੇ ਸੂਝ-ਬੂਝ ਤੋਂ ਕੰਮ ਲੈਂਦਿਆਂ ਪੁਲੀਸ ਪਾਰਟੀ ਨੂੰ ਇਸ ਬਾਰੇ ਸੁਚੇਤ ਕਰ ਦਿੱਤਾ ਸੀ। ਗ੍ਰਿਫ਼ਤਾਰੀ ਪਿੱਛੋਂ ਜੇਲ੍ਹ ਜੀਵਨ ਦੌਰਾਨ ਇਸ ਜਥੇਬੰਦੀ ਨੇ ਆਪਣੇ 'ਅਮਲਾਂ ਰਾਹੀਂ ਪ੍ਰਚਾਰ' ਵਾਲੀ ਰਣਨੀਤੀ ਅਨੁਸਾਰ ਸਿਆਸੀ ਕੈਦੀਆਂ ਲਈ ਸਨਮਾਨਜਨਕ ਸੁੱਖ-ਸਹੂਲਤਾਂ ਤੇ ਵਰਤਾਉ ਖਾਤਰ ਲੰਮੀਆਂ ਭੁੱਖ ਹੜਤਾਲਾਂ ਕੀਤੀਆਂ ਤੇ ਅਕਹਿ ਕਸ਼ਟ ਖਿੜੇ ਮੱਥੇ ਪ੍ਰਵਾਨ ਕੀਤੇ। ਇਸ ਦੌਰਾਨ ਇਨ੍ਹਾਂ ਦਾ ਅਨਮੋਲ ਸਾਥੀ, 'ਬੰਬ ਮਾਸਟਰ' ਜਤਿਨ ਦਾਸ ਨਾਥ 63 ਦਿਨਾਂ ਦੀ ਭੁੱਖ ਹੜਤਾਲ ਉਪਰੰਤ 13 ਸਤੰਬਰ, 1929 ਨੂੰ ਆਪਣੀ ਜਾਨ ਦੇਸ਼ ਤੋਂ ਵਾਰ ਗਿਆ।

ਅਖੀਰ, ਜਿਵੇਂ ਕਿ ਪਹਿਲਾਂ ਹੀ ਪ੍ਰਤੱਖ ਦਿਸਦਾ ਸੀ, 7 ਅਕਤੂਬਰ 1930 ਨੂੰ ਬਾਦਸ਼ਾਹ ਵਿਰੁੱਧ ਜੰਗ ਵਿੱਢਣ ਅਤੇ ਸਾਂਡਰਸ ਦੇ ਕਤਲ ਲਈ ਭਗਤ ਸਿੰਘ ਤੇ ਰਾਜਗੁਰੂ ਨੂੰ ਸਿੱਧੇ ਤੌਰ 'ਤੇ ਜ਼ਿੰਮੇਵਾਰ ਮਿਥ ਕੇ ਤੇ ਸੁਖਦੇਵ ਨੂੰ ਅਜਿਹੀ ਸਾਜ਼ਿਸ਼ ਦਾ 'ਰਚਨਹਾਰਾ' ਦੇ ਇਲਜ਼ਾਮ ਵਿਚ ਫਾਂਸੀ ਦੀਆਂ ਸਜ਼ਾਵਾਂ ਸੁਣਾਈਆਂ। ਆਉਂਦੇ ਚਾਰ-ਪੰਜ ਮਹੀਨੇ ਕਾਨੂੰਨੀ ਨੁਕਤਿਆਂ 'ਤੇ ਪਾਈਆਂ ਗਈਆਂ ਪਟੀਸ਼ਨਾਂ ਲੇਖੇ ਲੱਗੇ। ਇਨਕਲਾਬੀ ਤਾਂ ਕਿਸੇ ਕਿਸਮ ਦੀ ਅਪੀਲ ਆਪਣੇ ਵੱਲੋਂ ਕਰਨ ਦਾ ਸੁਪਨਾ ਵੀ ਨਹੀਂ ਸੀ ਲੈ ਸਕਦੇ, ਪਰ ਸੁਹਿਰਦ ਵਕੀਲਾਂ ਨੇ ਆਪਣੇ ਤੌਰ 'ਤੇ ਸਪੈਸ਼ਲ ਟ੍ਰਿਬਿਊਨਲ ਵਾਲੇ 'ਆਰਡੀਨੈਂਸ' ਨੂੰ ਜਿਹੜਾ ਕਿ 1915 ਵਾਲੇ ਗਦਰੀ ਮੁਕੱਦਮਿਆਂ ਵਾਂਗ 'ਨਾ ਵਕੀਲ, ਨਾ ਦਲੀਲ, ਨਾ ਅਪੀਲ ਦੀ ਨਕਲ ਸੀ, ਇਸ ਆਧਾਰ 'ਤੇ ਚੈਲੰਜ ਕੀਤਾ ਸੀ ਕਿ ਅਜਿਹਾ ਕਾਲਾ ਕਾਨੂੰਨ ਸਿਰਫ ਐਮਰਜੈਂਸੀ ਹਾਲਤ ਵਿਚ ਹੀ ਲਾਗੂ ਕੀਤਾ ਜਾ ਸਕਦੈ, ਜਿਸ ਦਾ ਕੋਈ ਨਾਮ ਨਿਸ਼ਾਨ ਵੀ ਮੌਜੂਦ ਨਹੀਂ ਸੀ। ਉੱਧਰ ਦੇਸ਼ ਵਿਚ ਇਨ੍ਹਾਂ ਦੀ ਫਾਂਸੀ ਨੂੰ ਲੈ ਕੇ ਸਰਕਾਰ ਤੂਫਾਨ ਉੱਠਣ ਦੇ ਪਹਿਲੇ ਦਿਨ ਤੋਂ ਹੀ ਘਬਰਾਈ ਹੋਣ ਕਰਕੇ ਦਸੰਬਰ 1930 ਤੋਂ ਹੀ ਪੇਸ਼ਬੰਦੀਆਂ ਦਾ ਉਲੇਖ ਸਰਕਾਰੀ ਮਿਸ਼ਲਾਂ ਵਿਚੋਂ ਮਿਲਦਾ ਹੈ। ਖਾਸ ਕਰਕੇ ਪੰਜਾਬ ਅਤੇ ਪੰਜਾਬ ਦੇ ਸ਼ਹਿਰ ਲਾਹੌਰ ਵਿਚ ਤਾਂ ਇਉਂ ਲਗਦਾ ਸੀ ਕਿ ਕਿਤੇ ਜਨਤਾ ਦਾ ਹੜ੍ਹ ਜੇਲ੍ਹ ਨੂੰ ਹੀ ਨਾ ਢਾਹ ਦੇਵੇ। ਸੋ 17-18 ਮਾਰਚ ਦੀ ਰਾਤ ਨੂੰ ਪੰਜਾਬ ਸਰਕਾਰ ਦੀ ਤਜਵੀਜ਼ 'ਤੇ ਫੈਸਲਾ ਲਿਆ ਗਿਆ ਕਿ ਇਨ੍ਹਾਂ ਤਿੰਨਾਂ ਨੂੰ ਮਿਥੀ ਤਾਰੀਖ, ਭਾਵ 24 ਮਾਰਚ, 1931 ਦੀ ਬਜਾਏ 12 ਘੰਟੇ ਪਹਿਲਾਂ ਹੀ ਸ਼ਹੀਦ ਕਰਕੇ ਇਸ ਦਾ ਐਲਾਨ 24 ਤਾਰੀਖ ਸਵੇਰ ਤੱਕ ਨਾ ਕੀਤਾ ਜਾਏ।

ਨਿਯਮਾਂ ਅਨੁਸਾਰ ਫਾਂਸੀ ਤੋਂ ਇਕ ਦਿਨ ਪਹਿਲਾਂ ਇਨ੍ਹਾਂ ਦੇ ਪਰਿਵਾਰਾਂ ਨੂੰ ਆਖਰੀ ਮੁਲਾਕਾਤ, ਜੋ 23 ਮਾਰਚ ਸਵੇਰੇ ਨੂੰ ਹੋਣੀ ਨਿਸ਼ਚਿਤ ਸੀ, ਨਾ ਹੋ ਸਕੀ ਕਿਉਂਕਿ ਜੇਲ੍ਹ ਅਧਿਕਾਰੀ ਸਿਰਫ 'ਪਹਿਲੀ ਸ਼੍ਰੇਣੀ' ਦੇ ਰਿਸ਼ਤੇਦਾਰਾਂ- ਭਾਵ ਮਾਂ-ਬਾਪ, ਭੈਣ-ਭਰਾ ਨੂੰ ਹੀ ਮੁਲਾਕਾਤ ਦੀ ਇਜਾਜ਼ਤ ਦੇ ਰਹੇ ਸਨ ਅਤੇ ਦੂਜੇ ਰਿਸ਼ਤੇਦਾਰਾਂ ਜਿਵੇਂ ਭਗਤ ਸਿੰਘ ਦੀਆਂ ਚਾਚੀਆਂ, ਦਾਦਾ-ਦਾਦੀ, ਸੁਖਦੇਵ ਦੇ ਪਿਤਾ ਸਮਾਨ ਤਾਇਆ, ਲਾਲਾ ਚਿੰਤ ਰਾਮ ਜੀ ਆਦਿ ਨੂੰ ਇਸ ਮੁਲਾਕਾਤ ਤੋਂ ਵਿਰਵਾ ਰੱਖਣ 'ਤੇ ਤੁਲੇ ਹੋਏ ਸਨ। ਜੇਲ੍ਹ ਅਧਿਕਾਰੀਆਂ ਦੀ ਇਸ ਜ਼ਿਆਦਤੀ ਵਿਰੁੱਧ ਤਿੰਨਾਂ ਦੇ ਪਰਿਵਾਰਾਂ ਨੇ ਇਸ ਮੁਲਾਕਾਤ ਦਾ ਮੁਕੰਮਲ ਬਾਈਕਾਟ ਹੀ ਕਰ ਦਿੱਤਾ। ਰਾਜ ਗੁਰੂ ਦੇ ਮਾਤਾ ਜੀ ਜੋ ਪੂਨੇ ਤੋਂ ਇਸ ਮਕਸਦ ਲਈ ਚਲ ਕੇ ਆਏ ਸਨ, ਉਨ੍ਹਾਂ ਵੀ ਬੇਟੇ ਦਾ ਆਖਰੀ ਵੇਲੇ ਮੂੰਹ ਦੇਖਣ ਦਾ ਸੰਕਲਪ ਤਿਆਗ ਦਿੱਤਾ।

ਇਨ੍ਹਾਂ ਸ਼ਹੀਦਾਂ ਦੇ ਸਾਥੀਆਂ ਦੀ ਆਖਰੀ ਮੁਲਾਕਾਤ ਇਨ੍ਹਾਂ ਨਾਲ ਦਸੰਬਰ 1930 ਵਿਚ ਹੀ ਹੋ ਚੁੱਕੀ ਸੀ, ਜਦੋਂ ਉਮਰ ਕੈਦੀਆਂ ਤੇ ਘੱਟ ਕੈਦ ਦੀਆਂ ਸਜ਼ਾਵਾਂ ਵਾਲਿਆਂ ਨੂੰ ਲਾਹੌਰ ਜੇਲ੍ਹ ਤੋਂ ਬਦਲ ਕੇ ਦੇਸ਼ ਦੀਆਂ ਦੂਜੀਆਂ ਜੇਲ੍ਹਾਂ ਵਿਚ ਭੇਜ ਦਿੱਤਾ ਗਿਆ ਸੀ। ਇਨ੍ਹਾਂ ਦੇ ਨੇੜਲੇ ਸਾਥੀ ਤੇ ਦੋਸਤ, ਸ਼ਿਵ ਵਰਮਾ ਅਨੁਸਾਰ, "ਜੇਲ੍ਹ ਦਾ ਵੱਡਾ ਦਰੋਗਾ ਆਪਣੇ ਪੂਰੇ ਲਾਮ-ਲਸ਼ਕਰ ਨਾਲ ਸਾਨੂੰ ਨਾਲ ਲੈ ਕੇ ਫਾਟਕ ਵੱਲ ਚੱਲ ਪਿਆ। ਕੁਝ ਦੂਰ ਚੱਲ ਕੇ ਉਸ ਨੇ ਪੁੱਛਿਆ, "ਆਪਣੇ ਸਾਥੀਆਂ ਨੂੰ ਮਿਲੋਗੇ?" ਇਸ ਨਰਮ ਦਿਲੀ ਲਈ ਧੰਨਵਾਦ ਲੈ ਕੇ ਉਸ ਨੇ ਫਾਂਸੀ ਵਾਲੇ ਅਹਾਤੇ ਦਾ ਫਾਟਕ ਖੁੱਲ੍ਹਵਾਇਆ ਅਤੇ ਸਾਨੂੰ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀਆਂ ਕੋਠੜੀਆਂ ਸਾਹਮਣੇ ਲੈ ਜਾ ਕੇ ਖੜ੍ਹਾ ਕਰ ਦਿੱਤਾ। ਜ਼ਿੰਦਗੀ ਵਿਚ ਇਹ ਸਾਥੀ ਦੇਖਣ ਨੂੰ ਨਹੀਂ ਮਿਲਣੇ, ਇਸ ਸੋਚ ਨਾਲ ਸਾਡੇ ਚਿਹਰੇ ਉਦਾਸ ਸਨ। ਉਨ੍ਹਾਂ ਤੋਂ ਆਖਰੀ ਵਿਦਾਈ ਲੈ ਕੇ ਜਦੋਂ ਅਸੀਂ ਚੱਲਣ ਲੱਗੇ ਤਾਂ ਸਾਡੇ ਵਿਚੋਂ ਇਕ ਸਾਥੀ, ਜੈਦੇਵ ਕਪੂਰ ਨੇ ਭਗਤ ਸਿੰਘ ਨੂੰ ਪੁੱਛਿਆ, "ਸਰਦਾਰ ਤੁਸੀਂ ਸ਼ਹੀਦ ਹੋਣ ਜਾ ਰਹੇ ਹੋ। ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਤੁਹਾਨੂੰ ਇਸ ਦਾ ਅਫ਼ਸੋਸ ਤਾਂ ਨਹੀਂ ਹੈ?"

ਸਵਾਲ ਸੁਣ ਕੇ ਪਹਿਲਾਂ ਤਾਂ ਸਰਦਾਰ ਠਹਾਕਾ ਮਾਰ ਕੇ ਹੱਸਿਆ, ਫਿਰ ਗੰਭੀਰ ਹੋ ਕੇ ਬੋਲਿਆ, "ਇਨਕਲਾਬ ਦੇ ਰਾਹ 'ਤੇ ਕਦਮ ਰੱਖਦਿਆਂ ਮੈਂ ਸੋਚਿਆ ਸੀ ਕਿ ਜੇ ਮੈਂ ਆਪਣਾ ਜੀਵਨ ਦੇ ਕੇ ਦੇਸ਼ ਦੇ ਕੋਨੇ-ਕੋਨੇ ਤੱਕ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਪਹੁੰਚਾ ਸਕਾਂ ਤਾਂ ਮੈਂ ਸਮਝਾਂਗਾ ਕਿ ਮੈਨੂੰ ਆਪਣੇ ਜੀਵਨ ਦਾ ਮੁੱਲ ਮਿਲ ਗਿਆ ਹੈ। ਅੱਜ ਫਾਂਸੀ ਦੀ ਇਸ ਕੋਠੜੀ ਵਿਚ ਲੋਹੇ ਦੀਆਂ ਸੀਖਾਂ ਪਿੱਛੇ ਬੈਠ ਕੇ ਵੀ ਮੈਂ ਕਰੋੜਾਂ ਦੇਸ਼ ਵਾਸੀਆਂ ਦੇ ਮੂੰਹੋਂ ਗੂੰਜਦੀ ਉਸ ਨਾਅਰੇ ਦੀ ਆਵਾਜ਼ ਸੁਣ ਸਕਦਾ ਹਾਂ। ਮੈਨੂੰ ਵਿਸ਼ਵਾਸ ਹੈ ਕਿ ਮੇਰਾ ਇਹ ਨਾਅਰਾ ਆਜ਼ਾਦੀ ਦੇ ਸੰਘਰਸ਼ ਦੀ ਚਾਲਕ ਸ਼ਕਤੀ ਦੇ ਰੂਪ ਵਿਚ ਸਾਮਰਾਜੀਆਂ 'ਤੇ ਵਾਰ ਕਰਦਾ ਰਹੇਗਾ।" ਫਿਰ ਕੁਝ ਰੁਕ ਕੇ ਆਪਣੀ ਸੁਭਾਵਿਕ ਮੁਸਕਰਾਹਟ ਵਿਚ ਉਸ ਨੇ ਕਿਹਾ, "ਐਨੀ ਛੋਟੀ ਜ਼ਿੰਦਗੀ ਦਾ ਮੁੱਲ ਹੋਰ ਹੋ ਵੀ ਕੀ ਸਕਦਾ ਹੈ?"

## ਸਰਦਾਰ ਜਗਤ ਸਿੰਘ ਸੰਧੂ...

ਚਿੱਟੇ ਰੰਗ ਦੀ ਦੋ ਲੜੀ ਪੱਗ ਬੜੇ ਸ਼ੌਕ ਨਾਲ ਬੰਨ੍ਹਦਾ ਸੀ। ਉਹਦੇ ਨਾਲ ਦੀ ਪੱਗ ਬਹੁਤ ਘੱਟ ਵੇਖੀ ਆ ਕਿਸੇ ਦੇ ਬੰਨ੍ਹੀ। ਖਵਨੀ ਦਾਦਾ ਵੀ ਤਾਂਹੀ ਬਾਪੂ ਦੀ ਛੋਟੀ ਉਮਰੇ ਮਰ ਗਿਆ ਸੀ।

ਬਾਪੂ ਦੀ ਮੌਤ ਦਾ ਦਿਨ-ਵਾਰ ਤਾਂ ਨਹੀਂ ਪਤਾ। ਇੰਨਾ ਯਾਦ ਆ ਭਾਈ, ਫੱਗਣ ਦੋ ਦਿਨ ਰਹਿੰਦਾ ਸੀ। ਸਸਕਾਰ ਪਹਿਲੀ ਚੇਤ ਨੂੰ ਕੀਤਾ। ਬਾਪੂ ਦੇ ਨਾਲ ਉਸਦੇ ਸਾਥੀ ਬੰਤਾ ਤੇ ਸੋਹਣ ਵੀ ਮਾਰਤੇ ਸੀ। ਬਾਪੂ ਹੋਰੀਂ ਮਲੰਗੀ ਫਕੀਰ ਦੇ ਡੇਰੇ 'ਤੇ ਰਹਿੰਦੇ ਸੀ। ਸਿੱਧੂਪੁਰਾ ਵਿਖੇ ਡੇਰਾ ਸੀ। ਮਲੰਗੀ ਖੁਦ ਡਾਕੂ ਸੀ। ਉਸ ਬਾਰੇ ਕਿਹਾ ਜਾਂਦਾ ਸੀ "ਦਿਨੇ ਰਾਜ ਫਰੰਗੀ ਦਾ, ਰਾਤੀਂ ਰਾਜ ਮਲੰਗੀ ਦਾ।"

ਬਾਪੂ ਜੱਗਾ ਸਿਰਫ 17 ਦਿਨ ਡਾਕੂ ਰਿਹਾ। ਢਾਈ ਮਹੀਨੇ ਭਗੌੜਾ ਰਿਹਾ। ਭਾਵ ਜਦੋਂ ਪੁਲੀਸ ਨੇ ਜੱਗੇ ਡਾਕੂ ਦੇ ਸਿਰ ਇਨਾਮ ਰੱਖ ਦਿੱਤਾ ਤਾਂ ਉਸਤੋਂ ਬਾਅਦ ਹੀ ਉਸਨੂੰ ਡਾਕੂ ਮੰਨਿਆ ਜਾਣ ਲੱਗਿਆ ਸੀ ਤੇ ਉਸਤੋਂ 17 ਦਿਨ ਬਾਅਦ ਉਸਨੂੰ ਉਸਦੇ ਹੀ ਇੱਕ ਸਾਥੀ ਨੇ ਮਾਰ ਦਿੱਤਾ ਸੀ। ਉਸਦੇ ਸਿਰ 'ਤੇ ਇੱਕ ਲੱਖ ਨਕਦ ਰੁਪਏ, ਘੋੜੀ ਤੇ ਜ਼ਮੀਨ ਦਾ ਇਨਾਮ ਰੱਖਿਆ ਗਿਆ ਸੀ। ਜੱਗੇ ਨੇ ਅੰਨ ਪਾਣੀ ਬਣਾਉਣ ਲਈ ਨਾਈਆਂ ਦਾ ਇੱਕ ਮੁੰਡਾ ਲਾਲੂ ਆਪਣੇ ਨਾਲ ਰੱਖਿਆ ਸੀ। ਉਹ ਇਨਾਮ ਦੇ ਲਾਲਚ 'ਚ ਆ ਗਿਆ। ਉਸਨੇ ਸੋਚਿਆ ਜੇ ਜੱਗੇ ਨੂੰ ਜਿਉਂਦਾ ਫੜਾਇਆ ਤਾਂ ਇਹ ਕਿਸੇ ਸਮੇਂ ਮੈਨੂੰ ਮਾਰ ਦਊ। ਇਸ ਲਈ ਉਸਨੇ ਜੱਗੇ ਨੂੰ ਜ਼ਹਿਰ ਦੇ ਕੇ ਮਾਰ ਦਿੱਤਾ। ਲਾਲੂ ਨਾਈ ਦਾ ਪਿੰਡ ਲਾਖੂਕੇ ਸੀ। ਉਹ ਆਪਣੇ ਪੰਜ ਭਾਈਆਂ ਨੂੰ ਵੀ ਬੁਲਾ ਲਿਆਇਆ। ਲਾਲੂ ਨਾਈ ਦਾ ਭਰਾ ਧਤੂਰਾ, ਦਾਰੂ (ਘਰ ਦੀ ਕੱਢੀ ਸ਼ਰਾਬ) 'ਚ ਮਿਲਾ ਲਿਆਇਆ। ਇਨਾਮ ਦੇ ਲਾਲਚ 'ਚ। ਸੋਹਨ ਤੇਲੀ ਤੇ ਜੱਗੇ ਨੇ ਦਾਰੂ ਪੀ ਲਈ। ਬੇਸੁਰਤ ਹੋ ਗਏ। ਬੰਤਾ ਸਿੰਘ ਆਪਣੇ ਪਿੰਡ ਕਾਲੂ ਖਾਰਾ ਨੂੰ ਚੱਲ ਪਿਆ। ਉਧਰ ਨਾਈ ਨੇ ਗੋਲੀਆਂ ਮਾਰ ਕੇ ਸੋਹਨ ਤੇ ਜੱਗੇ ਨੂੰ ਮਾਰ ਦਿੱਤਾ। ਬੰਤਾ ਸਿੰਘ ਗੋਲੀਆਂ ਦੀ ਅਵਾਜ਼ ਸੁਣ ਕੇ ਮੁੜ ਆਇਆ। ਨਾਈ ਤੇ ਉਹ ਆਪਸ ਜੱਫੋ-ਜੱਫੀ ਹੋ ਗਏ। ਨਾਈ ਦੇ ਭਰਾ ਨੇ ਬੰਤਾ ਸਿੰਘ ਦੇ ਵੀ ਗੋਲੀਆਂ ਮਾਰੀਆਂ। ਡਾਕੂਆਂ ਦਾ ਸਾਥੀ ਹੋਣ ਕਰਕੇ ਨਾਈ ਨੂੰ ਸਰਕਾਰ ਨੇ ਜੇਲ੍ਹ ਭੇਜਤਾ। ਜੇਲ੍ਹ 'ਚ ਕੀੜੇ ਪੈ ਕੇ ਮਰਿਆ। ਕੈਦੀ ਯਾਰ ਮਾਰ ਕਰਨ ਕਰਕੇ ਉਸਨੂੰ ਠੁੱਡੇ ਮਾਰਦੇ ਰਹਿੰਦੇ ਸੀ। ਬੰਤਾ ਸਿੰਘ ਕਾਲੂ ਖਾਰਾ ਦੇ ਬੱਚੇ ਹੁਣ ਫਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਕਾਲਾ ਟਿੱਬਾ ਨੇੜੇ ਮਮਦੋਟ ਵਿਖੇ ਰਹਿੰਦੇ ਹਨ।

ਜਦੋਂ ਬਾਪੂ ਦੀ ਮੌਤ ਹੋਈ ਤਾਂ ਮਹੀਨੇ ਬਾਅਦ ਪੁਲੀਸ ਨੇ ਸਾਨੂੰ ਉਸਦਾ ਸਮਾਨ ਦਿੱਤਾ ਸੀ। ਉਸ 'ਚ ਹਾਥੀ ਦੰਦ ਦਾ ਬਣਿਆ ਡੰਡੀ ਵਾਲਾ ਚਾਕੂ, ਕੰਘਾ, ਚਾਂਦੀ ਦੀ ਅਫੀਮ ਦੀ ਡੱਬੀ ਤੇ ਅਤਰ ਫੁਲੇਲ ਦੀ ਸ਼ੀਸ਼ੀ ਸੀ।

## ਦਿੱਲੀ ਰਾਹਤ ਕੈਂਪਾਂ 'ਚ

ਉਨ੍ਹਾਂ ਨੇ ਮੈਨੂੰ ਅੱਧਾ ਨੰਗ ਕਰ ਦਿੱਤਾ। ਗੁੰਡੇ ਮੈਨੂੰ ਨੰਗਾ ਕਰਕੇ ਸੜਕ ਤੇ ਘੁੰਮਾਉਣ ਦੀ ਗੱਲ ਕਰ ਰਹੇ ਸਨ। ਉਨ੍ਹਾਂ ਨੇ ਮੇਰੇ ਕੱਪੜੇ ਪਾੜ ਦਿੱਤੇ ਤੇ ਮੈਨੂੰ ਬੁਰੀ ਤਰਾਂ ਕੁੱਟਿਆ ਤੇ ਹੁਣ ਮੈਂ ਇਸ ਰਾਹਤ ਕੈਂਪ ਵਿਚ ਹਾਂ।

ਸ਼ਿਵ ਵਿਹਾਰ ਦੀਆਂ ਔਰਤਾਂ ਨੇ ਵੀ ਦੱਸਿਆ ਕਿ ਉਨ੍ਹਾਂ ਨਾਲ ਵੀ ਅਜਿਹੀਆਂ ਘਟਨਾਵਾਂ ਹੋਈਆਂ ਹਨ ਤੇ ਇਸ ਤੋਂ ਬਾਅਦ ਮੁਸਤਫਾਬਾਦ ਕੈਂਪ ਵਿਚ ਸ਼ਰਨ ਲਈ ਹੈ।

ਮੁਸਤਫਾਬਾਦ ਜਿੱਥੇ ਇਹ ਰਾਹਤ ਕੈਂਪ 33 ਫੁੱਟ ਰੋਡ 'ਤੇ ਈਦਗਾਹ ਵਿਚ ਲੱਗਾ ਹੋਇਆ ਹੈ। ਇਸ ਕੈਂਪ ਵਿਚ ਪੁਲੀਸ ਦਲ ਸੁਰੱਖਿਆ ਦੇ ਲਈ ਮੌਜੂਦ ਨਹੀਂ ਹੈ। ਹਾਲਾਂਕਿ ਉੱਥੋਂ ਦੇ ਸਹਿਯੋਗੀ ਆਸਿਫ ਚੌਧਰੀ ਦੱਸਦੇ ਹਨ ਕਿ ਉਨ੍ਹਾਂ ਨੇ ਪੁਲੀਸ ਸੁਰੱਖਿਆ ਮੰਗੀ ਵੀ ਹੈ, ਪਰ ਹਾਲੇ ਤੱਕ ਨਹੀਂ ਮਿਲੀ। ਇਸ ਕੈਂਪ ਵਿਚ ਸ਼ਿਵ ਵਿਹਾਰ ਤੋਂ ਪੀੜਤ ਲੋਕ ਵੀ ਆਏ ਹੋਏ ਹਨ। ਸ਼ਿਵ ਪੁਰੀ ਬਾਬਰਪੁਰ ਮੁਸਤਫਾਬਾਦ, ਘੋਂਡਾ ਦੇ ਲੋਕ ਆਏ ਹੋਏ ਹਨ। ਮੁਸਤਫਾਬਾਦ ਦੇ ਐਮ ਐਲ ਏ ਹਾਜ਼ੀ ਯਨੁਸ ਨੇ ਦੱਸਿਆ ਕਿ ਸਾਡੇ ਇੱਥੇ ਚਾਰ ਰਾਹਤ ਕੈਂਪਾਂ ਦੀ ਜ਼ਰੂਰਤ ਹੈ, ਉਮੀਦ ਹੈ ਕਿ ਜਲਦੀ ਸਾਨੂੰ ਮਿਲ ਜਾਣਗੇ।

ਸ਼ਿਵ ਵਿਹਾਰ ਦੇ ਇਕ ਬਜ਼ੁਰਗ ਮੁਹੰਮਦ ਨਫੀਜ਼ ਨੇ ਦੱਸਿਆ ਕਿ ਸਾਨੂੰ ਪੈਸਿਆਂ ਦੀ ਬਹੁਤ ਜ਼ਰੂਰਤ ਹੈ, ਕਿਉਂਕਿ ਸਾਡਾ ਸਭ ਕੁਝ ਲੁੱਟਿਆ ਜਾ ਚੁੱਕਾ ਹੈ। ਅਸੀਂ ਇਸ ਰਾਹਤ ਕੈਂਪ ਤੋਂ ਜਾਣਾ ਚਾਹੁੰਦੇ ਹਾਂ। ਅਸੀਂ ਇੱਥੇ ਸੁਰੱਖਿਅਤ ਨਹੀਂ ਹਾਂ, ਕਿਉਂਕਿ ਪੁਲੀਸ ਦਾ ਇੰਤਜ਼ਾਮ ਨਹੀਂ ਹੈ। ਅਸੀਂ ਸਰਕਾਰ ਨੂੰ ਅਪੀਲ ਕਰਦੇ ਹਾਂ ਕਿ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਜਾਵੇ, ਪਰ ਉਹ ਸਾਡੇ 10-12 ਸਾਲ ਦੇ ਬੱਚਿਆਂ ਨੂੰ ਹੀ ਚੁੱਕ ਕੇ ਲਿਜਾ ਰਹੇ ਹਨ।

ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੇ ਚੇਅਰਮੈਨ ਰਜਿੰਦਰ ਸਿੰਘ ਪੁਰੇਵਾਲ ਤੇ ਪ੍ਰਧਾਨ ਪਰਮਿੰਦਰਪਾਲ ਸਿੰਘ ਨੇ ਕਿਹਾ ਕਿ ਦੇਸ-ਵਿਦੇਸ਼ ਦੀਆਂ ਸੰਗਤਾਂ ਨੂੰ ਪੀੜਤ ਲੋਕਾਂ ਦੀ ਸਹਾਇਤਾ ਲਈ ਅੱਗੇ ਆਉਣਾ ਚਾਹੀਦਾ ਹੈ।

# “ਐਸੀ ਕਲਾ ਨ ਖੇਡੀਐ, ਜਿਤੁ ਦਰਗਹ ਗਇਆ ਹਾਰੀਐ”

## - ਗੁਰਤੇਜ ਸਿੰਘ

ਕੁੱਝ ਗ਼ਲਤ-ਬਿਆਨੀਆਂ ਅਤੇ ਕੁਝ ਗ਼ਲਤ ਛਪੇ ਬਿਆਨਾਂ ਕਾਰਣ ਪੈਦਾ ਹੋਏ ਭੰਬਲਭੂਸੇ ਦੀ ਅਜੋਕੇ ਹਾਲਤ ਵਿੱਚ ਮੰਗ ਹੈ ਕਿ ਹਰ ਸਧਾਰਨ ਸਿੱਖ ਆਪਣੇ ਅਸਲ ਵਿਚਾਰ ਪੰਥ ਦੀ ਕਚਹਿਰੀ ਵਿੱਚ ਪੇਸ਼ ਕਰੇ। ਇਹ ਲੇਖ ਇਸ ਲੋੜ ਨੂੰ ਪੂਰਾ ਕਰਨ ਲਈ ਹੈ।

ਏਸ ਕਾਰਣ ਵੀ ਲਿਖਣਾ ਜ਼ਰੂਰੀ ਹੋ ਗਿਆ ਕਿਉਂਕਿ, ਵਿਚਾਰਾਂ ਨੂੰ ਸੋਧ ਕੇ ਇੱਕਸਾਰ ਕਰਨ ਲਈ, ਗੁਰੂ ਗ੍ਰੰਥ ਭਵਨ ਵਿੱਚ 22 ਫ਼ਰਵਰੀ 2020 ਨੂੰ ਸਾਢੇ ਚਾਰ ਵਜੇ ਬੁਲਾਈ ਗਈ ਮਿਲਣੀ ਇੱਕ ਸੱਜਣ ਦੇ ਅਯੋਗ ਹੱਠ ਕਾਰਣ ਬੇਸਿੱਟਾ ਰਹਿ ਗਈ। ਇਸ ਮੀਟਿੰਗ ਵਿੱਚ ਪ੍ਰੋ. ਗੁਰਦਰਸ਼ਨ ਸਿੰਘ ਢਿੱਲੋਂ, ਜਸਪਾਲ ਸਿੰਘ ਪੱਤਰਕਾਰ, ਪ੍ਰੋ. ਮਨਜੀਤ ਸਿੰਘ, ਰਾਜਿੰਦਰ ਸਿੰਘ, ਰਵਿੰਦਰ ਸਿੰਘ, ਖ਼ੁਸ਼ਹਾਲ ਸਿੰਘ ਅਤੇ ਗੁਰਤੇਜ ਸਿੰਘ ਸ਼ਾਮਲ ਹੋਏ ਸਨ।

ਗੁਰਬਾਣੀ ਅਤੇ ਗੁਰ-ਇਤਿਹਾਸ ਵਿੱਚ ਪ੍ਰਗਟ ਹੋਏ ਤੱਥਾਂ ਅਤੇ ਇਸ਼ਾਰਿਆਂ ਉੱਤੇ ਟੇਕ ਰੱਖ ਕੇ ਆਖਿਆ ਜਾ ਸਕਦਾ ਹੈ ਕਿ ਸਿੱਖੀ ਨਾ ਤਾਂ ਅੰਜੀਲ ਨੂੰ ਇੰਨ-ਬਿੰਨ ਸੱਚ ਮੰਨਦੀ ਹੈ, ਨਾ ਹੀ ਏਸ ਨੂੰ ਈਸਾ ਮਸੀਹ ਦੀ ਕ੍ਰਿਤ। Archibald Robertson, ÁÅêäÆ The Origins of Christianity, International Publishers, New York, 1962 ਦੇ ਪੰਨਾ 96 ਉੱਤੇ ਆਖਦਾ ਹੈ ਕਿ ਇਸਾਈ ਮੌਖਿਕ ਵਾਰਤਾਵਾਂ ਦੀ ਤਿੰਨ ਵਾਰ, ਚਾਰ ਵਾਰ ਤੇ ਕਈ ਵਾਰ ਸੰਪਾਦਨਾ ਹੋਈ। ਆਖ਼ਰ ਚੌਥੀ ਸਦੀ ਵਿੱਚ Nicen Council ਨੇ ਬਾਰ-ਬਾਰ ਸੋਧੀ ਲਿਖਤ ਨੂੰ ਪ੍ਰਮਾਤਮਾ ਦਾ ਸ਼ਬਦ, ਬਹੁਗਿਣਤੀ ਦੀ ਵੋਟ ਦੇ ਆਧਾਰ ‘ਤੇ, ਤਸਲੀਮ ਕਰ ਲਿਆ। ਸਾਡੇ ਸਮਿਆਂ ਵਿੱਚ ਪ੍ਰਗਟ ਹੋਏ Dead Sea Scrolls ਨੇ ਅੰਜੀਲ ਦੀ ਰਹਿੰਦੀ ਖੂੰਹਦੀ ਪ੍ਰਮਾਣਿਕਤਾ ਨੂੰ ਵੀ ਖੋਰਾ ਲਾ ਦਿੱਤਾ ਹੈ। ਇਹ ਇੱਕ ਵੱਡਾ ਕਾਰਣ ਸੀ ਕਿ 1962 ਵਿੱਚ Pope John XXIII ਨੇ ਨਵਾਂ ਧਾਰਮਕ ਕਾਨੂੰਨ (Roman Cathoilc Canon Law) ਬਣਾ ਕੇ ਯਹੂਦੀਆਂ ਨੂੰ ਈਸਾ ਦੇ ਕਤਲ ਦੇ ਅਪਰਾਧ ਤੋਂ ਤਕਰੀਬਨ 2000 ਸਾਲ ਬਾਅਦ ਮੁਕਤ ਕਰ ਦਿੱਤਾ। ‘ਪ੍ਰੰਪਰਾ’ ਸੱਚਾਈ ਦੇ ਇੱਕ ਕਣ ਦੀ ਸੱਟ ਵੀ ਨਾ ਸਹਿ ਸਕੀ ਤੇ ਟੋਟੇ-ਟੋਟੇ ਹੋ ਗਈ।

ਜ਼ਾਹਰ ਹੈ ਕਿ ਆਖੇਪ ਅੰਜੀਲ ਦੇ ਅਧਾਰ ਉੱਤੇ ਨਾ ਅਧਿਆਤਮਕ ਤਰੱਕੀ ਹੋ ਸਕਦੀ ਸੀ ਨਾ ਦੁਨੀਆਵੀ। ਏਸ ਲਈ ਇਸਾਈ ਮੱਤ ਦੀਆਂ ਪਹਿਲੀਆਂ ਸਾਢੇ 17 ਸਦੀਆਂ ਅਜਾਈਂ ਗਈਆਂ। ਇਸਾਈਆਂ ਨੇ ਕਬੀਲੇ ਵਾਂਗ ਲਾਮਬੰਦ ਹੋ ਕੇ ਹਜ਼ਾਰਾਂ ਔਰਤਾਂ-ਮਰਦਾਂ ਨੂੰ ਜਿਊਂਦਿਆਂ ਚਿਖਾਵਾਂ ਵਿੱਚ ਚਿਣ ਕੇ ਭਸਮ ਕੀਤਾ। ਉਹਨਾਂ ਵਿੱਚ ਜੋਨ-ਔਵ-ਆਰਕ ਅਤੇ ਕੈਂਟਰਬਰੀ ਦਾ ਆਰਕਬਿਸ਼ਪ ਵੀ ਸਨ; ਛੋਟੇ-ਮੋਟੇ ਪਾਦਰੀ ਅਨੇਕਾਂ ਸਨ। ਡੈਣਾਂ ਹੋਣ ਦੇ ਇਲਜ਼ਾਮ ਹੇਠ ਪੱਥਰਾਂ ਦੀ ਮਾਰ ਝੱਲ ਕੇ ਹਜ਼ਾਰਾਂ ਅਭਾਗੀਆਂ ਔਰਤਾਂ ਨੇ ਆਪਣੇ ਪ੍ਰਾਣ ਤਿਆਗੇ। ਕਰੂਸੇਡ ਦੀ ਸਦੀ ਵਿੱਚ ਅਜੇਹੀ ਨਫ਼ਰਤ ਦੀ ਹਨੇਰੀ ਝੁੱਲੀ ਕਿ ਦੋਨਾਂ ਪੱਖਾਂ ਨੇ ਇੱਕ ਦੂਜੇ ਦੇ ਬੱਚੇ ਭੁੰਨ ਕੇ ਖਾਧੇ। ਚਰਚ ਨੇ ਯੂਰਪ ਦੀਆਂ ਅੱਧੀਆਂ ਜ਼ਮੀਨਾਂ ਉੱਤੇ ਕਬਜ਼ੇ ਕਰ ਕੇ ਲੋਕਾਂ ਦੀ ਕਿਰਤ ਭਾਰਤ ਦੇ ਸ਼ੂਦਰਾਂ ਦੀ ਲੁੱਟ ਦੀ ਤਰਜ਼ ਉੱਤੇ ਬੇਕਿਰਕ ਹੋ ਕੇ ਲੁੱਟੀ। ਗ਼ੁਲਾਮ ਪ੍ਰਥਾ ਪਾਲ਼ੀ; ਸਵਰਗ ਦੀਆਂ ਟਿਕਟਾਂ ਵੇਚੀਆਂ; ਮੁਲਕਾਂ ਨੂੰ ਗ਼ੁਲਾਮ ਕਰਨ ਦੇ ਫ਼ਤਵੇ ਦਿੱਤੇ। ਇੱਕ-ਦੋ ਵਾਰ ਤਾਂ ‘ਬ੍ਰਹਮਚਾਰੀ’ ਪੋਪ ਦੇ ਨਾਜਾਇਜ਼ ਪੁੱਤ ਵੀ ਪੋਪ ਬਣਾਏ ਗਏ; ਰਾਜਿਆਂ ਨੂੰ ਕਤਲ ਕੀਤਾ ਗਿਆ। ਧਰਮ ਦੇ ਗਲ਼ ਪਾਥਰ ਨੇ ਮਨੁੱਖੀ ਕਿਰਦਾਰ ਨੂੰ ਨੀਵੀਂ ਤੋਂ ਨੀਵੀਂ ਖਾਈ ਵਿੱਚ ਗਰਕ ਕਰ ਦਿੱਤਾ। ਬਰੂਨੋ ਵਰਗੇ ਕਈ ਵਿਗਿਆਨੀਆਂ ਦੇ ਕਤਲ ਹੋਏ।

ਇਸਾਈ ਸਮਾਜ ਨੂੰ ਗਰਕ ਹੋਣ ਤੋਂ ਬਚਾਉਣ ਲਈ ਬਿਬੇਕ ਬੁੱਧੀ ਨੂੰ ਪ੍ਰਚੰਡ ਕਰਨ ਦੀ ਲਹਿਰ ਚੱਲੀ। ਏਸ ਦੇ ਤਕਰੀਬਨ ਸਾਰੇ ਪ੍ਰਮੁੱਖਾਂ ਨੇ ਕੱਟੜਤਾ ਦਾ ਪੱਲਾ ਛੱਡ ਦਿੱਤਾ। ਅੱਜ ਸੰਸਾਰ ਦੇ ਤਖ਼ਤੇ ਉੱਤੇ ਇੱਕ ਵੀ ਇਸਾਈ ਨਹੀਂ ਮਿਲੇਗਾ ਜੋ ਬਾਈਬਲ ਅਨੁਸਾਰ ਮੰਨਦਾ ਹੋਵੇ ਕਿ ਸੰਸਾਰ ਰਚਨਾ 26 ਅਕਤੂਬਰ 4004 ਬੀ.ਸੀ. ਨੂੰ ਹੋਈ ਸੀ। ਇੱਕ ਬਿਆਨ ਹੈ: ਇਸਾਈ ਮੱਤ ਈਸ਼ਵਰ ਕ੍ਰਿਤ (divine) ਹੀ ਹੋਵੇਗਾ ਕਿਉਂਕਿ ਇਹ ਐਨੀਆਂ ਵਾਹਯਾਤ (non-sense) ਅਤੇ ਮੁਜ਼ਰਮਾਨਾ ਧਾਰਨਾਵਾਂ (villainy) ਨਾਲ ਭਰਿਆਂ ਹੋਣ ਦੇ ਬਾਵਜੂਦ 17 ਸਦੀਆਂ ਜਿਊਂਦਾ ਰਹਿ ਸਕਿਆ ਹੈ- ਵੌਲਟੇਅਰ। ਵਿਗਿਆਨਕ ਸੋਚ ਨੂੰ ਹਜ਼ਮ ਕਰਨ ਲਈ ਇਸਾਈ ਮੱਤ ਦੇ ਕਈ ਸਦੀਆਂ ਪੁਰਾਣੇ ਅਸੂਲਾਂ ਨੂੰ ਤਿਆਗਣਾ ਪਿਆ। ਨਾਸਤਕਤਾ ਅਤੇ ਵਿਗਿਆਨ ਤਰੱਕੀ ਦੀ ਕੁੰਜੀ ਬਣੇ। ਏਸ ਪ੍ਰਵਿਰਤੀ ਨੇ ਨਵੇਂ ਹਥਿਆਰ ਅਤੇ ਦੂਰਗਾਮੀ ਜਹਾਜ਼ ਬਣਾਏ। ਵਪਾਰ ਚੱਲਿਆ ਜਿਸ ਨੇ ਕਲਪੁਰਜ਼ਾ ਯੁੱਗ ਨੂੰ ਜਨਮ ਦਿੱਤਾ ਅਤੇ ਆਖ਼ਰ ਯੂਰਪ ਧਰਮ ਦੇ ਬੁਰਕੇ ਹੇਠ ਲੁੱਟ-ਮਾਰ ਅਤੇ ਬਸਤੀਆਂ ਉੱਤੇ ਕਬਜ਼ਾ ਕਰ ਕੇ ਸਿਆਸੀ ਪਿੜ ਦਾ ਸ਼ਾਹ ਅਸਵਾਰ ਬਣਿਆ। ਕੇਹਾ ਮਾਣ ਹੈ ਇਸ ਕਿਰਦਾਰ ਉੱਤੇ !

ਬਸਤੀਵਾਦ ਨੂੰ ਪ੍ਰਪੱਕ ਕਰਨ ਲਈ ਕਈ ਮੁਲਕਾਂ (ਮਸਲਨ ਅਮਰੀਕਾ) ਦੀ ਸਾਰੀ ਦੀ ਸਾਰੀ ਆਬਾਦੀ ਨੂੰ ਕਤਲ ਕਰ ਦਿੱਤਾ ਗਿਆ ਕਿਉਂਕਿ ਉਹ ਇਸਾਈ ਬਣਨ ਨੂੰ ਤਿਆਰ ਨਹੀਂ ਸੀ। ਇੱਕ ਵੱਡਾ ਇਸਾਈ ਆਗੂ ਆਖਦਾ ਹੈ: ‘ਇਸਾਈ ਪ੍ਰਚਾਰਕਾਂ ਦੇ ਆਉਣ ਤੋਂ ਪਹਿਲਾਂ ਅਫ਼ਰੀਕਨਾਂ ਕੋਲ ਆਪਣੀਆਂ ਜ਼ਮੀਨਾਂ ਸਨ ਪਰ ਅੰਜੀਲ ਨਹੀਂ ਸੀ। ਹੁਣ ਉਨਾਂ ਕੋਲ ਅੰਜੀਲ ਹੈ ਪਰ ਜ਼ਮੀਨ ਨਹੀਂ...।’ ਰਾਮਾ ਸੁਆਮੀ ਆਇਰ ਨੇ ਟ੍ਰੈਵਨਕੋਰ ਦੇ ਮੰਦਰ ਦਲਿਤਾਂ ਲਈ ਖੋਲੇ ਤਾਂ ਕੈਂਟਰਬਰੀ ਦੇ ਆਰਕਬਿਸ਼ਪ ਨੇ ਰਾਜੇ ਕੋਲ ਇਤਰਾਜ਼ ਕੀਤਾ ਕਿ ਏਸ ਨਾਲ ਇਸਾਈ ਮੱਤ ਦੇ ਪ੍ਰਚਾਰ ਵਿੱਚ ਵਿਘਨ ਪੈਂਦਾ ਹੈ; ਹੁਣ ਦਲਿਤ ਇਸਾਈ ਨਹੀਂ ਬਣ ਰਹੇ।’ ਮੰਦਰ ਦਾਖ਼ਲਾ ਤੁਰੰਤ ਬੰਦ ਕਰੋ। ਇਸਾਈ ਸਲਤਨਤ ਨੇ ਸਿੱਖ ਰਾਜ ਸਮੇਤ ਨਿਰੋਲ ਇਨਸਾਨੀਅਤ ਉੱਤੇ ਟੇਕ ਰੱਖਣ ਵਾਲੀਆਂ ਸਲਤਨਤਾਂ ਤਬਾਹ ਕਰ ਦਿੱਤੀਆਂ। ਬਾਰਸੀਲੋਨਾ ਦੀ ਧਰਮਾਂ ਦੀ ਆਲਮੀ ਮਜਸਲ ਵਿੱਚ ਮੈਨੂੰ ਪੁਰਾਤਨ ਅਫ਼ਰੀਕੀ ਧਰਮ ਦੇ ਆਗੂ ਨੇ ਦੱਸਿਆ ਕਿ ਜਿਹੜਾ ਸਭ ਤੋਂ ਕਲਿਆਣ ਵਾਲੇ ਫ਼ਲਸਫ਼ੇ ਦਾ ਇਸਾਈ ਹੁਣ ਪ੍ਰਚਾਰ ਕਰ ਰਹੇ ਹਨ ਇਹ ਤਾਂ ਇਨਾਂ ਦੇ ਅਫ਼ਰੀਕਾ ਆਉਣ ਤੋਂ ਪਹਿਲਾਂ ਸਾਡੀ ਸੱਭਿਅਤਾ ਦਾ ਗਹਿਣਾ ਸੀ। ਮੈਂ ਉਸ ਨੂੰ ਸਰਕਾਰ ਖ਼ਾਲਸਾ ਦੀ ਵਾਰਤਾ ਸੁਣਾਈ। ਰਣਜੀਤ ਸਿੰਘ ਨੇ ਸੱਚ ਹੀ ਜਰਮਨ ਪ੍ਰਚਾਰਕ ਰੈਵਰੰਡ ਵੂਲਫ਼ ਨੂੰ ਆਖਿਆ ਸੀ: ਜੇ ਸੱਭਿਅਤਾ ਦਾ ਸੁਨੇਹਾ ਦੇਣਾ ਹੈ ਤਾਂ ਕਲਕੱਤੇ ਦੇ ਅੰਗਰੇਜ਼ਾਂ ਨੂੰ ਦੇ। ਕੇਵਲ ਉਹੀ ਇਸ ਮੁਲਕ ਵਿੱਚ ਉਜੱਡ ਤੇ ਚੱਜ-ਆਚਾਰ-ਹੀਣ ਹਨ।

ਆਖ਼ਰ ਇਸਾਈ (?) ਮੁਲਕਾਂ ਦੀ ਸਿਆਸੀ ਹਵਸ ਅਤੇ ਨਾਸਤਕਤਾ ਨੇ ਸੰਸਾਰ ਨੂੰ ਦੋ ਆਲਮੀ ਜੰਗਾਂ ਵਿੱਚ ਕਰੋੜਾਂ ਲੋਕਾਂ ਦੀ ਮੌਤ ਅਤੇ ਐਟਮ, ਨਿਊਕਲੀਅਰ ਬੰਬ ਵਰਗੇ ਮਾਰੂ ਹਥਿਆਰ ਦਿੱਤੇ।

ਯਹੂਦੀਆਂ ਦਾ ਇਤਿਹਾਸ ਵੀ ਬਹੁਤ ਵਿਲੱਖਣ ਹੈ। ਇਹ ਆਪਣੇ-ਆਪ ਨੂੰ ਪ੍ਰਮਾਤਮਾ ਦੇ ਟਿੱਕੇ ਹੋਏ ਖ਼ਾਸ, ਦੁਨੀਆ ਤੋਂ ਨਿਵੇਕਲੇ ਮਨੁੱਖ ਸਮਝਦੇ ਹਨ। ਏਸ ਲਈ ਇਹ ਕਿਸੇ ਨੂੰ ਧਾਰਮਕ ਰਸਮਾਂ ਕਰ ਕੇ ਅਪਣੇ ਧਰਮ ਵਿੱਚ ਸ਼ਾਮਲ ਨਹੀਂ ਕਰ ਸਕਦੇ। ਏਸੇ ਕਾਰਣ ਇਨਾਂ ਨੂੰ ਬਾਕੀ ਮਨੁੱਖੀ ਸਮਾਜਾਂ ਦੀ ਨਫ਼ਰਤ ਮਿਲੀ ਅਤੇ ਇਨਾਂ ਨੇ ਸਿੱਖਾਂ ਵਾਂਗ ਹੀ ਅਕਹਿ ਦੁੱਖ ਤਕਰੀਬਨ 27 ਸਦੀਆਂ ਸਹੇ। ਖ਼ਾਸ ਮਨੁੱਖ ਹੋਣ ਦਾ ਅਕੀਦਾ ਇਹਨਾਂ ਨੇ ਬ੍ਰਾਹਮਣਾਂ ਨੂੰ ਦਾਨ ਕੀਤਾ ਅਤੇ ਓਥੋਂ ਨੀਟਸ਼ੇ ਨੇ, ਜਿਸ ਨੂੰ ਹਿਟਲਰ ਦਾ ਗੁਰੂ ਆਖਦੇ ਹਨ, ਹਾਸਲ ਕਰ ਕੇ ਨਾਜ਼ੀ ਜਰਮਨੀ ਅਤੇ ਫ਼ਾਸ਼ੀ ਇਟਲੀ, ਜਪਾਨ ਆਦਿ ਨੂੰ ਬਖ਼ਸ਼ਿਆ। ਏਸ ਵਿਚਾਰ ਨੇ ਜੋ ਤਬਾਹੀ ਲਿਆਂਦੀ ਓਸ ਦਾ ਜ਼ਿਕਰ ਹੋ ਚੁੱਕਿਆ ਹੈ। ਸਭ ਤੋਂ ਕਰੜੀ ਮਾਰ ਵੀ ਯਹੂਦੀਆਂ ਨੂੰ ਖਾਣੀ ਪਈ। ਦੂਜੀ ਆਲਮੀ ਜੰਗ ਤੋਂ ਬਾਅਦ ਸੰਧੀ ਵਾਲੀਆਂ ਸ਼ਕਤੀਆਂ ਨੇ ਮੁਸਲਮਾਨ ਮੁਲਕਾਂ ਦੇ ਵਿਹੜੇ ਵਿੱਚ ਸਿਹ ਦਾ ਤੱਕਲਾ ਗੱਡਣ ਲਈ ਇਜ਼ਰਾਈਲ ਬਣਵਾਇਆ। ਪਰ ਅੱਜ ਵੀ ਲਗਭਗ ਅੱਧੇ ਯਹੂਦੀ ਹੋਰ ਮੁਲਕਾਂ ਵਿੱਚ ਰਹਿੰਦੇ ਹਨ। ਬੇਗਾਨੀਆਂ ਸੱਭਿਅਤਾਵਾਂ ਦੀਆਂ ਸਹੂਲਤਾਂ ਦਾ ਭਰਪੂਰ ਫ਼ਾਇਦਾ ਉਠਾ ਕੇ ਇਹਨਾਂ ਨੇ ਖ਼ੂਬ ਬੌਧਿਕ ਤਰੱਕੀ ਕੀਤੀ ਹੈ। ਨੋਬਲ ਇਨਾਮ ਪ੍ਰਾਪਤ ਕਰਨ ਵਾਲੇ ਸੌ ਤੋਂ ਵੱਧ ਯਹੂਦੀ ਤਕਰੀਬਨ ਸਾਰੇ ਦੇ ਸਾਰੇ ਇਜ਼ਰਾਈਲ ਤੋਂ ਬਾਹਰ ਦੇ ਹਨ। ਬੌਧਿਕ ਪੱਖੋਂ ਇਹਨਾਂ ਲਈ ਇਜ਼ਰਾਈਲ ਦਾ ਹੋਂਦ ਵਿੱਚ ਆਉਣਾ ਮਾਰੂ ਸਾਬਤ ਹੋਇਆ ਹੈ। ਨੋਬਲ ਇਨਾਮ ਹਾਸਲ ਕਰਨ ਵਾਲੇ ਬਹੁਗਿਣਤੀ ਯਹੂਦੀਆਂ ਅਤੇ ਦੂਜਿਆਂ ਨੇ ਆਪਣੇ-ਆਪ ਨੂੰ ਨਾਸਤਕ ਅਖਵਾਉਣਾ ਪਸੰਦ ਕੀਤਾ ਹੈ,ਆਈਨਸਟਾਈਨ ਸਮੇਤ।

ਯਹੂਦੀ ਲੋਕਾਂ ਨਾਲ ਸਭ ਸਿੱਖਾਂ ਦੀ ਹਮਦਰਦੀ ਹੈ ਅਤੇ ਹੋਣੀ ਵੀ ਚਾਹੀਦੀ ਹੈ। ਪਰ ਪਿਛਲੀਆਂ ਕਈ ਸਦੀਆਂ ਵਿੱਚ ਇਹਨਾਂ ਨੂੰ ਆਪਣਾ ਧਰਮ ਛੱਡਣ ਲਈ ਵੱਡੀ ਗਿਣਤੀ ਵਿੱਚ ਮਜਬੂਰ ਹੋਣਾ ਪਿਆ ਹੈ। ਸਰਮੱਦ, ਡਿਜ਼ਰੇਲੀ ਵਰਗੇ ਕਈ ਯਹੂਦੀ ਹੀ ਪੈਦਾ ਹੋਏ ਸਨ ਪਰ ਕਾਇਮ ਨਾ ਰਹਿ ਸਕੇ। ਸਭ ਤੋਂ ਵੱਧ ਯਹੂਦੀ ਰੂਸੀ ਹਨ ਪਰ ਹਿੰਦੋਸਤਾਨ ਦੇ ਮੁਸਲਮਾਨਾਂ ਵਾਂਗ ਉਹਨਾਂ ਦਾ ਰਾਜ-ਕਾਜ ਵਿੱਚ ਕੋਈ ਹਿੱਸਾ ਨਹੀਂ। ਸਾਢੇ ਪੰਜ ਸਦੀਆਂ ਵਿੱਚ ਜੋ ਰੁਤਬਾ ਸਿੱਖਾਂ ਨੇ ਸਦਗੁਣਾਂ ਦਾ ਪ੍ਰਗਟਾਵਾ ਕਰ ਕੇ ਆਲਮੀ ਸਮਾਜ ਵਿੱਚ ਹਾਸਲ ਕੀਤਾ ਹੈ, ਉਹ ਕਈ ਪੱਖੋਂ ਗੁਣਾਤਮਕ ਤੌਰ ਉੱਤੇ ਸਾਢੇ 27 ਸਦੀਆਂ ਪੁਰਾਣੇ ਯਹੂਦੀਆਂ ਦੇ ਬਹੁਤ ਨੇੜੇ ਦਾ ਜਾਪਦਾ ਹੈ।

ਹੁਣ ਗੱਲ ਕਰੀਏ ਇਸਲਾਮ ਦੀ। ਕੁਰਾਨ ਹਜ਼ਰਤ ਮੁਹੰਮਦ ਸਾਹਿਬ ਤੋਂ ਤਕਰੀਬਨ ਡੇਢ ਸਦੀ ਬਾਅਦ ਲਿਖਤ ਵਿੱਚ ਆਇਆ। ਜਿੰਨਾਂ ਨੂੰ ਜਿੰਨੀਆਂ ਆਇਤਾਂ ਯਾਦ ਸਨ ਉਨਾਂ ਨੇ ਲਿਖਵਾਈਆਂ। ਜ਼ਾਹਰ ਹੈ ਕਿ ਉਹਨਾਂ ਵਿੱਚੋਂ ਇੱਕ ਵੀ ਉਹ ਨਹੀਂ ਸੀ ਜਿਸ ਨੇ ਖ਼ੁਦ ਪੈਗੰਬਰ ਤੋਂ ਸੁਣੀਆਂ ਹੋਣ। ਬਹੁਤ ਆਇਤਾਂ ਸਮੇਂ ਦੀ ਮਾਰ ਨਾ ਝੱਲਦੀਆਂ ਹੋਈਆਂ ਜ਼ਾਇਆ ਹੋ ਗਈਆਂ। ਸਭ ਤੋਂ ਅਫ਼ਸੋਸਨਾਕ ਕਿੱਸਾ ਹੈ ਉਨਾਂ ਬੇਸ਼ਕੀਮਤੀ ਆਇਤਾਂ ਦਾ ਜੋ ਖ਼ਜੂਰ ਦੇ ਪੱਤਿਆਂ ਉੱਤੇ ਲਿਖੀਆਂ ਸਨ ਅਤੇ ਖ਼ੁਦ ਹਜ਼ਰਤ ਆਇਸ਼ਾ ਨੇ ਸੰਭਾਲ ਕੇ ਸਰਾਣੇ ਹੇਠ ਰੱਖੀਆਂ ਸਨ। ਇੱਕ ਦਿਨ ਉਨਾਂ ਦੀ ਚਹੇਤੀ ਬੱਕਰੀ ਕਮਰੇ ਵਿੱਚ ਆ ਕੇ ਸਭ ਨੂੰ ਚਰ ਗਈ। ਅਜੇਹਾ ਕੁਝ ਬਹੁਤੀਆਂ ਹਦੀਸਾਂ ਨਾਲ ਵੀ ਹੋਇਆ। ਤੰਬਾਕੂ ਨਾ ਵਰਤਣ ਸਬੰਧੀ ਆਇਤ ਨੂੰ ਬਹੁਤਾ ਨਾ ਗੌਲ਼ਿਆ ਗਿਆ ਅਤੇ ਦਾੜ੍ਹੀ-ਕੇਸ ਮੁੰਨਣੋਂ ਵਰਜਣ ਵਾਲੀ ਆਇਤ ਨੂੰ ਮੁੱਢੋਂ ਹੀ ਵਿਸਾਰ ਦਿੱਤਾ ਗਿਆ। ਇਹ ਅਤੇ ਹਜ਼ਰਤ ਦੇ ਸੰਗੀਤ ਪ੍ਰੇਮੀ ਹੋਣ ਦੀਆਂ ਹਦੀਸਾਂ ਨੂੰ ਗੁਰੂ ਨਾਨਕ ਨੇ ਮੱਕੇ ਵਿੱਚ ਪ੍ਰਗਟ ਕੀਤਾ ਤਾਂ ਵੱਡੇ ਜਾਣਕਰ ਵੀ ਨਿੰਮੋਝੂਣੇ ਹੋ ਗਏ। ਦੂਸਰੇ ਮਜ਼ਹਬੀ ਅਕੀਦਿਆਂ ਨੂੰ ਜੀ ਆਇਆਂ ਆਖਣ ਵਾਲੇ ਕੁਰਾਨ ਸ਼ਰੀਫ਼ ਦੇ ਲਫ਼ਜ਼ਾਂ ਵਿਰੁੱਧ ਜਿਹਾਦ ਕਰਨ ਦੇ ਤਾਂ ਸਮੇਂ-ਸਮੇਂ ਤਕਰੀਬਨ ਸਭ ਮੁਸਲਮਾਨ ਹਾਕਮ ਗ਼ੁਨਾਹਗਾਰ ਹਨ। ਸਲਾਤ ਬਾਰੇ ਆਮ ਵਾਕਫ਼ੀਅਤ ਹੈ ਕਿ ਇਸ ਨੂੰ ਇਰਾਨ ਦੇ ਮੁਸਲਮਾਨ ਰਾਜੇ ਦੀ ਇੱਕ ਯਹੂਦੀ ਬੇਗਮ ਨੇ ਵੱਡੇ ਮੌਲਾਣਿਆਂ ਨੂੰ ਵੱਡੀ ਵੱਢੀ ਦੇ ਕੇ ਪੈਗੰਬਰੀ ਹੁਕਮ ਵਜੋਂ ਪ੍ਰਵਾਨ ਕਰਵਾਇਆ ਸੀ।

ਇਸਲਾਮ ਧਰਮ ਅਤੇ ਸਿਆਸਤ ਖ਼ੂਬ ਫ਼ੈਲੀ, ਤਹਿਤ ਅਸ ਤੇਗ਼ ਫ਼ੈਲੀ ਪਰ ਪੈਗੰਬਰ ਦੀਆਂ ਅਸਲ ਸਿੱਖਿਆਵਾਂ ਨੂੰ ਤਿਆਗ ਕੇ ਫ਼ੈਲੀ। ਖ਼ਲੀਫ਼ੇ ਕੋਲ ਕਿਸੇ ਮੁਲਕ ਦੇ ਮੁਸਲਮਾਨ ਜਰਨੈਲ ਨੇ ਪੁੱਛ ਪਾਈ: ‘ਜੇ ਦੂਜੇ ਧਰਮਾਂ ਨੂੰ ਕੁਰਾਨ ਦੇ ਅਹਿਕਾਮ ਵਿਰੁੱਧ ਬਰਦਾਸ਼ਤ ਨਾ ਕਰੀਏ ਤਾਂ ਮਾਲੀਆ ਬਹੁਤ ਵਧ ਜਾਂਦਾ ਹੈ ਕਿਉਂਕਿ ਜ਼ਿਮੀ ਜਜ਼ੀਆ ਦਿੰਦੇ ਹਨ, ਮੁਸਲਮਾਨ ਨਹੀਂ। ਕੀ ਕਰੀਏ?’ ਖ਼ਲੀਫ਼ਾ ਉਸਮਾਨ ਦਾ ਜੁਆਬ ਸੀ: ‘ਲਾਹਣਤ ਹੈ ਤੈਨੂੰ! ਖ਼ੁਦਾ ਨੇ ਪੈਗੰਬਰ ਨੂੰ ਧਰਮ ਵਾਸਤੇ ਭੇਜਿਆ ਸੀ ਕਿ ਮਾਲ ਅਫਸਰ ਬਣਾ ਕੇ।’ ਇਉਂ ਕੁਰਾਨ ਸ਼ਰੀਫ਼ ਨੂੰ ਵਿਸਾਰ ਕੇ ਇਸਲਾਮ ਫ਼ੈਲਿਆ ਨਾ ਕਿ ਉਸ ਦੇ ਅੱਖਰ-ਅਖੱਰ ਨੂੰ ਪ੍ਰਵਾਨ ਕਰ ਕੇ। ਇਹ ਧਰਮ-ਚਿੰਤਨ ਵਾਲੇ ਸਭ ਜਾਣਦੇ ਹਨ। ਛੋਟੇ ਸਾਹਿਬਜ਼ਾਦਿਆਂ ਨੂੰ ਮੁਹੰਮਦ ਸਾਹਿਬ ਦੇ ਆਖ਼ਰੀ ਖ਼ੁਤਬੇ ਵਿਰੁੱਧ ਸ਼ਹੀਦ ਕਰਨ ਉਪਰੰਤ ਇਸਲਾਮ ਦੀ ਕਿਸ਼ਤੀ ਹਿੰਦ ਵਿੱਚੋਂ ਡੁੱਬ ਗਈ। ਉਹ ਇੱਕ ਪਲ਼ ਵੀ ਪੱਕੇ ਪੈਰੀਂ ਨਾ ਰਹਿ ਸਕਿਆ। ਕੁਰਾਨ ਦੇ ਰਾਜ਼ ਮੋਮਨਾਂ ਦੀ ਸ਼ਾਨ ਵਧਾਉਣ ਲਈ ਸਨ ਮੁਨਾਫ਼ਿਕਾਂ ਦੀ ਹਨੇਰਗਰਦੀ ਦਾ ਸਾਥ ਦੇਣ ਲਈ ਨਹੀਂ। ਓਹੀ ਰਕਾਬਾਂ, ਓਹੀ ਤੇਗਾਂ, ਓਹੀ ਹੈਦਰੀ ਝੰਡੇ ਪਰ ਕੁਰਾਨ ਦੇ ਪਾਕ ਵਚਨ ਦੀ ਬਰਕਤ ਨਹੀਂ ਰਹੀ ਸੀ। ਅਰਜਣ ਦੀ ਮੌਤ ਬੱਕਰੀਆਂ ਚਾਰਨ ਵਾਲਿਆਂ ਦੇ ਤੁੱਕਿਆਂ ਨਾਲ ਫੱਟੜ ਹੋਣ ਕਰ ਕੇ ਹੋਣ ਬਾਰੇ ਇੱਕ ਜਗਤ-ਪ੍ਰਸਿੱਧ ਟਿੱਪਣੀ ਹੈ: ਸਮਾਂ-ਸਮਾਂ ਸਮਰਥ, ਓਹੀ ਅਰਜਣ ਦੇ ਬਾਣ ਤੇ ਓਹੀ ਅਰਜਣ ਦੇ ਹੱਥ। ਅੱਜ-ਕੱਲ ਦੇ ਸਮਿਆਂ ‘ਤੇ ਢੁਕਾ ਕੇ ਦੇਖਣਾ ਹੋਵੇ ਤਾਂ ਤੁਸੀਂ ਚਿੜੀ ਦੇ ਪੌਂਚੇ ਜਿੰਨੇ ਇਜ਼ਰਾਈਲ ਕੋਲੋਂ ਪੰਜਾਹ ਇਸਲਾਮੀ ਮੁਲਕ ਤਿੰਨ-ਤਿੰਨ ਵਾਰ, ਵਾਰ-ਵਾਰ ਹਾਰਦੇ ਵੇਖ ਸਕਦੇ ਹੋ। ਕੀ ਇਹਨਾਂ ਦਾ ਇਹ ਸਿਆਸੀ ਹਸ਼ਰ ਹੋਣਾ ਸੀ ਜੇ ਇਨਾਂ ਦਾ ਯਕੀਨ ਕੁਰਾਨ ਦੇ ਮਰਮ ਦੇ ਹਾਣ ਦਾ ਹੁੰਦਾ? ਯਾਦ ਕਰੋ ਉਹ ਦਿਨ ਜਦੋਂ ਮਾਛੀਵਾੜੇ ਦੇ ਮਹਿਰਮ ਜੰਗਲ ਦੀ ਗੋਦੀ ਵਿੱਚ ਬੈਠੇ ਅਕਾਲਪੁਰਖ ਦਸਮੇਸ਼ ਨੇ ਆਪਣੇ ਤੀਰ ਦੀ ਅਣੀ ਨਾਲ ਕਾਹੀ ਦਾ ਬੂਟਾ ਪੁੱਟਿਆ ਸੀ। ਪੈਗੰਬਰੀ ਸੱਚ ਤੋਂ ਕੋਹਾਂ ਦੂਰ ਜਾ ਕੇ ਇਸਲਾਮ ਕੇਵਲ ਇੱਕ ਸਿਆਸੀ ਪਾਰਟੀ ਰਹਿ ਗਿਆ ਜਿਸ ਨੇ ਆਪਣੇ ਚੌਗਿਰਦੇ ਕੱਟੜਤਾ ਦੀ ਕੰਧ ਕਰ ਲਈ ਅਤੇ ਤਲਵਾਰ ਨੂੰ ਮਹਿਜ਼ ਕਾਤਲਾਨਾ ਹਥਿਆਰ ਅਤੇ ਕਈ ਵਾਰੀ ਜੱਲਾਦ ਦਾ ਪਰਸਾ (ਯਾਦ ਕਰੋ ਚਾਂਦਨੀ ਚੌਂਕ ਵਿੱਚ ਗੁਰੂ ਤੇਗ਼ ਬਹਾਦਰ ਨੂੰ, ਸਰਮੱਦ ਨੂੰ) ਬਣਾ ਦਿੱਤਾ। ਅੰਜੀਲ ਆਖਦੀ ਹੈ ਤਲਵਾਰ ਆਸਰੇ ਜਿਊਣ ਵਾਲੇ ਤਲਵਾਰ ਨਾਲ ਹੀ ਜ਼ਿਬਾਹ ਹੋਣਗੇ। ਅੱਜ ਇਹਨਾਂ ਦੀਆਂ ਹੀ ਤਲਵਾਰਾਂ ਵਾਲਿਆਂ ਨੇ ਕਈ ਹਰਬੇ ਵਰਤ ਕੇ ਇਸਲਾਮੀ ਮੁਲਕਾਂ ਦੇ ਨੱਕ ਵਿੱਚ ਨਕੇਲ ਪਾਈ ਹੋਈ ਹੈ। ਇਹਨਾਂ ਨੂੰ ਸ਼ਰੇ-ਬਾਜ਼ਾਰ ਰਿੱਛ ਵਾਂਗ ਨਚਾ ਰਿਹਾ ਹੈ। ਦਸਮੇਸ਼ ਦੀ ਸੌ ਕੋਹਿਨੂਰਾਂ ਤੋਂ ਵੱਧ ਕੀਮਤੀ ਕਲਗ਼ੀ ਅੱਜ ਇਹਨਾਂ ਦੇ ਖਜ਼ਾਨੇ ਵਿੱਚ ਇੱਕ ਵਸਤੂ ਬਣੀ ਪਈ ਹੈ। ਕਰਤਾਰਪੁਰ ਦਾ ਲਾਂਘਾ ਇੱਕ ਸੱਚੇ ਮੁਸਲਮਾਨ ਦੀ ਆਪਣੇ ਪੈਗੰਬਰ ਨੂੰ ਸੁੱਚੀ ਅਕੀਦਤ ਵੀ ਹੈ ਅਤੇ ਕਿਸੇ ਮੁਸਲਮਾਨ ਦੇਸ਼ ਦਾ ਸਦੀਆਂ ਵਿੱਚ ਕੀਤਾ ਪਹਿਲਾ ਪਰਉਪਕਾਰ ਵੀ।

ਬਹੁਤੇ ਮੁਸਲਮਾਨ ਮੁਲਕ ਬੇਹੱਦ ਅਮੀਰ ਹਨ। ਹੋਰ ਅਧਿਆਤਮਕ ਮਕਸਦ ਨਾ ਰਹਿਣ ਕਾਰਨ ਇਹ ਕੇਵਲ ਕੌਡੀਆਂ, ਠੀਕਰੀਆਂ ਦੇ ਗੰਜ ਜੋੜ ਰਹੇ ਹਨ। ਸਭ ਦੇ ਮੀਤ, ਰਾਗ-ਬੱਧ ਗੁਰੂ ਗ੍ਰੰਥ ਦਾ ਆਰੰਭ ਮੋਤੀ ਤ ਮੰਦਰ ਊਸਰਹਿ...ਵਾਲੇ ਸ਼ਬਦ ਤੋਂ ਹੁੰਦਾ ਹੈ। ਗੁਰੂ ਨਾਨਕ ਉਪਦੇਸ਼ ਹੈ: ‘ਦੁਨੀਆਂ ਦੇ ਸਾਰੇ ਪਦਾਰਥਾਂ ਦੀ ਕੀਮਤ ਇੱਕ ਖਿਣ ਪ੍ਰਮਾਤਮਾ ਦਾ ਹੁਕਮ ਕਮਾਉਣ ਦੇ ਬਰਾਬਰ ਨਹੀਂ।’ ਇੱਕ ਦਿਨ ਸਾਰੇ ਅਮਰੀਕੀ ਡੌਲਰ, ਜਿਨਾਂ ਦੀ ਖ਼ਾਤਰ ਇਹਨਾਂ ਦਾ ਇਮਾਨ ਡੋਲ ਗਿਆ ਹੈ, ਕੇਵਲ ਕਾਗ਼ਜ਼ ਦੇ ਟੁਕੜੇ ਬਣ ਕੇ ਰਹਿ ਜਾਣਗੇ। ਕਬੀਰ ਦੀਨੁ ਗਵਾਇਆ ਦੁਨੀ ਸਿਉ ਦੁਨੀ ਨ ਚਾਲੀ ਸਾਥਿ॥ ਪਾਇ ਕੁਹਾੜਾ ਮਾਰਿਆ ਗਾਫਲਿ ਅਪੁਨੈ ਹਾਥਿ॥ ਗੁਰੂ ਗ੍ਰੰਥ ਦਾ ਫ਼ੁਰਮਾਨ ਹੈ।

ਕੇਵਲ ਅਤੇ ਕੇਵਲ ਨਫ਼ਰਤ ਉੱਤੇ ਟੇਕ ਰੱਖਣ ਵਾਲੀ ਹਿੰਦੂ ਸੱਭਿਅਤਾ ਨੇ ਆਪਣਿਆਂ (ਸ਼ੂਦਰਾਂ) ਉੱਤੇ ਜੋ ਜ਼ੁਲਮ ਢਾਹੇ ਹਨ, ਹਜ਼ਾਰਾਂ ਸਾਲਾਂ ਤੱਕ ਢਾਹੇ ਹਨ, ਨੂੰ ਧਰਮ ਦਾ ਉਪਦੇਸ਼ ਸਮਝਣਾ ਤਾਂ ਨਿਰੀ ਮੂਰਖਤਾ ਹੀ ਹੈ। ਬਹੁਤ ਹੱਦ ਤੱਕ ਇਹਨਾਂ ਨੇ ਵੇਦਾਂ ਨੂੰ ਪੁਰਾਤਨ ਸੱਭਿਅਤਾਵਾਂ ਦਾ ਘਾਣ ਕਰਨ ਵਾਲਿਆਂ ਦਾ ਉਸਤਤੀ-ਗਾਣ ਮਾਤਰ ਹੀ ਬਣਾ ਲਿਆ ਹੈ। ਇਹ ਵੀ ਸੱਚ ਹੈ ਕਿ ਉਨੀਵੀਂ ਸਦੀ ਤੱਕ ਵੇਦ ਲਿਖੇ ਹੀ ਨਹੀਂ ਸਨ ਗਏ। ਏਸੇ ਲਈ ਹਿੰਦੂ ਧਰਮ ਨੂੰ ਮੋਮ ਦੀ ਨੱਕ ਆਖਿਆ ਜਾ ਸਕਦਾ ਹੈ। ਏਸ ਨੂੰ ਜਿਸ ਨੇ ਜੀ ਚਾਹਿਆ, ਓਧਰ ਮੋੜ ਲਿਆ। ਅਸਲ ਰੱਬ ਇੱਥੇ ਬ੍ਰਾਹਮਣ ਹੈ ਜੋ ‘ਭੂ ਦੇਵਤਾ’ ਅਖਵਾਉਂਦਾ ਹੈ। ਓਸ ਦਾ ਮੰਤਰਾਂ ਰਾਹੀਂ ਸਾਰੇ ਦੇਵਤਿਆਂ ਅਤੇ ਸ੍ਰਿਸ਼ਟੀ ਉੱਤੇ ਰਾਜ ਚੱਲਦਾ ਹੈ। ਓਸ ਨੇ ਆਪਣੀ ਸਹੂਲਤ ਅਤੇ ਲੋੜ ਮੁਤਾਬਕ ਦੇਵੀ-ਦੇਵਿਤਆਂ ਦੇ ਸੁਭਾਅ ਅਤੇ ਕਰਮ ਘੜੇ ਹਨ।

ਉਹ ਕਹਾਣੀਆਂ ਘੜ-ਘੜ ਕੇ ਦੇਵਤਿਆਂ ਨੂੰ ਅਸਮਾਨੀਂ ਚੜ੍ਹਾ ਸਕਦਾ ਹੈ ਅਤੇ ਬੇਹੱਦ ਨੀਵੇਂ ਕਿਰਦਾਰ ਦੇ ਵੀ ਦਰਸਾ ਸਕਦਾ ਹੈ। ਮ.ਕ. ਗਾਂਧੀ ਨੇ ਵੀ ਨੀਵੇਂ ਤੋਂ ਨੀਵੇਂ ਹਰਬੇ ਵਰਤ ਕੇ ਉਹਨਾਂ ਨੂੰ ਦੇਵਤਿਆਂ ਦੀ ਬਾਣ ਮੁਤਾਬਕ ਦੱਸਿਆ ਸੀ। ਏਸ ਲਈ ਬੁੱਧ ਧਰਮ ਦੇ ਜਾਤਕ ਨੂੰ ਵਰਤ ਕੇ ਬ੍ਰਾਹਮਣ ਨੇ ਰਾਮ ਦਾ ਅਵਤਾਰੀ ਬਿੰਬ ਉਸਾਰਿਆ ਅਤੇ ਓਸ ਨੂੰ ਆਪਣੀ ਲੋੜ ਅਨੁਸਾਰ ਵਰਤਣ ਲਈ ਰਾਮ ਕੋਲੋਂ ਮੁਕੰਮਲ ਨਿਰਦੋਸ਼ ਸ਼ੰਭੂਕ ਦਾ ਕਤਲ ਕਰਵਾਇਆ ਅਤੇ ਛਲ ਨਾਲ ਬਾਲੀ ਦਾ। ਸ੍ਰੀ ਕ੍ਰਿਸ਼ਨ ਨੂੰ ਅਵਤਾਰ ਵੀ ਥਾਪਿਆ ਅਤੇ ਮਨੁੱਖਾਂ ਨੂੰ ਵੀ ਅੱਤ ਸ਼ਰਮਨਾਕ ਜਾਪਦੇ ਕੁਕਰਮ ਵੀ ਉਹਨਾਂ ਤੋਂ ਕਰਵਾਏ। ਮਹਾਂਭਾਰਤ ਵਿੱਚ ਜਿੰਨਾ ਵੀ ਸੂਰਮਗਤੀ ਰੀਤ ਦੇ ਉਲਟ ਵਰਤਾਰਾ ਹੈ, ਉਹ ਕ੍ਰਿਸ਼ਨ ਕੋਲੋਂ ਹੀ ਕਰਵਾਇਆ। ਭਗਤ ਜੀ ਦੇ ਪਾਂਡੇ ਤੁਮਰੀ ਗਾਇਤ੍ਰੀ ਲੋਧੇ ਕਾ ਖੇਤ ਖਾਤੀ ਥੀ...। ਵਾਲੇ ਸ਼ਬਦ ਵਿੱਚ ਏਸੇ ਰਹੱਸ ਤੋਂ ਪਰਦਾ ਚੁੱਕਿਆ ਗਿਆ ਹੈ।

ਜੇ ਅਜਿਹਾ ਧਰਮ ਪ੍ਰੇਰਨਾ-ਸ੍ਰੋਤ ਬਣ ਸਕਦਾ ਤਾਂ ਹਿੰਦੂ ਕਦੇ ਇੱਕ ਹਜ਼ਾਰ ਸਾਲ ਗ਼ੁਲਾਮ ਨਾ ਰਹਿੰਦੇ। ਗਾਂਧੀ ਨੇ ਕਿਸੇ ਨੂੰ ਆਜ਼ਾਦੀ ਨਹੀਂ ਲੈ ਕੇ ਦਿੱਤੀ। ਅਗ੍ਰੇਜ਼ਾਂ ਨੂੰ ਅਮਰੀਕਾ ਦੇ ਦਬਾ ਹੇਠ ਬਰਮਾ, ਮਲੇਸ਼ੀਆ, ਸ੍ਰੀ ਲੰਕਾ ਆਦਿ ਕਈ ਦੇਸ਼ਾਂ ਨੂੰ ਛੱਡ ਕੇ ਜਾਣਾ ਪਿਆ। ਅਜੋਕੇ ਰਾਜਿਆਂ ਨੇ ਵੀ ਧਰਮ ਤੋਂ ਪ੍ਰੇਰਨਾ ਲੈ ਕੇ ਰਾਜ ਕਾਇਮ ਨਹੀਂ ਕੀਤਾ, ਨਾ ਬੀ.ਜੇ.ਪੀ. ਨੇ, ਨਾ ਕੇਜਰੀਵਾਲ ਨੇ। ਇਹਨਾਂ ਨੇ ਹਿੰਦੂਆਂ ਵਿੱਚ ਜਾਣ-ਬੁੱਝ ਕੇ 4-5 ਹਜ਼ਾਰ ਸਾਲਾਂ ਤੋਂ ਸਥਾਪਤ ਕੀਤੀ ਨਫ਼ਰਤ ਤੋਂ ਹੀ ਸਭ ਫਲ਼ ਪ੍ਰਾਪਤ ਕੀਤੇ ਹਨ। ਏਹੋ ਹਿੰਦੀ ਧਰਮ ਦੀ ਕਾਮਧੇਨੂ ਹੈ, ਏਹੀ ਕਲਪ ਬਿਰਛ ਹੈ। ਵਾਕ ਚਤੁਰਾਈ ਨਾਲ ਮੋਮ ਦੀ ਨੱਕ ਨੂੰ ਕਿੱਧਰ ਵੀ ਮੋੜਿਆ ਜਾ ਸਕਦਾ ਹੈ। 1947 ਤੋਂ ਬਾਅਦ ਦੇ ਹਿੰਦੋਸਤਾਨ ਦੀ ਸਿਆਸਤ ਦਾ ਇਹੋ ਮਰਮ ਹੈ।

ਉਪਰੋਕਤ ਸਭ ਕੁਝ ਤੋਂ ਏਹੋ ਸਿੱਖਣਾ ਚਾਹੀਦਾ ਹੈ ਕਿ ਸਾਰੇ ਧਰਮਾਂ ਕੋਲ ਆਪਣੇ ਪੈਗੰਬਰਾਂ ਅਵਤਾਰਾਂ ਦੇ ਸਹੀ ਬੋਲ ਨਹੀਂ। ਉਹਨਾਂ ਮਨੁੱਖੀ ਲੋੜਾਂ ਨੂੰ ਮੁੱਖ ਰੱਖ ਕੇ ਧਰਮ ਦੀ ਵਿਆਖਿਆ ਕੀਤੀ ਹੈ। ਏਸ ਪੱਖੋਂ ਗੁਰਬਾਣੀ ਦਾ ਏਹੀ ਤੱਤਸਾਰ ਹੈ।

ਸਿੱਖ ਸੰਪੂਰਣ ਤੌਰ ਉੱਤੇ ਨਿਰਦੋਸ਼ ਅਤੇ ਨਿਰੋਲ ਸੱਚ ਦੇ ਮੁਜੱਸਮੇ ਗੁਰੂ ਗ੍ਰੰਥ ਦੇ ਸਿੱਖ ਹਨ, ਅਕਾਲ ਪੁਰਖ ਦੀ ਫ਼ੌਜ ਹਨ। ਇਹਨਾਂ ਨੂੰ ਅਕਾਲ ਨਾਲ ਅਥਾਹ ਪਿਆਰ ਹੈ, ਏਸ ਲਈ ਕਾਇਨਾਤ ਨਾਲ ਵੀ ਕਿਉਂਕਿ ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ...। ਇਹਨਾਂ ਨੂੰ ਅਡੋਲ ਸੱਚ ਦੇ ਰਾਹ ਚੱਲ ਕੇ ਹਰ ਪ੍ਰਾਣੀ ਦੀ ਸੇਵਾ ਕਰਦੇ ਰਹਿਣਾ ਚਾਹੀਦਾ ਹੈ। ਧਰਮ ਨੂੰ ਵਿਸਾਰ ਕੇ ਹਾਸਲ ਕੀਤੀ ਰਾਜਸੀ ਸ਼ਕਤੀ ਛਲਾਵਾ ਹੈ, ਮਹੁਰਾ ਹੈ। ਸਰਬੱਤ ਦਾ ਭਲਾ ਹੀ ਇਹਨਾਂ ਦਾ ਆਦਰਸ਼ ਹੈ ਕਿਉਂਕਿ ਗੁਰੂ-ਉਪਦੇਸ਼ ਹੈ। ਏਸੇ ਰਾਹ ਉੱਤੇ ਵੱਡੀਆਂ ਪ੍ਰਾਪਤੀਆਂ ਅੱਜ ਤੱਕ ਹੋਈਆਂ ਹਨ ਅਤੇ ਅਗਾਂਹ ਨੂੰ ਹੋਣਗੀਆਂ।

**ਜੁਗ ਚਾਰੇ ਧਨ ਜੇ ਭਵੈ ਬਿਨੁ ਸਤਿਗੁਰ ਸੋਹਾਗੁ ਨ ਹੋਈ ਰਾਮ ॥ ਨਿਹਚਲੁ ਰਾਜੁ ਸਦਾ ਹਰਿ ਕੇਰਾ ਤਿਸੁ ਬਿਨੁ ਅਵਰੁ ਨ ਕੋਈ ਰਾਮ ॥**

# ਮੁੱਕੇਬਾਜ਼ ਸਿਮਰਨਜੀਤ ਕੌਰ ਆਪਣੀ ਮਾਂ ਦੀ ਮਿਹਨਤ ਸਦਕਾ ਕੀਤੀ ਪ੍ਰਾਪਤੀ

**ਲੁਧਿਆਣਾ/ ਏ ਟੀ ਨਿਊਜ਼:** ਇਥੋਂ ਦੇ ਇੱਕ ਨਿੱਕੇ ਜਿਹੇ ਪਿੰਡ ਚਕਰ ਤੋਂ ਟੋਕੀਓ ਓਲੰਪਿਕ ਤੱਕ ਪਹੁੰਚਣ ਲਈ ਜਿੰਨੀ ਮਿਹਨਤ ਸਿਮਰਨਜੀਤ ਕੌਰ ਨੇ ਕੀਤੀ ਉਸ ਤੋਂ ਜ਼ਿਆਦਾ ਮਿਹਨਤ ਉਨਾਂ ਦੀ ਮਾਂ ਰਾਜਪਾਲ ਕੌਰ ਨੇ ਕੀਤੀ। ਸਿਮਰਨਜੀਤ ਨੇ ਟੋਕੀਓ ਓਲੰਪਿਕ 2020 ਲਈ 60 ਕਿੱਲੋ ਭਾਰ ਵਰਗ ਵਿੱਚ ਕਜ਼ਾਕਿਸਤਾਨ ਤੇ ਮੰਗੋਲੀਆ ਦੀਆਂ ਮੁੱਕੇਬਾਜ਼ਾਂ ਨੂੰ ਹਰਾ ਕੇ ਆਪਣੀ ਥਾਂ ਪੱਕੀ ਕੀਤੀ ਹੈ। ਸਿਮਰਨਜੀਤ ਕੌਰ ਦੀ ਮਾਂ ਲਈ ਜੀਵਨ ਸਾਥੀ ਤੋਂ ਬਿਨਾਂ ਆਪਣੀਆਂ ਧੀਆਂ ਨੂੰ ਪਾਲਣਾ ਤੇ ਪੜਾਉਣਾ ਬਿਖੜਾ ਪਹਾੜ ਚੜਨ ਨਾਲੋਂ ਘੱਟ ਨਹੀਂ ਸੀ। ਪਰ ਰਾਜਪਾਲ ਕੌਰ ਨੇ ਹਿੰਮਤ ਨਹੀਂ ਹਾਰੀ। ਇਸੇ ਦੇ ਸਦਕੇ ਸਿਮਰਨਜੀਤ ਅੱਜ ਇਸ ਮੁਕਾਮ ਤੱਕ ਪਹੁੰਚ ਸਕੀ ਹੈ। ਰਾਜਪਾਲ ਕੌਰ ਨੇ ਦੱਸਿਆ, "ਧੀ ਦੀ ਸਿਖਲਾਈ ਤੇ ਖੁਰਾਕ ਲਈ ਜਿੱਥੋਂ ਮਰਜ਼ੀ ਪ੍ਰਬੰਧ ਕਰਨਾ ਪਵੇ, ਕਰਦੀ ਹਾਂ ਪਰ ਮਨ ਦੀ ਤਮੰਨਾ ਹੈ ਕਿ ਮੇਰੀ ਸਿਮਰਨਜੀਤ ਓਲੰਪਿਕ ਵਿਚ ਗੋਲਡ ਮੈਡਲ ਜਿੱਤ ਕੇ ਲਿਆਵੇ।"

ਯਾਦ ਰਹੇ ਕਿ ਦੋ ਸਾਲ ਪਹਿਲਾਂ ਜਦੋਂ ਸਿਮਰਨਜੀਤ ਦੇ ਪਿਤਾ ਦੀ ਮੌਤ ਹੋ ਗਈ ਤਾਂ ਰਾਜਪਾਲ ਕੌਰ ਲਈ ਵੱਡੀ ਚੁਣੌਤੀ ਖੜੀ ਹੋ ਗਈ। ਇਸ ਦੌਰਾਨ ਸਿਮਰਨਜੀਤ ਨੇ ਵੀ ਖੇਡਣ ਦਾ ਹੌਂਸਲਾ ਛੱਡ ਦਿੱਤਾ। ਸਿਮਰਨਜੀਤ ਕੌਰ ਦੀ ਮਾਂ ਰਾਜਪਾਲ ਕੌਰ ਦਾ ਕਹਿਣਾ ਹੈ ਕਿ ਪੈਸੇ ਦੀ ਕਮੀ ਨੂੰ ਕਦੇ ਧੀ ਦੀ ਤਰੱਕੀ ਵਿਚ ਰੋੜਾ ਨਹੀਂ ਬਣਨ ਦਿੱਤਾ। ਰਾਜਪਾਲ ਕੌਰ ਨੂੰ ਦੋ ਡੰਗ ਦੀ ਰੋਟੀ ਜੁਟਾਉਣ ਲਈ



ਲੋਕਾਂ ਦੇ ਘਰਾਂ ਵਿੱਚ ਕੰਮ ਕਰਨਾ ਪਿਆ। ਜਿਵੇਂ-ਕਿਵੇਂ ਬੱਚੀਆਂ ਨੂੰ ਪਾਲਿਆ। ਜਦੋਂ ਸਿਮਰਨਜੀਤ ਨੇ ਆਪਣੀ ਵੱਡੀ ਭੈਣ ਨੂੰ ਮੁੱਕੇਬਾਜ਼ੀ ਕਰਦੇ ਦੇਖਿਆ ਤਾਂ ਉਸ ਦੇ ਮਨ ਵਿੱਚ ਚਾਅ ਪੈਦਾ ਹੋਇਆ। ਉਸ ਸਮੇਂ ਬਾਰੇ ਰਾਜਪਾਲ ਕੌਰ ਨੇ ਦੱਸਿਆ, "ਮੇਰੀ ਵੱਡੀ ਧੀ ਅਮਨਦੀਪ ਕੌਰ ਨੇ ਜਦੋਂ ਕੌਮੀ ਪੱਧਰ 'ਤੇ ਮੁੱਕੇਬਾਜ਼ੀ ਦੇ ਮੁਕਾਬਲਿਆਂ ਵਿਚ ਹਿੱਸਾ ਲਿਆ ਤਾਂ ਸਿਮਰਨਜੀਤ ਵੀ ਬਾਕਸਿੰਗ ਲਈ ਜਿੱਦ ਕਰਨ ਲੱਗੀ।"

ਉਸ ਸਮੇਂ ਪਿੰਡ ਦੇ ਹੀ ਪਰਵਾਸੀ ਭਾਰਤੀ ਅਜਮੇਰ ਸਿੰਘ ਸਿੱਧੂ ਨੇ ਪਿੰਡ ਦੇ ਮੁੰਡੇ-ਕੁੜੀਆਂ ਨੂੰ ਮੁੱਕੇਬਾਜ਼ੀ ਦੀ ਸਿਖਲਾਈ ਦੇਣ ਦਾ ਪ੍ਰਬੰਧ ਕੀਤਾ ਸੀ। ਧੀ ਦੀ ਜਿੱਦ ਨੂੰ ਦੇਖਦਿਆਂ ਰਾਜਪਾਲ ਕੌਰ ਉਨਾਂ ਨੂੰ ਸਾਲ 2008 ਵਿੱਚ ਅਕੈਡਮੀ ਵਿੱਚ ਲੈ ਗਈ। ਉਸ ਦਿਨ ਤੋਂ ਲੈ ਕੇ ਅੱਜ ਦੇ ਦਿਨ ਤੱਕ ਉਸ ਨੇ ਕਦੇ ਵੀ ਪਿੱਛੇ ਮੁੜ ਕੇ ਨਹੀਂ ਦੇਖਿਆ। ਉਹ ਦੀ ਲਗਨ ਤੇ ਮਿਹਨਤ ਦੇ ਮੂਹਰੇ ਘਰ ਦੀ ਗਰੀਬੀ ਵੀ ਭੁੱਲ ਜਾਂਦੀ ਸੀ। ਹੁਣ ਤਾਂ ਬਸ ਰਾਜਪਾਲ ਕੌਰ ਨੂੰ ਉਸ "ਸੁਭਾਗੇ ਦਿਨ ਦੀ ਉਡੀਕ ਹੈ ਜਦੋਂ ਸਿਮਰਨਜੀਤ ਜਿੱਤ ਦੇ ਝੰਡੇ ਗੱਡ ਕੇ ਪਿੰਡ ਆਊਗੀ। ਰਾਜਪਾਲ ਕੌਰ ਨੇ ਦੱਸਿਆ ਪੰਜਾਬ ਸਰਕਾਰ ਨੇ 1.5 ਲੱਖ ਰੁਪਏ ਦੀ ਮਦਦ ਭੇਜੀ ਹੈ ਤੇ ਅਕਾਲੀ ਦਲ ਵੱਲੋਂ ਕੁਝ ਸਹਾਇਤਾ ਦਾ ਐਲਾਨ ਕੀਤਾ ਗਿਆ ਹੈ। ਰਾਜਪਾਲ ਕੌਰ ਨੂੰ ਫਿਕਰ ਹੈ ਕਿ ਇਸ ਰਾਸ਼ੀ ਨਾਲ ਤਾਂ ਪਰਿਵਾਰ ਸਿਰ ਚੜਿਆ ਕਰਜ਼ਾ ਵੀ ਨਹੀਂ ਉਤਰੇਗਾ।

ਪਿੰਡ ਚਕਰ ਦੇ ਸਰਪੰਚ ਸੁਖਦੇਵ ਸਿੰਘ ਸਿੱਧੂ, ਜਿਹੜੇ ਪਿੰਡ ਦੀ ਖੇਡ ਅਕੈਡਮੀ ਦੀ ਸੰਚਾਲਕ ਵੀ ਹਨ, ਨੇ ਦੱਸਿਆ,"ਸਿਮਰਨਜੀਤ ਕੌਰ ਨੇ ਇੱਕ ਗਰੀਬ ਘਰ ਵਿਚ ਜਨਮ ਲੈ ਕੇ ਆਪਣੇ ਦ੍ਰਿੜ ਇਰਾਦੇ ਸਦਕਾ ਇਹ ਮੁਕਾਮ ਹਾਸਲ ਕੀਤਾ ਹੈ। ਸਰਪੰਚ ਸੁਖਦੇਵ ਸਿੰਘ ਸਿੱਧੂ ਕਹਿੰਦੇ ਹਨ ਕਿ ਪਿੰਡ ਦੀ ਖੇਡ ਅਕੈਡਮੀ ਵਿਚ 300 ਦੇ ਕਰੀਬ ਮੁੰਡੇ-ਕੁੜੀਆਂ ਮੁੱਕੇਬਾਜ਼ੀ ਦੀ ਸਿਖਲਾਈ ਲੈ ਚੁੱਕੇ ਹਨ।"

ਪਿੰਡ ਦੇ ਪਰਵਾਸੀ ਪੰਜਾਬੀਆਂ ਤੋਂ ਇਲਾਵਾ ਹਰ ਪਿੰਡ ਵਾਸੀ ਨੇ ਸਿਮਰਨਜੀਤ ਦੀ ਜਿੱਤ ਲਈ ਦੁਆਵਾਂ ਕੀਤੀਆਂ ਹਨ। ਸਭ ਤੋਂ ਵੱਡੀ ਗੱਲ ਤਾਂ ਇਹ ਹੈ ਕਿ ਸਿਮਰਨਜੀਤ ਦੀ ਮਾਤਾ ਨੇ ਆਰਥਿਕ ਤੰਗ ਦੇ ਦੁੱਖੜੇ ਸਹਿਣ ਕਰਦਿਆਂ ਆਪਣੀ ਧੀ ਨੂੰ ਹਮੇਸ਼ਾ ਲਈ ਅਗਾਂਹ ਵਧਣ ਦੀ ਹੱਲਾਸ਼ੇਰੀ ਦਿੱਤੀ। ਪਿੰਡ ਵਾਸੀਆਂ ਨੂੰ ਭਰੋਸਾ ਹੈ ਕੇ ਸਿਮਰਨਜੀਤ ਪਿੰਡ ਚਕਰ ਦਾ ਨਾਂ ਜ਼ਰੂਰ ਰੌਸ਼ਨ ਕਰੇਗੀ।"

# ਇੱਕੋ ਮਿੱਕੇ: ਇਕ ਵਧੀਆ ਵਿਸ਼ੇ ਨੂੰ ਰੂਹਾਂ ਲੈ ਬੈਠੀਆਂ !

ਫਿਲਮ ਸ਼ੁਰੂ ਹੁੰਦੀ ਹੈ ਤਾਂ ਲੱਗਿਆ ਕਿ ਪਰਦੇ ਉੱਤੇ ਇਕ ਬਹੁਤ ਹੀ ਵਧੀਆ ਕਹਾਣੀ ਇੱਕ ਖੂਬਸੂਰਤ ਪੇਂਟਿੰਗ ਵਾਂਙ ਚੱਲ ਰਹੀ ਹੈ। ਖੂਬਸੂਰਤ ਗੀਤ ਸੰਗੀਤ, ਊਨਾਂ ਦਾ ਫਿਲਮੀਕਰਣ, ਦਿਲ ਨੂ ਛੋਹ ਲੈਣ ਵਾਲੇ ਸੰਵਾਦ ਅਤੇ ਸਾਰੇ ਅਰਟਿਸਟਾਂ ਵੱਲੋਂ ਆਪਣੇ ਕਿਰਦਾਰਾਂ ਨੂੰ ਸਹਿਜ ਤੇ ਸੁਭਾਵਕ ਨੋਭਾਉਣਾ, ਫਿਲਮ ਦਰਸ਼ਕ ਨੂੰ ਆਪਣੇ ਨਾਲ ਇੰਜ ਬੰਨ ਲੈਂਦੀ ਹੈ ਕਿ ਪਤਾ ਹੀ ਨਹੀਂ ਲਗਦਾ ਕਿ ਇੰਟਰਵਾਲ ਹੋ ਗਿਆ ਹੈ। ਮੇਰੇ ਨਾਲ ਬੈਠਾ ਇੱਕ ਸੱਜਣ ਆਪਣੇ ਕਿਸੇ ਦੋਸਤ ਨੂੰ ਸ਼ਾਇਦ ਪੰਜਾਬ ਫੋਨ ਕਰ ਰਿਹਾ ਸੀ ਕਿ ਇੱਕ ਕਮਾਲ ਦੀ ਫਿਲਮ ਦੇਖ ਰਿਹਾ ਹਾਂ। ਇੰਟਰਵਾਲ ਚ ਕੌਫੀ ਦਾ ਆਨੰਦ ਲੈਂਦਿਆਂ ਖੁਸ਼ਗਵਾਰ ਮਾਹੌਲ ਤੇ ਮੂਡ ਤੌਂ ਬਾਅਦ ਸੈਕੰਡ ਹਾਫ ਸ਼ੁਰੂ ਹੁੰਦਿਆਂ ਹੀ ਝਟਕਾ ਲਗਦਾ ਹੈ ਕਿ ਇਹ ਕੀ ? ਦੋਨੋ ਮੁੱਖ ਕਿਰਦਾਰ ਐਕਸੀਡੈਂਟ ਪਿੱਛੋਂ "ਰੂਹਾਂ" ਵਿਚ ਤਬਦੀਲ ਹੋ ਜਾਂਦੇ ਹਨ, ਤੇ ਇੱਕ ਦੂਜੇ ਦੇ ਸਰੀਰਾਂ ਵਿਚ ਦਾਖ਼ਲ ਹੋ ਜਾਂਦੇ ਹਨ। ਫਿਰ "ਰੂਹਾਂ" ਇੱਕ ਦੂਜੇ ਦੀਆਂ ਗਲਤ-ਫਹਿਮੀਆਂ ਦੂਰ ਕਰਨ ਵਿਚ ਹੀ ਫਿਲਮ ਨੂੰ ਅਖੀਰ ਤੱਕ ਘੜੀਸ ਕੇ ਲੈ ਜਾਂਦੀਆਂ ਹਨ। ਫਿਲਮ ਉਬਾਊ ਹੋ ਜਾਂਦੀ ਹੈ ਤੇ ਸੋਚਣ ਲਈ ਮਜਬੂਰ ਕਰਨ ਲੱਗ ਪੈਂਦੀ ਹੈ ਕਿ ਇਹ ਹੁਣ ਫਿਲਮ ਨੂੰ ਖਤਮ ਕਦੋਂ ਕਰਨਗੇ ?

ਰਿਸ਼ਤਿਆਂ ਦੇ ਟੁੱਟਣ ਜੁੜਨ ਉੱਤੇ ਬਹੁਤ ਸਾਰੀਆਂ ਭਾਵਨਾਤਮਕ ਫ਼ਿਲਮਾਂ ਬਣੀਆਂ ਹਨ। ਅੱਜ ਦੇ ਦੌਰ ਵਿਚ ਇਹ ਹਰ ਦੂਜੇ ਤੀਜੇ ਘਰ ਦੀ ਸਮੱਸਿਆ ਹੈ। ਇਹ ਫਿਲਮ ਵੀ ਜਿਸ ਖੂਬਸੂਰਤੀ ਨਾਲ ਸ਼ੁਰੂ ਹੁੰਦੀ ਹੈ, ਕਈ ਵਰੇ ਪਹਿਲਾਂ ਆਈ ਆਮਿਰ ਖਾਨ ਮਨੀਸ਼ਾ ਕੋਇਰਾਲਾ ਦੀ ਫਿਲਮ 'ਅਕੇਲੇ ਹਮ ਅਕੇਲੇ ਤੁਮ' ਦੀ ਯਾਦ ਤਾਜ਼ਾ ਹੋਣ ਲੱਗ ਪਈ । ਪਰ ਫਿਲਮ ਦਾ ਦੂਜਾ ਹਾਫ ਸ਼ੁਰੂ ਹੁੰਦੀਆਂ ਹੀ ਇੱਕ ਹੋਰ ਹੀ ਤਰਾਂ ਦੀ ਕਲਪਿਤ ਕਹਾਣੀ ਸ਼ੁਰੂ ਹੋ ਜਾਂਦੀ ਹੈ। ਲੇਖਕ ਤੇ ਨਿਰਦੇਸ਼ਕ ਵੱਲੋਂ ਲਿਆਂਦਾ ਗਿਆ ਇਹ ਟਵਿਸਟ ਬੜਾ ਹੀ ਬਚਕਾਨਾ ਤੇ ਉਬਾਊ ਕਿਸਮ ਦਾ ਸੀ।

ਕਲਾਕਾਰਾਂ ਦੀ ਗੱਲ ਕਰੀਏ ਤਾਂ ਸੁਰਿੰਦਰ ਸਰਤਾਜ ਨੇ 'ਬਲੈਕ ਪ੍ਰਿੰਸ' ਵਿਚ ਬੜਾ ਹੀ ਨਿਰਾਸ ਕੀਤਾ ਸੀ। ਪਰ ਇਸ ਫਿਲਮ ਇੱਕ ਬੁੱਤ-ਤਰਾਸ਼ ਨੌਜਵਾਨ ਦਾ ਰੋਲ ਬੜਾ ਵਧੀਆ ਨਿਭਾਇਆ ਹੈ। ਆਪਣੇ ਕਿਰਦਾਰ ਲਈ ਲਗਦਾ ਹੈ ਉਸਨੇ ਕਾਫੀ ਮੇਹਨਤ ਕੀਤੀ ਹੈ। ਅਦਿੱਤੀ ਸ਼ਰਮਾ ਕੋਲ ਅਦਾਕਾਰੀ ਦਾ ਕਈ ਸਾਲਾਂ ਦਾ ਤਜਰਬਾ ਹੈ, ਤੇ ਉਸ ਨੇ ਆਪਣੇ ਕਿਰਦਾਰ ਵਿਚ ਪੂਰੀ ਜਾਨ ਪਾਈ ਰੱਖੀ। ਸਰਦਾਰ ਸੋਹੀ ਮੱਧਵਰਗੀ ਪਰਿਵਾਰ ਦੇ ਹੀਰੋ ਦੇ ਬਾਪ ਦੇ ਰੂਪ ਵਿਚ ਬੜਾ ਸੁਭਾਵਕ ਲਗਦਾ ਹੈ ਤੇ ਬਲਵਿੰਦਰ ਬੇਗੋਵਾਲ ਵੀ ਸਿੱਧੀ ਜਿਹੀ ਮਾਂ ਦੇ ਕਿਰਦਾਰ ਵਿਚ ਪੂਰੀ ਜਚਦੀ ਹੈ। ਸਰਤਾਜ ਦੇ ਵੱਡੇ ਭਰਾ ਦੇ ਰੂਪ ਵਿਚ ਨਵਦੀਪ ਕਲੇਰ ਅਤੇ ਭਰਜਾਈ ਦੇ ਰੂਪ ਵਿਚ ਰਾਜ ਧਾਲੀਵਾਲ ਵੀ ਠੀਕ ਰਹੇ। ਮਹਾਵੀਰ ਭੁੱਲਰ ਇੱਕ ਬਾਬੇ ਦੇ ਵੱਖਰੇ ਜਿਹੇ ਅੰਦਾਜ਼ ਵਿਚ ਚੰਗਾ ਲੱਗਿਆ।

ਰਵੀ ਕੁਮਾਰ ਸਾਨਾ ਦੀ ਫੋਟੋਗਰਾਫੀ ਦਿਲਕਸ਼ ਹੈ। ਕੁਲ ਮਿਲਾ ਕੇ ਫਿਲਮ ਵਿਚ ਲਗਭਗ ਸਭ ਕੁਝ ਵਧੀਆ ਹੈ। ਗੀਤ ਸੰਗੀਤ ਵਿਚ ਮਿਠਾਸ ਹੈ, ਐਕਟਰਾਂ ਦਾ ਕੰਮ ਵਧੀਆ ਹੈ, ਫਿਲਮ ਦਾ ਵਿਸ਼ਾ ਕਮਾਲ ਦਾ ਹੈ, ਗਾਹਲਾਂ ਨਹੀਂ ਹਨ, ਖੂਨ ਖਰਾਬਾ ਨਹੀਂ ਹੈ, ਅਸ਼ਲੀਲਤਾ ਨਹੀਂ ਹੈ, ਇੱਕੋ ਕਮੀ ਰਹਿ ਗਈ ਕਿ ਇੰਟਰਵਲ ਤੋਂ ਬਾਅਦ ਸਕ੍ਰਿਪਟ ਝੋਲ ਖਾ ਜਾਂਦਾ ਹੈ।

ਪੰਕਜ ਵਰਮਾ ਦੀ ਬਤੌਰ ਡਾਇਰੈਕਟਰ ਪਹਿਲੀ ਫਿਲਮ ਹੈ, ਉਸਦਾ ਫਰੇਮ-ਵਰਕ ਤੇ ਹੈਂਡਲਿੰਗ ਕਾਬਿਲ-ਏ-ਤਾਰੀਫ ਹੈ। ਬੱਸ, ਸਕ੍ਰਿਪਟ ਤੇ ਹੋਰ ਮੇਹਨਤ ਦੀ ਲੋੜ ਸੀ। ਸਤਿੰਦਰ ਸਰਤਾਜ ਫਿਲਮ ਦਾ ਨਿਰਮਾਤਾ ਵੀ ਹੈ ਤੇ ਉਸ ਨੇ ਗਾਇਕੀ ਵਾਲੀ ਆਪਣੀ ਇਮੇਜ ਨੂੰ ਫਿਲਮ ਵਿਚ ਵੀ ਬਰਕਰਾਰ ਰੱਖਿਆ ਹੈ।

**-ਇਕਬਾਲ ਸਿੰਘ ਚਾਨਾ**

# ਪੰਜਾਬੀ ਸਿਨੇਮਾ 'ਚ ਸ.ਫਲਤਾ ਦੇ ਝੰਡੇ ਗੱਡੇ ਪੰਜਾਬਣਾਂ ਨੇ

**- ਏ ਟੀ ਨਿਊਜ਼ ਫੀਚਰਜ਼**

ਪੰਜਾਬੀ ਸਿਨੇਮਾ ਵਿੱਚ ਅਭਿਨੇਤਰੀਆਂ ਮਜ਼ਬੂਤ ਕਿਰਦਾਰਾਂ ਨਾਲ ਦਰਸ਼ਕਾਂ ਨੂੰ ਮੋਹਿਤ ਕਰ ਰਹੀਆਂ ਹਨ। ਇਨਾਂ ਪੰਜਾਬੀ ਮੁਟਿਆਰਾਂ ਨੇ ਸਿਰਫ਼ ਪੌਲੀਵੁੱਡ ਹੀ ਨਹੀਂ ਬਲਕਿ ਬੌਲੀਵੁੱਡ ਦੇ ਨਾਲ-ਨਾਲ ਦੱਖਣ ਭਾਰਤੀ ਸਿਨੇਮਾ ਵਿੱਚ ਵੀ ਵੱਡੀਆਂ ਮੱਲਾਂ ਮਾਰੀਆਂ ਹਨ।

ਦਿੱਲੀ ਦੇ ਪੰਜਾਬੀ ਪਰਿਵਾਰ ਵਿੱਚ ਜੰਮੀ-ਪਲੀ ਤਾਪਸੀ ਪੰਨੂ ਨੂੰ ਬੌਲੀਵੁੱਡ ਵਿੱਚ ਲੀਕ ਤੋਂ ਹੱਟਵੀਆਂ ਫ਼ਿਲਮਾਂ ਕਰਨ ਲਈ ਜਾਣਿਆ ਜਾਂਦਾ ਹੈ। ਤੇਲਗੂ ਸਿਨੇਮਾ ਤੋਂ ਆਪਣੇ ਕਰੀਅਰ ਦੀ ਸ਼ੁਰੂਆਤ ਕਰਨ ਵਾਲੀ ਤਾਪਸੀ ਨੇ ਫਿਰ ਪਿੱਛੇ ਮੁੜ ਕੇ ਨਹੀਂ ਦੇਖਿਆ। ਉਸ ਨੇ ਤਾਮਿਲ ਤੇ ਮਲਿਆਲਮ ਫ਼ਿਲਮਾਂ ਵਿੱਚ ਵੀ ਸ਼ਾਨਦਾਰ ਅਭਿਨੈ ਕੀਤਾ ਹੈ। ਹਾਲਾਂਕਿ ਉਸ ਨੇ ਅਜੇ ਤੱਕ ਕਿਸੇ ਪੰਜਾਬੀ ਫ਼ਿਲਮ ਵਿੱਚ ਕੰਮ ਨਹੀਂ ਕੀਤਾ। ਚੰਡੀਗੜ ਦੀ ਜੰਮਪਲ ਤੇ ਪੰਜਾਬ ਯੂਨੀਵਰਸਿਟੀ ਤੋਂ ਥੀਏਟਰ ਵਿਚ ਮਾਸਟਰ ਡਿਗਰੀ ਕਰਨ ਵਾਲੀ ਮਾਹੀ ਗਿੱਲ (ਅਸਲ ਨਾਂ ਰਿੰਪੀ ਕੌਰ ਗਿੱਲ) ਨੇ ਪੰਜਾਬੀ ਫ਼ਿਲਮ 'ਹਵਾਏਂ' ਤੋਂ ਸ਼ੁਰੂਆਤ ਕਰਕੇ ਬੌਲੀਵੁੱਡ ਵਿੱਚ ਆਪਣੀ ਮਜ਼ਬੂਤ ਜਗਾ ਬਣਾਈ ਹੈ। ਹਿੰਦੀ ਫ਼ਿਲਮ 'ਦੇਵ ਡੀ' ਵਿੱਚ ਨਿਭਾਏ ਕਿਰਦਾਰ ਪਾਰੋ ਕਾਰਨ ਉਸ ਨੂੰ ਬਿਹਤਰੀਨ ਅਭਿਨੇਤਰੀ ਦਾ ਫ਼ਿਲਮ ਫੇਅਰ ਐਵਾਰਡ ਵੀ ਮਿਲਿਆ। ਕੈਨੇਡਾ ਦੀ ਜੰਮਪਲ ਅਰਸ਼ਵੀਰ ਬਾਜਵਾ, ਜੋ ਅੱਜ ਨੀਰੂ ਬਾਜਵਾ ਦੇ ਨਾਂ ਨਾਲ ਸਮੁੱਚੀਆਂ ਪੰਜਾਬੀ ਅਭਿਨੇਤਰੀਆਂ ਵਿਚੋਂ ਸਭ ਤੋਂ ਸਫ਼ਲ ਅਭਿਨੇਤਰੀ ਵਜੋਂ ਜਾਣੀ ਜਾਂਦੀ ਹੈ, ਅਦਾਕਾਰੀ ਦੇ ਨਾਲ-ਨਾਲ ਨਿਰਦੇਸ਼ਨ ਤੇ ਫ਼ਿਲਮ ਨਿਰਮਾਣ ਵਿਚ ਵੀ ਹੱਥ ਅਜ਼ਮਾ ਚੁੱਕੀ ਹੈ। 'ਅਸਾਂ ਨੂੰ ਮਾਣ ਵਤਨਾਂ ਦਾ' ਫ਼ਿਲਮ ਤੋਂ ਉਸ ਨੇ 2004 ਵਿਚ ਫ਼ਿਲਮੀ ਕਰੀਅਰ ਸ਼ੁਰੂ ਕੀਤਾ। ਉਸ ਨੇ ਇਕ ਤੋਂ ਬਾਅਦ ਇਕ ਹਿੱਟ



ਫ਼ਿਲਮਾਂ- 'ਮੇਲ ਕਰਾਦੇ ਰੱਬਾ', 'ਜੀਹਨੇ ਮੇਰਾ ਦਿਲ ਲੁੱਟਿਆ', 'ਜੱਟ ਐਂਡ ਜੂਲੀਅਟ' ਤੇ 'ਚੰਨੋ' ਦਿੱਤੀਆਂ। ਉਹ ਪ੍ਰੋਡਕਸ਼ਨ ਕੰਪਨੀ 'ਨੀਰੂ ਬਾਜਵਾ ਐਂਟਰਟੇਨਮੈਂਟ' ਵੀ ਚਲਾ ਰਹੀ ਹੈ। ਚੰਡੀਗੜ ਨਾਲ ਸਬੰਧਤ ਸਰਗੁਣ ਮਹਿਤਾ ਨੂੰ ਬਿਹਤਰੀਨ ਅਦਾਕਾਰੀ ਲਈ ਚਾਰ ਵਾਰ ਪੀਟੀਸੀ ਫ਼ਿਲਮ ਐਵਾਰਡ ਅਤੇ ਦੋ ਵਾਰ ਫ਼ਿਲਮਫੇਅਰ ਐਵਾਰਡ (ਪੰਜਾਬੀ) ਨਾਲ ਨਿਵਾਜਿਆ ਜਾ ਚੁੱਕਾ ਹੈ। ਸਰਗੁਣ ਨੇ 2015 ਵਿਚ ਪੰਜਾਬੀ ਸਿਨੇਮਾ ਵੱਲ ਰੁਖ਼ ਕੀਤਾ ਅਤੇ ਉਸ ਦੀ ਪਹਿਲੀ ਹੀ ਫ਼ਿਲਮ 'ਅੰਗਰੇਜ਼' ਨੇ ਸਫ਼ਲਤਾ ਦੇ ਝੰਡੇ ਗੱਡ ਦਿੱਤੇ। ਇਸ ਤੋਂ ਬਾਅਦ ਰਿਲੀਜ਼ ਹੋਈਆਂ ਉਸ ਦੀਆਂ ਫ਼ਿਲਮਾਂ 'ਲਵ ਪੰਜਾਬ', 'ਜਿੰਦੂਆ', 'ਕਿਸਮਤ', 'ਕਾਲਾ ਸ਼ਾਹ ਕਾਲਾ', 'ਸੁਰਖੀ ਬਿੰਦੀ' ਨੇ ਅਪਾਰ ਸਫ਼ਲਤਾ ਹਾਸਲ ਕੀਤੀ। ਉਤਰਾਖੰਡ ਦੇ ਨੈਨੀਤਾਲ ਦੀ ਜੰਮਪਲ ਸੋਨਮ ਬਾਜਵਾ ਨੇ ਆਪਣੀ ਬਾਕਮਾਲ ਅਦਾਕਾਰੀ ਨਾਲ ਪੰਜਾਬੀਆਂ ਦਾ ਮਨ ਮੋਹ ਲਿਆ ਹੈ। ਉਸ ਨੇ ਸ਼ੁਰੂਆਤ ਮਾਡਲਿੰਗ ਤੋਂ ਕੀਤੀ ਅਤੇ ਬਾਅਦ ਵਿੱਚ ਤਾਮਿਲ ਤੇ ਤੇਲਗੂ ਫ਼ਿਲਮਾਂ ਵੱਲ ਰੁਖ਼ ਕੀਤਾ। ਪੌਲੀਵੁੱਡ ਵਿੱਚ ਉਸ ਨੇ 'ਬੈਸਟ ਆਫ ਲੱਕ' ਨਾਲ ਫ਼ਿਲਮੀ ਕਰੀਅਰ ਦੀ ਸ਼ੁਰੂਆਤ ਕੀਤੀ, ਪਰ ਉਸ ਦੀ ਪਛਾਣ ਦਿਲਜੀਤ ਦੋਸਾਂਝ ਨਾਲ ਆਈ ਫ਼ਿਲਮ 'ਪੰਜਾਬ 1984' ਤੋਂ ਬਣੀ। ਇੰਗਲੈਂਡ ਦੀ ਜੰਮਪਲ ਮਨਦੀਪ ਕੌਰ ਨੇ ਪੌਲੀਵੁੱਡ ਵਿਚ 'ਮੈਂਡੀ ਤੱਖੜ' ਵਜੋਂ ਪ੍ਰਵੇਸ਼ ਕੀਤਾ। ਪਹਿਲੀ ਵਾਰ ਉਹ ਬੱਬੂ ਮਾਨ ਨਾਲ ਫ਼ਿਲਮ 'ਏਕਮ-ਸਨ ਆਫ ਸੌਇਲ' ਵਿਚ ਨਜ਼ਰ ਆਈ। ਇਸ ਤੋਂ ਬਾਅਦ ਉਹ ਲਗਾਤਾਰ ਪੰਜਾਬੀ ਫ਼ਿਲਮਾਂ



ਵਿਚ ਨਜ਼ਰ ਆ ਰਹੀ। ਇਸੇ ਤਰਾਂ ਮੁਹਾਲੀ ਦੇ ਪੰਜਾਬੀ ਪਰਿਵਾਰ ਵਿਚ ਪੈਦਾ ਹੋਈ ਵਾਮਿਕਾ ਗੱਬੀ ਬੌਲੀਵੁੱਡ,



ਪੌਲੀਵੁੱਡ ਅਤੇ ਦੱਖਣ ਭਾਰਤੀ ਸਿਨੇਮਾ ਵਿਚ ਸਰਗਰਮ ਹੈ। ਸੁਰਵੀਨ ਚਾਵਲਾ ਪੰਜਾਬੀ ਫ਼ਿਲਮ ਇੰਡਸਟਰੀ ਦਾ ਇਕ ਹੋਰ ਨਾਂ ਹੈ ਜੋ ਪੰਜਾਬੀ ਦੇ ਨਾਲ-ਨਾਲ ਹਿੰਦੀ ਤੇ ਦੱਖਣ ਭਾਰਤੀ ਸਿਨੇਮਾ ਵਿਚ ਸਰਗਰਮ ਹੈ।

ਪੰਜਾਬੀ ਕੁੜੀਆਂ ਨੇ ਤੇਲਗੂ, ਕੰਨੜ, ਮਲਿਆਲਮ ਅਤੇ ਤਮਿਲ ਫ਼ਿਲਮਾਂ ਵਿਚ ਚੰਗਾ ਨਾਂ ਕਮਾਇਆ ਹੈ। ਤਾਪਸੀ ਪਨੂੰ ਨੇ ਅਦਾਕਾਰੀ ਦੀ ਸ਼ੁਰੂਆਤ ਤੇਲਗੂ ਫ਼ਿਲਮ 'ਅਦੂਕਾਲਮ' ਤੋਂ ਕੀਤੀ। ਸੁਰਵੀਨ ਚਾਵਲਾ ਦੀ ਪਹਿਲੀ ਫ਼ਿਲਮ ਕੰਨੜ ਭਾਸ਼ਾ ਦੀ ਸੀ। ਸੋਨਮ ਬਾਜਵਾ ਨੇ ਵੀ ਤਾਮਿਲ ਤੇ ਤੇਲਗੂ ਫ਼ਿਲਮਾਂ ਕੀਤੀਆਂ। ਅੰਮ੍ਰਿਤਸਰ ਦੇ ਪਿਛੋਕੜ ਵਾਲੀ ਕਾਜਲ ਅਗਰਵਾਲ ਦੱਖਣ ਭਾਰਤੀ ਸਿਨੇਮਾ ਦਾ ਪ੍ਰਸਿੱਧ ਨਾਂ ਹੈ। ਵਾਮਿਕਾ ਗੱਬੀ ਨੇ ਕਈ ਮਲਿਆਲਮ, ਤੇਲਗੂ ਅਤੇ ਤਮਿਲ ਫ਼ਿਲਮਾਂ ਵਿਚ ਆਪਣੀ ਅਦਾਕਾਰੀ ਰਾਹੀਂ ਗਹਿਰੀ ਛਾਪ ਛੱਡੀ ਹੈ। ਪ੍ਰਾਚੀ ਟਹਿਲਾਨ ਨੇ ਤਮਿਲ ਤੇ ਤੇਲਗੂ ਫ਼ਿਲਮਾਂ ਕੀਤੀਆਂ ਹਨ। ਸੋਨੀਆ ਮਾਨ ਨੇ ਵੀ ਤੇਲਗੂ ਤੇ ਮਲਿਆਲਮ ਫ਼ਿਲਮਾਂ ਵਿਚ ਅਦਾਕਾਰੀ ਕੀਤੀ ਹੈ।


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE +1-718-752-9293 | CALL TO SUBSCRIBE +1-800-246-6242
www.jusbroadcasting.com




# 22




## GET FLAT 22 CENTS DISCOUNT AT

TA TravelCenters of America

PETRO Stopping Centers®

## We also offer Line of Credit for Fuel Card

*Additional Services with our Fuel Card*

- ✓ National Tire Program
- ✓ PM & Light Mechanical
- ✓ 24 Hour Dedicated Repair Service

TRANS-ALLIANCE TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com


SHER®
BESAN
YEHI TO PURE HAI
SOURCE OF FIBER / SOURCE DE FIBRE
NO ADDITIVE / AUCUN ADDITIF
ZERO CHOLESTEROL / ZERO CHOLESTÉROL
NO TRANS FATTY ACIDS / AUCUN ACIDE GRAS TRANS
SHER®
BESAN
CHANA FLOUR
SUPER FINE
बेसन • ਵੇਸਣ • ચણાનો લોટ • بیسن •
• FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
SHER BESAN SUPER FINE
SHER BESAN SUPER FINE
www.sherbrarmills.com